@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 4 April 2026

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਸ਼ਨੀਵਾਰ 4 ਅਪ੍ਰੈਲ 2026, 19 ਚੈਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 149, qpatrika@gmail.com ਫੋਨ : 9971359517 www.qaumipatrika.org

## ਮਹਿਬੂਬਾ ਮੁਫ਼ਤੀ ਨੇ ਗਾਂਦਰਬਲ ਐਨਕਾਊਂਟਰ ਨੂੰ ਕਿਹਾ- ਮਾਰੇ ਗਏ ਨੌਜਵਾਨ ਨੂੰ ਦੱਸਿਆ ਸਮਾਜ ਸੇਵੀ

ਸ਼੍ਰੀਨਗਰ 3 ਅਪ੍ਰੈਲ। ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਦੀ ਮੁਖੀ ਮਹਿਬੂਬਾ ਮੁਫ਼ਤੀ ਨੇ ਦਾਅਵਾ ਕੀਤਾ ਕਿ ਜੰਮੂ ਕਸ਼ਮੀਰ ਦੇ ਗਾਂਦਰਬਲ ਜ਼ਿਲ੍ਹੇ 'ਚ ਹਾਲ ਹੀ 'ਚ ਹੋਏ ਮੁਕਾਬਲੇ ਦੇ 'ਫਰਜ਼ੀ' ਹੋਣ ਦੇ ਦੋਸ਼ ਲਗਾਏ ਜਾ ਰਹੇ ਹਨ। ਫ਼ੌਜ ਨੇ ਬੁੱਧਵਾਰ ਨੂੰ ਦੱਸਿਆ ਸੀ ਕਿ ਜ਼ਿਲ੍ਹੇ ਦੇ ਲਾਰ ਇਲਾਕੇ ਦਾ ਰਹਿਣ ਵਾਲਾ ਰਾਸ਼ਿਦ ਅਹਿਮਦ ਮੁਗਲ ਨਾਮੀ ਸਥਾਨਕ ਅੱਤਵਾਦੀ ਅਰਹਾਮਾ ਇਲਾਕੇ 'ਚ ਰਾਤ ਭਰ ਹੋਏ ਮੁਕਾਬਲੇ 'ਚ ਮਾਰਿਆ ਗਿਆ। ਮਹਿਬੂਬਾ ਮੁਫ਼ਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ,"ਅਰਹਾਮਾ 'ਚ ਇਕ ਮੁਕਾਬਲਾ ਹੋਇਆ, ਜਿਸ 'ਚ 29 ਸਾਲਾ ਸਥਾਨਕ ਨੌਜਵਾਨ ਰਾਸ਼ਿਦ ਮੁਗਲ ਮਾਰਿਆ ਗਿਆ। ਦੋਸ਼ ਹੈ ਕਿ ਇਹ ਫਰਜ਼ੀ ਮੁਕਾਬਲਾ ਸੀ। ਪਹਿਲੇ ਫ਼ੌਜ ਨੇ ਉਸ ਨੂੰ ਵਿਦੇਸ਼ੀ ਅੱਤਵਾਦੀ ਦੱਸਿਆ, ਫਿਰ ਕਿਹਾ ਕਿ ਉਹ ਸਥਾਨਕ ਹੈ ਅਤੇ ਅੱਤਵਾਦ ਨਾਲ ਜੁੜਿਆ ਹੋਇਆ ਹੈ।" ਉਨ੍ਹਾਂ ਨੇ ਇਹ ਦਾਅਵਾ ਵੀ ਕੀਤਾ ਕਿ ਰਾਸ਼ਿਦ ਅਨਾਥ ਸੀ ਅਤੇ ਇਕ ਐੱਨਜੀਓ ਚਲਾਉਂਦਾ ਸੀ। ਸਾਬਕਾ ਮੁੱਖ ਮੰਤਰੀ ਨੇ ਕਿਹਾ,"ਉਸ ਦੀ ਲਾਸ਼ ਵੀ ਪਰਿਵਾਰ ਨੂੰ ਨਹੀਂ ਸੌਂਪੀ ਗਈ... ਉਸ ਨੂੰ ਬਾਰਾਮੂਲਾ 'ਚ ਦਫਨਾਇਆ ਗਿਆ। ਸਾਡੇ ਨੌਜਵਾਨਾਂ ਨਾਲ ਇਹੀ ਹੋ ਰਿਹਾ ਹੈ।" ਮਹਿਬੂਬਾ ਨੇ ਨੌਜਵਾਨਾਂ ਨੂੰ ਰਾਜਨੀਤੀ 'ਚ ਆਉਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਨੈਸ਼ਨਲ ਕਾਨਫਰੰਸ ਦੇ ਨੇਤਾ ਮੁਨੀਬ ਦੇਵਾ ਦਾ ਪੀਡੀਪੀ 'ਚ ਸ਼ਾਮਲ ਹੋਣਾ 'ਚੰਗਾ ਸੰਕੇਤ' ਹੈ। ਉਨ੍ਹਾਂ ਕਿਹਾ,"ਨੌਜਵਾਨਾਂ ਨੂੰ ਅੱਗੇ ਆਉਣਾ ਚਾਹੀਦਾ, ਕਿਉਂਕਿ ਸਭ ਤੋਂ ਜ਼ਿਆਦਾ ਮੁਸ਼ਕਲਾਂ ਉਹੀ ਝੱਲ ਰਹੇ ਹਨ। ਉਨ੍ਹਾਂ ਨੂੰ ਮੁੱਖ ਧਾਰਾ ਦੀ ਰਾਜਨੀਤੀ 'ਚ ਆ ਕੇ ਨਗਰਪਾਲਿਕਾ, ਪੰਚਾਇਤ ਜਾਂ ਵਿਧਾਨ ਸਭਾ ਚੋਣਾਂ ਰਾਹੀਂ ਆਪਣੀ ਜਗ?ਹਾ ਬਣਾਉਣੀ ਚਾਹੀਦੀ ਹੈ। ਜੇਕਰ ਜ਼ਿਆਦਾ ਨੌਜਵਾਨ ਪੀਡੀਪੀ ਨਾਲ ਜੁੜਨਗੇ ਤਾਂ ਲੋਕਾਂ ਦੀ ਆਵਾਜ਼ ਹੋਰ ਮਜ਼ਬੂਤ ਹੋਵੇਗੀ।"

# ਡਿਜੀਟਲ ਗਵਰਨੈਂਸ, ਹੁਨਰ ਵਿਕਾਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਪੰਜਾਬ ਦੇ ਭਵਿੱਖ ਨੂੰ ਬਦਲ ਰਹੀ ਹੈ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ, 3 ਅਪ੍ਰੈਲ: ਆਮ ਆਦਮੀ ਪਾਰਟੀ (ਆਪ) ਸਰਕਾਰ ਦੀ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਲੜੀ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੱਖ ਖੇਤਰਾਂ ਵਿੱਚ ਆਪ ਸਰਕਾਰ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਉਂਦਾ ਆਪਣੀ ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਇਸ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਕੇਂਦ੍ਰਿਤ ਸ਼ਾਸਨ ਵੱਲ ਇੱਕ ਨਿਰਣਾਇਕ ਤਬਦੀਲੀ ਵਜੋਂ ਦਰਸਾਇਆ। ਸਰਕਾਰੀ ਖੇਤਰ 'ਚ ਰੋਜ਼ਗਾਰ ਅਤੇ ਸ਼ਾਸਨ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕਰਦਿਆਂ ਭਗਵੰਤ ਮਾਨ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੀਆਂ ਗਲਤੀਆਂ ਦੀ ਭਰਪਾਈ ਕਰਦਿਆਂ ਨੌਜਵਾਨਾਂ ਨੂੰ ਉਮਰ ਹੱਦ ਵਿੱਚ 5 ਸਾਲ ਦੀ ਛੋਟ ਦਿੰਦਿਆਂ ਸਿਰਫ਼ ਚਾਰ ਸਾਲਾਂ ਵਿੱਚ ਰਿਕਾਰਡ 65,264 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ, ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਦਿੱਤੀਆਂ ਗਈਆਂ ਹੁਣ ਤੱਕ ਦੀਆਂ ਸਭ ਤੋਂ ਵੱਧ ਨੌਕਰੀਆਂ ਹਨ। ਸਿੱਖਿਆ, ਪੁਲਿਸ, ਬਿਜਲੀ, ਸਿਹਤ ਅਤੇ ਸਥਾਨਕ ਸੰਸਥਾਵਾਂ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਪਾਰਦਰਸ਼ੀ ਭਰਤੀ ਦੇ ਨਾਲ ਭਗਵੰਤ ਮਾਨ ਸਰਕਾਰ ਨੇ ਖੁਦ ਨੂੰ ਪੱਖਪਾਤ ਦੀਆਂ ਪੁਰਾਣੀਆਂ ਪ੍ਰਥਾਵਾਂ ਤੋਂ ਪੂਰੀ ਤਰ੍ਹਾਂ ਦੂਰ ਰੱਖਿਆ ਹੈ ਅਤੇ ਹੁਣ ਆਮ ਨਾਗਰਿਕਾਂ ਨੂੰ ਰਿਸ਼ਵਤ ਜਾਂ ਸਿਫ਼ਾਰਸ਼ਾਂ ਤੋਂ ਬਿਨਾਂ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸੇਵਾ ਕੇਂਦਰਾਂ 'ਤੇ ਮਹੀਨਾ ਆਧਾਰ 'ਤੇ 30 ਲੱਖ ਨਾਗਰਿਕਾਂ ਦੀ ਪਹੁੰਚ ਅਤੇ 8.20 ਕਰੋੜ ਤੋਂ ਵੱਧ ਸੇਵਾਵਾਂ ਦੀ ਡਲਿਵਰੀ ਦੇ ਨਾਲ ਡਿਜੀਟਲ ਪੰਜਾਬ ਵੱਲ ਤੇਜ਼ੀ ਨਾਲ ਕਦਮ ਵਧਾਉਣ ਪਾਰਦਰਸ਼ੀ ਪ੍ਰਸ਼ਾਸਨ, ਹੁਨਰ ਵਿਕਾਸ ਅਤੇ ਪ੍ਰਣਾਲੀਗਤ ਸੁਧਾਰਾਂ ਵੱਲ ਵਿਆਪਕ ਸੁਧਾਰਾਂ ਨੂੰ ਦਰਸਾਉਂਦਾ ਹੈ, ਜਿਸਦਾ ਉਦੇਸ਼ ਪੰਜਾਬ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣਾ ਹੈ। ਵੱਖ-ਵੱਖ ਵਿਭਾਗਾਂ ਦੇ ਰਿਪੋਰਟ ਕਾਰਡ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਇੱਕ ਨਵੇਂ ਡਿਜੀਟਲ ਹੱਬ ਵਜੋਂ ਉਭਰ ਰਿਹਾ ਹੈ, ਜਿਸ ਨੇ ਆਪਣੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਂਦਿਆਂ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਅਤੇ ਮੌਕਿਆਂ ਦੇ ਨਵੇਂ ਰਾਹ ਖੋਲ੍ਹੇ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਚਾਰ ਸਾਲਾਂ ਵਿੱਚ 65,264 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵਿੱਚ 16,308 ਨੌਕਰੀਆਂ, ਪੰਜਾਬ ਪੁਲਿਸ ਵਿੱਚ 12,966 ਨੌਕਰੀਆਂ, ਬਿਜਲੀ ਵਿਭਾਗ ਵਿੱਚ 8,765 ਨੌਕਰੀਆਂ, ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਵਿੱਚ 16,320 ਅਤੇ ਸਥਾਨਕ ਸਰਕਾਰਾਂ ਵਿਭਾਗ ਵਿੱਚ 5771 ਲੋਕਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਸੂਬੇ 'ਚੋਂ ਵਿਦੇਸ਼ਾਂ ਵੱਲ ਨੌਜਵਾਨਾਂ ਦੀ ਹਿਜਰਤ ਦੇ ਰੁਝਨ ਨੂੰ ਠੱਲ੍ਹ ਪਈ ਹੈ ਅਤੇ ਪੰਜਾਬ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਦੇ ਨੌਜਵਾਨਾਂ ਨੂੰ ਇਨ੍ਹਾਂ ਨੌਕਰੀਆਂ ਦਾ ਲਾਭ ਹੋਇਆ ਹੈ। ਭਰਤੀ ਵਿੱਚ ਪਾਰਦਰਸ਼ਤਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਪੱਖਪਾਤ ਦੇ ਨਿਰੋਲ




ਮੈਰਿਟ ਅਤੇ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਕੋਈ ਪੇਪਰ ਲੀਕ ਨਹੀਂ ਹੋਇਆ ਅਤੇ ਨਾ ਹੀ ਕਿਸੇ ਭਰਤੀ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਕਈ ਉਮੀਦਵਾਰਾਂ ਨੂੰ ਤਾਂ ਵੱਖ-ਵੱਖ ਵਿਭਾਗਾਂ ਵਿੱਚ ਕਈ-ਕਈ ਵਾਰ ਨੌਕਰੀਆਂ ਵੀ ਮਿਲੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਇਹ ਨੌਕਰੀਆਂ ਲੈਣ ਲਈ ਵਿਦੇਸ਼ਾਂ ਤੋਂ ਪਰਤ ਕੇ ਵਾਪਸ ਆਏ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਅਦਾਲਤਾਂ ਵਿੱਚ ਚੁਣੌਤੀ ਦੇ ਚਲਦਿਆਂ ਭਰਤੀ ਪ੍ਰਕਿਰਿਆਵਾਂ ਵਿੱਚ ਦੇਰੀ ਹੋਣ ਆਮ ਗੱਲ ਸੀ, ਜਿਸ ਦੇ ਚਲਦਿਆਂ ਅਕਸਰ ਕਈ ਉਮੀਦਵਾਰ ਦੀ ਉਮਰ ਨਿਰਧਾਰਤ ਸੀਮਾ ਤੋਂ ਪਾਰ ਲੰਘ ਜਾਂਦੀ ਸੀ। ਉਨ੍ਹਾਂ ਕਿਹਾ ਕਿ ਹੁਣ ਨੌਜਵਾਨ ਆਈਲੈਟਸ ਸੈਂਟਰਾਂ ਵਿੱਚ ਜਾਣ ਦੀ ਬਜਾਏ ਸਰਕਾਰੀ ਨੌਕਰੀਆਂ ਲਈ ਤਿਆਰੀ ਕਰਨ ਨੂੰ ਤਰਜੀਹ ਦੇ ਰਹੇ ਹਨ। ਮੌਜੂਦਾ ਗਵਰਨੈਂਸ ਮਾਡਲ ਦੀ ਪਿਛਲੀਆਂ ਸਰਕਾਰਾਂ ਨਾਲ ਤੁਲਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਮ ਲੋਕਾਂ ਦੀ ਬਜਾਏ ਆਪਣੇ ਹੀ ਪਰਿਵਾਰਾਂ ਦਾ ਪੱਖ ਪੂਰਿਆ ਪਰ ਸੂਬਾ ਸਰਕਾਰ ਨੇ ਸਭ ਦੀ ਭਲਾਈ ਲਈ ਕੰਮ ਕੀਤਾ ਹੈ ਜਿਸ ਦੇ ਚਲਦਿਆਂ ਪ੍ਰਾਈਵੇਟ ਕੰਪਨੀਆਂ ਵਿੱਚ ਵੀ ਸੱਤ ਲੱਖ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ। ਉਨ੍ਹਾਂ ਅੱਗੇ ਕਿਹਾ ਕਿ ਹੁਨਰ ਵਿਕਾਸ ਮਿਸ਼ਨ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣਾ ਵਿੱਚ ਪੰਜ ਬਹੁ-ਹੁਨਰ ਵਿਕਾਸ ਕੇਂਦਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੇਂਦਰਾਂ ਵਿੱਚ ਹੁਣ ਤੱਕ 1.25 ਲੱਖ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 73,250 ਨੂੰ ਰੋਜ਼ਗਾਰ ਵੀ ਮਿਲ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਮਾਈਕਰੋਸਾਫਟ ਅਤੇ ਆਈਬੀਐਮ ਵਰਗੀਆਂ ਕੰਪਨੀਆਂ ਨਾਲ ਏਆਈ, ਸਾਈਬਰ ਸੁਰੱਖਿਆ ਅਤੇ ਕਲਾਉਡ ਤਕਨਾਲੋਜੀ ਵਿੱਚ ਸਿਖਲਾਈ ਲਈ ਐਮ.ਓ.ਯੂ. ਸਾਈਨ ਕੀਤੇ ਗਏ ਹਨ। Contd...........page-3

## ਸੰਸਦ ਨੇ ਪਾਸ ਕੀਤਾ 'ਜਨ ਵਿਸ਼ਵਾਸ' ਬਿੱਲ, ਛੋਟੇ ਅਪਰਾਧਾਂ 'ਚ ਰਾਹਤ ਤੇ ਵਪਾਰ 'ਚ ਮਿਲੇਗੀ ਸੌਖ

ਨਵੀਂ ਦਿੱਲੀ 3 ਅਪ੍ਰੈਲ। ਸੰਸਦ ਨੇ 'ਜਨ ਵਿਸ਼ਵਾਸ (ਉਪਬੰਧਾਂ ਦਾ ਸੋਧ) ਬਿੱਲ, 2026' ਨੂੰ ਪਾਸ ਕਰ ਦਿੱਤਾ ਹੈ। ਇਸ ਕਾਨੂੰਨ ਦੇ ਤਹਿਤ ਛੋਟੇ-ਮੋਟੇ ਅਪਰਾਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕੀਤਾ ਜਾਵੇਗਾ ਅਤੇ 79 ਕੇਂਦਰੀ ਕਾਨੂੰਨਾਂ ਦੇ 784 ਪ੍ਰਬੰਧਾਂ 'ਚ ਬਦਲਾਅ ਕੀਤਾ ਜਾਵੇਗਾ। ਵਣਜ ਤੇ ਉਦਯੋਗ ਮੰਤਰੀ ਪੀਊਸ਼ ਗੋਇਲ ਨੇ ਦੱਸਿਆ ਕਿ ਇਸ ਬਿੱਲ ਦਾ ਮਕਸਦ ਦੇਸ਼ 'ਚ ਭਰੋਸੇ ਦਾ ਸੱਭਿਆਚਾਰ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵਾਸ ਦਾ ਸੱਭਿਆਚਾਰ ਡਰ 'ਤੇ ਨਹੀਂ, ਸਗੋਂ ਵਿਸ਼ਵਾਸ 'ਤੇ ਆਧਾਰਿਤ ਹੋਵੇਗਾ। ਇਹ ਕਾਨੂੰਨ ਲੋਕਾਂ ਨੂੰ ਸੁਧਾਰ ਦਾ ਮੌਕਾ ਦੇਵੇਗਾ। ਪਹਿਲਾਂ ਚਿਤਾਵਨੀ, ਫਿਰ ਦੰਡ ਅਤੇ ਗੰਭੀਰ ਗਲਤੀ 'ਤੇ ਅਦਾਲਤ ਦਾ ਸਾਹਮਣਾ, ਇਸ ਤਰ੍ਹਾਂ ਪੜਾਅਵਾਰ ਕਾਰਵਾਈ ਹੋਵੇਗੀ। ਗੋਇਲ ਨੇ ਕਿਹਾ ਕਿ ਬਿੱਲ ਨਾਲ ਲਗਭਗ 1,000 ਪ੍ਰਬੰਧ ਸੌਖੇ ਬਣਾਏ ਜਾਣਗੇ ਅਤੇ ਆਮ ਲੋਕਾਂ ਤੇ ਛੋਟੇ ਉੱਦਮੀਆਂ ਨੂੰ ਰਾਹਤ ਮਿਲੇਗੀ। ਇਸ 'ਚ ਜੁਰਮਾਨੇ ਅਤੇ ਕੈਦ ਨੂੰ ਘੱਟ ਕਰਨ ਜਾਂ ਹਟਾਉਣ ਦੇ ਪ੍ਰਬੰਧ ਹਨ। ਇਸ ਤੋਂ ਇਲਾਵਾ, ਮੋਟਰ ਵਾਹਨ ਐਕਟ, ਦਿੱਲੀ ਨਗਰ ਨਿਗਮ ਐਕਟ ਅਤੇ ਡਰੱਗਜ਼ ਐਂਡ ਕਾਸਮੈਟਿਕਸ ਐਕਟ 'ਚ ਵੀ ਜ਼ਰੂਰੀ ਸੋਧਾਂ ਸ਼ਾਮਲ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਟਾਰਟਅੱਪਸ ਅਤੇ ਛੋਟੇ ਵਪਾਰੀਆਂ ਨੂੰ ਭਵਿੱਖ 'ਚ ਗਲਤੀ ਸੁਧਾਰਨ ਦਾ ਮੌਕਾ ਮਿਲੇਗਾ, ਜਿਸ ਨਾਲ ਦੇਸ਼ 'ਚ ਨਿਵੇਸ਼ ਅਤੇ ਕਾਰੋਬਾਰ ਦਾ ਮਾਹੌਲ ਹੋਰ ਬਿਹਤਰ ਹੋਵੇਗਾ। ਬਿੱਲ 'ਤੇ ਰਾਜ ਸਭਾ 'ਚ ਵਿਸਥਾਰ ਨਾਲ ਚਰਚਾ ਤੋਂ ਬਾਅਦ ਇਸ ਨੂੰ ਜ਼ੁਬਾਨੀ ਵੋਟਾਂ ਨਾਲ ਪਾਸ ਕੀਤਾ ਗਿਆ। ਇਸ ਤੋਂ ਪਹਿਲਾਂ ਲੋਕ ਸਭਾ 'ਚ ਵੀ ਇਹ ਬਿੱਲ ਮਨਜ਼ੂਰੀ ਪਾ ਚੁੱਕਾ ਸੀ।

## ਗੈਸ ਸਿਲੰਡਰਾਂ ਦੀ ਕਾਲਾਬਾਜ਼ਾਰੀ 'ਤੇ ਵੱਡਾ ਐਕਸ਼ਨ

ਹੈਦਰਾਬਾਦ 3 ਅਪ੍ਰੈਲ। ਤੇਲੰਗਾਨਾ ਦੇ ਨਾਗਰਿਕ ਸਪਲਾਈ ਵਿਭਾਗ ਨੇ ਗੈਰ-ਕਾਨੂੰਨੀ ਢੰਗ ਨਾਲ ਜਮ?ਹਾ ਕੀਤੇ ਗਏ ਰਸੋਈ ਗੈਸ ਸਿਲੰਡਰਾਂ ਵਿਰੁੱਧ ਵੱਡੀ ਕਾਰਵਾਈ ਕੀਤੀ ਹੈ। ਵਿਭਾਗ ਨੇ 12 ਮਾਰਚ ਤੋਂ ਹੁਣ ਤੱਕ ਚਲਾਈ ਗਈ ਵਿਸ਼ੇਸ਼ ਮੁਹਿੰਮ ਦੌਰਾਨ ਲਗਭਗ 3,700 ਘਰੇਲੂ LPG ਸਿਲੰਡਰ ਜ਼ਬਤ ਕੀਤੇ ਹਨ। ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਰਸੋਈ ਗੈਸ ਦੀ ਦੁਰਵਰਤੋਂ ਅਤੇ ਕਾਲਾਬਾਜ਼ਾਰੀ ਨੂੰ ਰੋਕਣ ਲਈ ਕੀਤੇ ਜਾ ਰਹੇ ਯਤਨਾਂ ਦਾ ਹਿੱਸਾ ਹੈ। ਬਰਾਮਦਗੀ ਵਿਭਾਗ ਦੇ ਕਮਿਸ਼ਨਰ ਐਮ. ਸਟੀਫਨ ਰਵੀਂਦਰ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਸਿਰਫ਼ ਵੱਡੇ ਹੀ ਨਹੀਂ, ਸਗੋਂ ਵੱਡੀ ਗਿਣਤੀ ਵਿੱਚ ਛੋਟੇ ਸਿਲੰਡਰ ਵੀ ਜ਼ਬਤ ਕੀਤੇ ਗਏ ਹਨ। ਉਨ੍ਹਾਂ ਨੇ ਮਾਰਚ ਮਹੀਨੇ ਵਿੱਚ ਹੀ ਚਿਤਾਵਨੀ ਦਿੱਤੀ ਸੀ ਕਿ ਸਿਲੰਡਰਾਂ ਦੀ ਜਮ?ਹਾਖੋਰੀ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਸਖ਼ਤੀ ਅਜਿਹੇ ਸਮੇਂ ਕੀਤੀ ਜਾ ਰਹੀ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਕਟ ਕਾਰਨ ਹੋਰਮੁਜ਼ ਜਲਡਮਰੂਮੱਧ ਰਾਹੀਂ ਹੋਣ ਵਾਲੀ ਊਰਜਾ ਸਪਲਾਈ ਪ੍ਰਭਾਵਿਤ ਹੋਈ ਹੈ। ਇਸ ਸਥਿਤੀ ਨੂੰ ਦੇਖਦੇ ਹੋਏ ਸਰਕਾਰ ਨੇ ਰਸੋਈ ਗੈਸ ਦੀ ਚੋਰੀ, ਅਣਅਧਿਕਾਰਤ ਭੰਡਾਰਨ ਜਾਂ ਨਾਜਾਇਜ਼ ਵਿਕਰੀ ਵਿੱਚ ਸ਼ਾਮਲ ਲੋਕਾਂ 'ਤੇ ਤਿੱਖੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਆਮ ਜਨਤਾ ਨੂੰ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ।

## 'ਕਿਸੇ ਦਾ ਨਹੀਂ ਰੁਕੇਗਾ ਇਲਾਜ, ਸਾਰਿਆਂ ਨੂੰ ਮਿਲੇਗਾ ਆਪਣਾ ਮਕਾਨ', .ਗਰੀਬਾਂ ਦੇ 'ਮਸੀਹਾ' ਬਣੇ ਮੁੱਖ ਮੰਤਰੀ ਯੋਗੀ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨੈਸ਼ਨਲ ਡੈਸਕ 3 ਅਪ੍ਰੈਲ। ਗੋਰਖਪੁਰ ਦੀ ਆਪਣੀ ਫੇਰੀ ਦੌਰਾਨ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀਰਵਾਰ ਸਵੇਰੇ ਗੋਰਖਨਾਥ ਮੰਦਰ ਵਿੱਚ ਹੋਏ ਜਨਤਾ ਦਰਸ਼ਨ ਦੌਰਾਨ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਦੌਰਾਨ ਉਨ੍ਹਾਂ ਨੇ ਲੋੜਵੰਦਾਂ ਨੂੰ ਘਰ ਮੁਹੱਈਆ ਕਰਵਾਉਣ ਅਤੇ ਗੰਭੀਰ ਬੀਮਾਰੀਆਂ ਤੋਂ ਪੀੜਤ ਲੋਕਾਂ ਦੇ ਇਲਾਜ ਲਈ ਵਿੱਤੀ ਸਹਾਇਤਾ ਦੇਣ ਦਾ ਵਾਅਦਾ ਕਰਕੇ ਦਿਲੋਂ ਸਮਰਥਨ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਹਰ ਲੋੜਵੰਦ ਅਤੇ ਯੋਗ ਵਿਅਕਤੀ ਨੂੰ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਅਤੇ ਹਰ ਸਮੱਸਿਆ ਦਾ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀਰਵਾਰ ਸਵੇਰੇ ਗੋਰਖਨਾਥ ਮੰਦਰ ਵਿਖੇ ਆਯੋਜਿਤ ਜਨਤਕ ਦਰਸ਼ਨ ਦੌਰਾਨ ਲਗਭਗ 100 ਲੋਕਾਂ ਨਾਲ ਮੁਲਾਕਾਤ ਕੀਤੀ। ਮਹੰਤ ਦਿਗਵਿਜੈਨਾਥ ਸਮ੍ਰਿਤੀ ਭਵਨ ਦੇ ਸਾਹਮਣੇ ਕੁਰਸੀਆਂ 'ਤੇ ਬੈਠੇ ਲੋਕਾਂ ਨਾਲ ਸੰਪਰਕ



ਕਰਦੇ ਹੋਏ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਇੱਕ-ਇੱਕ ਕਰਕੇ ਸੁਣਿਆ। ਉਨ੍ਹਾਂ ਨੇ ਉਨ੍ਹਾਂ ਦੀਆਂ ਅਰਜ਼ੀਆਂ ਲਈਆਂ ਅਤੇ ਉਨ੍ਹਾਂ ਨੂੰ ਹੱਲ ਲਈ ਸਬੰਧਤ ਪ੍ਰਸ਼ਾਸਨਿਕ ਅਤੇ ਪੁਲਸ ਅਧਿਕਾਰੀਆਂ ਕੋਲ ਭੇਜ ਦਿੱਤਾ ਅਤੇ ਨਿਰਦੇਸ਼ ਦਿੱਤੇ ਕਿ ਸਾਰੀਆਂ ਸਮੱਸਿਆਵਾਂ ਦਾ ਹੱਲ ਸਮੇਂ ਸਿਰ, ਨਿਰਪੱਖ ਅਤੇ ਤਸੱਲੀਬਖਸ਼ ਢੰਗ ਨਾਲ ਕੀਤਾ ਜਾਵੇ। ਉਨ੍ਹਾਂ ਪੁਲਸ ਨਾਲ ਸਬੰਧਤ ਮਾਮਲਿਆਂ ਵਿੱਚ ਜਲਦੀ ਅਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਜਨਤਾ ਦਰਸ਼ਨ ਦੌਰਾਨ ਇੱਕ ਔਰਤ ਨੇ ਆਪਣੀ ਰਿਹਾਇਸ਼ ਦੀ ਸਮੱਸਿਆ ਦੱਸੀ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਸਰਕਾਰ ਦੀ ਰਿਹਾਇਸ਼ ਯੋਜਨਾ ਤਹਿਤ ਘਰ ਮੁਹੱਈਆ ਕਰਵਾਇਆ ਜਾਵੇਗਾ। ਮੁੱਖ ਮੰਤਰੀ ਨੇ ਗੰਭੀਰ ਬਿਮਾਰੀਆਂ ਲਈ ਵਿੱਤੀ ਸਹਾਇਤਾ ਮੰਗਣ ਆਏ ਲੋਕਾਂ ਨੂੰ ਭਰੋਸਾ ਦਿੱਤਾ ਕਿ ਫੰਡਾਂ ਦੀ ਘਾਟ ਕਾਰਨ ਕਿਸੇ ਦਾ ਵੀ ਇਲਾਜ ਨਹੀਂ ਰੁਕੇਗਾ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਪ੍ਰਸ਼ਾਸਨ ਲੋੜਵੰਦਾਂ ਲਈ ਉੱਚ-ਗੁਣਵੱਤਾ ਵਾਲੇ ਇਲਾਜ ਦੇ ਅਨੁਮਾਨ ਜਲਦੀ ਤਿਆਰ ਕਰੇ ਅਤੇ ਪ੍ਰਦਾਨ ਕਰੇ। ਜਨਤਾ ਦਰਸ਼ਨ ਵਿੱਚ ਕੁਝ ਔਰਤਾਂ ਨਾਲ ਆਏ ਬੱਚਿਆਂ ਨੂੰ ਚਾਕਲੇਟ ਦੇ ਕੇ ਸੀਐਮ ਯੋਗੀ ਨੇ ਉਨ੍ਹਾਂ ਨੂੰ ਡ੍ਰਾਈ ਕਰਨ ਲਈ ਵੀ ਪ੍ਰੇਰਿਤ ਕੀਤਾ।

## ਪੀਐੱਮ ਪੋਸ਼ਣ ਯੋਜਨਾ: ਹਰਿਆਣਾ ਦੇ 14.8 ਲੱਖ ਤੋਂ ਵੱਧ ਬੱਚਿਆਂ ਨੂੰ ਮਿਲੇਗਾ ਪੌਸ਼ਟਿਕ ਭੋਜਨ

ਚੰਡੀਗੜ੍ਹ 3 ਅਪ੍ਰੈਲ। ਹਰਿਆਣਾ ਸਰਕਾਰ ਨੇ ਰਾਜ ਦੇ ਸਕੂਲੀ ਵਿਦਿਆਰਥੀਆਂ ਨੂੰ ਪੌਸ਼ਟਿਕ ਭੋਜਨ ਉਪਲੱਬਧ ਕਰਵਾਉਣ ਦੇ ਮਕਸਦ ਨਾਲ ਵਿੱਤ ਸਾਲ 2026-27 ਲਈ ਪ੍ਰਧਾਨ ਮੰਤਰੀ ਪੋਸ਼ਣ ਸ਼ਕਤੀ ਨਿਰਮਾਣ ਯੋਜਨਾ ਦੇ ਅਧੀਨ 747 ਕਰੋੜ ਰੁਪਏ ਦੇ ਬਜਟ ਨੂੰ ਮਨਜ਼ੂਰੀ ਦਿੱਤੀ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰਤ ਬਿਆਨ 'ਚ ਕਿਹਾ ਗਿਆ ਹੈ ਕਿ ਮੁੱਖ ਸਕੱਤਰ ਅਨੁਰਾਗ ਰਸਤੋਗੀ ਨੇ ਰਾਜ ਪੱਧਰੀ ਲਾਗੂਕਰਨ ਅਤੇ ਨਿਗਰਾਨੀ ਕਮੇਟੀ ਦੀ ਬੈਠਕ ਦੀ ਪ੍ਰਧਾਨਗੀ ਕੀਤੀ, ਜਿਸ 'ਚ ਵਿੱਤ ਸਾਲ 2026-27 ਲਈ ਪੀਐੱਮ ਪੋਸ਼ਣ ਯੋਜਨਾ ਦੇ ਅਧੀਨ 747 ਕਰੋੜ ਰੁਪਏ ਦੀ ਮਨਜ਼ੂਰੀ ਦਿੱਤੀ ਗਈ। ਬਿਆਨ ਅਨੁਸਾਰ ਇਸ 'ਚ ਕੇਂਦਰ ਦੇ ਹਿੱਸੇ ਵਜੋਂ 222 ਕਰੋੜ ਰੁਪਏ ਅਤੇ ਰਾਜ ਦੇ ਹਿੱਸੇ ਵਜੋਂ 525 ਕਰੋੜ ਰੁਪਏ ਸ਼ਾਮਲ ਹਨ। ਬੈਠਕ 'ਚ ਪ੍ਰੋਗਰਾਮ ਦੇ ਮੌਜੂਦਾ ਸਮੇਂ ਲਾਗੂਕਰਨ ਦੀ ਸਥਿਤੀ, ਵਿੱਤੀ ਪ੍ਰਦਰਸ਼ਨ ਅਤੇ ਆਉਣ ਵਾਲੇ ਸਾਲ ਦੀ ਰੂਪਰੇਖਾ ਦੀ ਸਮੀਖਿਆ ਕੀਤੀ ਗਈ।

## ਜਵਾਨਾਂ ਨੂੰ ਇਕੋ ਸਮੇਂ 2 ਲੜਾਈਆਂ ਲੜਨ ਲਈ ਮਜ਼ਬੂਰ ਨਾ ਕੀਤਾ ਜਾਏ : ਚੀਫ਼ ਜਸਟਿਸ

ਕੌਮੀ ਪਤ੍ਰਿਕਾ

ਨਵੀਂ ਦਿੱਲੀ 3 ਅਪ੍ਰੈਲ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆਕਾਂਤ ਨੇ ਹਥਿਆਰਬੰਦ ਫੌਜਾਂ ਦੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਕਿਹਾ ਹੈ ਕਿ ਦੇਸ਼ ਨੂੰ ਉਨ੍ਹਾਂ ਨੂੰ ਇਕੋ ਸਮੇਂ ਦੋ ਲੜਾਈਆਂ ਲੜਨ ਲਈ ਮਜ਼ਬੂਰ ਨਹੀਂ ਕਰਨਾ ਚਾਹੀਦਾ। ਇਕ ਤਾਂ ਸਰਹੱਦ 'ਤੇ ਤੇ ਦੂਜੀ ਆਪਣੇ ਕਾਨੂੰਨੀ ਅਧਿਕਾਰਾਂ ਲਈ। ਉਨ੍ਹਾਂ ਜਵਾਨਾਂ ਲਈ ਬਿਹਤਰ ਨਿਆਂਇਕ ਪਹੁੰਚ ਦੀ ਅਪੀਲ ਕੀਤੀ। ਐਤਵਾਰ ਲੇਹ 'ਚ 'ਮਾਨਨੀਯ ਚੀਫ਼ ਜਸਟਿਸ ਕੇ ਸੰਬੋਧਨ ਕੇ ਕੁਛ ਬਿੰਦੂ' ਸਿਰਲੇਖ ਵਾਲੇ ਭਾਸ਼ਣ 'ਚ ਚੀਫ ਜਸਟਿਸ ਨੇ ਨਿਆਂਪਾਲਿਕਾ ਅਤੇ ਹਥਿਆਰਬੰਦ ਫੌਜਾਂ ਦਰਮਿਆਨ ਸਹਿਜੀਵੀ ਸਬੰਧਾਂ ਨੂੰ ਉਜਾਗਰ ਕੀਤਾ ਤੇ ਕਿਹਾ ਕਿ ਜਦੋਂ ਅਦਾਲਤਾਂ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰੱਖਿਆ ਕਰਦੀਆਂ ਹਨ ਤਾਂ ਇਹ ਜਵਾਨ ਹੀ ਹਨ ਜੋ ਉਨ੍ਹਾਂ ਆਦਰਸ਼ਾਂ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਾਲਾਤ ਬਣਾਉਂਦੇ ਹਨ। ਹਿਮਾਲਿਆ ਦੇ ਸ਼ਾਂਤ ਪਰ ਔਖੇ ਦ੍ਰਿਸ਼ਟੀਕੋਣ ਦੇ ਪਿਛੋਕੜ 'ਚ ਚੀਫ਼ ਜਸਟਿਸ ਨੇ ਜਵਾਨਾਂ ਦੀ ਬਹਾਦਰੀ ਨੂੰ ਨਮਨ ਕਰ ਕੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਨ੍ਹਾਂ 1962 ਦੀ ਰੇਜ਼ਾਂਗ ਲਾ ਦੀ ਲੜਾਈ ਦਾ ਵਿਸ਼ੇਸ਼ ਜ਼ਿਕਰ ਕੀਤਾ ਤੇ ਮੇਜਰ ਸ਼ੈਤਾਨ ਸਿੰਘ ਭਾਟੀ ਅਤੇ 13 ਕੁਮਾਊਂ ਦੀ ਚਾਰਲੀ ਕੰਪਨੀ ਦੇ 114 ਜਵਾਨਾਂ ਦੀ ਕੁਰਬਾਨੀ ਨੂੰ ਯਾਦ ਕੀਤਾ। ਉਨ੍ਹਾਂ



ਕਿਹਾ ਕਿ ਸੰਵਿਧਾਨ ਅਧਿਕਾਰਾਂ, ਮਾਣ, ਬਰਾਬਰੀ ਤੇ ਨਿਆਂ ਦੀ ਭਾਸ਼ਾ 'ਚ ਗੱਲ ਕਰਦਾ ਹੈ ਪਰ ਜਵਾਨਾਂ ਨੇ ਭਾਰਤ ਦੇ ਲੋਕਾਂ ਲਈ ਇਨ੍ਹਾਂ ਵਾਅਦਿਆਂ ਨੂੰ ਕਾਇਮ ਰੱਖਣ ਲਈ ਜੋ ਹਾਲਾਤ ਪੈਦਾ ਕੀਤੇ ਹਨ, ਉਸ ਲਈ ਉਹ ਪੂਰੇ ਸਿਹਰੇ ਦੇ ਹੱਕਦਾਰ ਹਨ। ਚੀਫ਼ ਜਸਟਿਸ ਨੇ ਕਿਹਾ ਕਿ ਕੋਈ ਵੀ ਰਾਸ਼ਟਰ ਉਦੋਂ ਤਕ ਸਾਰਥਕ ਰੂਪ ਨਾਲ ਆਜ਼ਾਦੀ ਜਾਂ ਨਿਆਂ ਦੀ ਗੱਲ ਨਹੀਂ ਕਰ ਸਕਦਾ ਜਦੋਂ ਤੱਕ ਉਹ ਆਪਣੀ ਪ੍ਰਭੂਸੱਤਾ, ਸਥਿਰਤਾ ਤੇ ਸ਼ਾਂਤੀ ਨੂੰ ਨਹੀਂ ਬਣਾਈ ਰੱਖਦਾ।

## 60 ਸਾਲਾਂ ਤੋਂ ਰਾਜਧਾਨੀ ਲਈ ਤਰਸ ਰਿਹੈ ਪੰਜਾਬ : ਹਰਸਿਮਰਤ ਬਾਦਲ

ਨਵੀਂ ਦਿੱਲੀ 3 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਸੰਸਦ 'ਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਾਰੇ ਮੁੱਦਾ ਚੁੱਕਿਆ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇਸ਼ ਦਾ ਅਜਿਹਾ ਇਕਲੌਤਾ ਸੂਬਾ ਹੈ, ਜਿਸ ਨੂੰ 1966 ਦੇ ਪੁਨਰਗਠਨ ਤੋਂ ਬਾਅਦ ਆਪਣੀ ਰਾਜਧਾਨੀ ਤੋਂ ਵਾਂਝਾ ਰੱਖਿਆ ਗਿਆ ਹੈ। ਹਰਸਿਮਰਤ ਬਾਦਲ ਨੇ ਸਵਾਲ ਕੀਤਾ ਕਿ ਪੰਜਾਬ ਨਾਲ ਇਹ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਉਨ੍ਹਾਂ ਨੇ ਪਿਛਲੇ ਦਹਾਕਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ 1970 'ਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਖੁਦ ਐਲਾਨ ਕੀਤਾ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਸੌਂਪਿਆ ਜਾਵੇਗਾ। ਇਸ ਤੋਂ ਬਾਅਦ 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ 'ਚ ਵੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਗੱਲ ਤੈਅ ਹੋਈ ਸੀ ਅਤੇ ਇਸ ਲਈ ਇਕ ਵਿਸ਼ੇਸ਼ ਤਰੀਕ ਵੀ ਨਿਸ਼ਚਿਤ ਕੀਤੀ ਗਈ ਸੀ, ਪਰ ਅਫ਼ਸੋਸ ਕਿ ਇੰਨੇ ਸਾਲ ਬੀਤ ਜਾਣ ਦੇ ਬਾਵਜੂਦ ਪੰਜਾਬ ਨੂੰ ਉਸ ਦਾ ਹੱਕ ਨਹੀਂ ਮਿਲਿਆ। ਸੰਸਦ 'ਚ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਇਹ ਮੰਗ ਪਿਛਲੇ 60 ਸਾਲਾਂ ਤੋਂ ਲਟਕ ਰਹੀ ਹੈ। ਉਨ੍ਹਾਂ ਨੇ ਮੌਜੂਦਾ ਸਥਿਤੀ ਦੀ ਤੁਲਨਾ ਕਰਦਿਆਂ ਕਿਹਾ ਕਿ ਜਿੱਥੇ ਅੱਜ ਸੰਸਦ 'ਚ ਆਂਧਰਾ ਪ੍ਰਦੇਸ਼ ਨੂੰ ਉਸ ਦੀ ਆਪਣੀ ਸਥਾਈ ਰਾਜਧਾਨੀ ਮਿਲ ਰਹੀ ਹੈ, ਉੱਥੇ ਹੀ ਪੰਜਾਬ ਨੂੰ ਅਜੇ ਵੀ ਅਣਗੌਲਿਆ ਕੀਤਾ ਜਾ ਰਿਹਾ ਹੈ। ਬੀਬੀ ਬਾਦਲ ਨੇ ਮੰਗ ਕੀਤੀ ਕਿ ਹੋਰਨਾਂ ਰਾਜਾਂ ਵਾਂਗ ਪੰਜਾਬ ਨੂੰ ਵੀ ਉਸ ਦੀ ਆਪਣੀ ਰਾਜਧਾਨੀ ਚੰਡੀਗੜ੍ਹ ਦਾ ਪੂਰਾ ਹੱਕ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਦਹਾਕਿਆਂ ਤੋਂ ਚੱਲ ਰਿਹਾ ਇਹ ਵਿਤਕਰਾ ਖਤਮ ਹੋ ਸਕੇ।

## ਦਿੱਲੀ ਦੀ ਇਕ ਅਦਾਲਤ ਨੇ ਦੰਗਿਆਂ ਦੇ ਮਾਮਲੇ 'ਚ 9 ਮੁਲਜ਼ਮ ਕੀਤੇ ਬਰੀ

ਨਵੀਂ ਦਿੱਲੀ 3 ਅਪ੍ਰੈਲ। ਦਿੱਲੀ ਦੀ ਇਕ ਅਦਾਲਤ ਨੇ 2020 ਦੇ ਦੰਗਿਆਂ ਨਾਲ ਸਬੰਧਤ ਇਕ ਮਾਮਲੇ 'ਚ 9 ਮੁਲਜ਼ਮਾਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਕਿ ਗਵਾਹਾਂ ਦੀ ਗਵਾਹੀ ਭਰੋਸੇਮੰਦ ਨਹੀਂ ਹੈ। ਵਧੀਕ ਸੈਸ਼ਨ ਜੱਜ ਪਰਵੀਨ ਸਿੰਘ ਉੱਤਰ-ਪੂਰਬੀ ਦਿੱਲੀ ਦੰਗਿਆਂ ਨਾਲ ਜੁੜੇ ਲੁੱਟ ਅਤੇ ਸਾੜ-ਫੂਕ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਸ਼ਾਹ ਆਲਮ, ਰਾਸ਼ਿਦ ਸੈਫ਼ੀ, ਮੁਹੰਮਦ ਸ਼ਾਦਾਬ, ਹਬੀਬ, ਇਰਫਾਨ, ਸੁਹੇਲ, ਸਲੀਮ ਉਰਫ਼ ਆਸ਼ੂ, ਇਰਸ਼ਾਦ ਅਤੇ ਅਜ਼ਹਰ ਉਰਫ਼ ਸੋਨੂੰ ਦੇ ਖ਼?ਲਾਫ਼ ਮਾਮਲੇ ਦੀ ਸੁਣਵਾਈ ਕਰ ਰਹੇ ਸਨ। ਅਦਾਲਤ ਨੇ ਆਪਣੇ ਹੁਕਮ 'ਚ ਕਿਹਾ, "ਗਵਾਹੀਆਂ ਆਮ ਕਿਸਮ ਦੀਆਂ ਹਨ, ਉਨ੍ਹਾਂ 'ਚ ਸਪੱਸ਼ਟਤਾ ਦੀ ਘਾਟ ਹੈ, ਵਿਸ਼ੇਸ਼ ਤੌਰ 'ਤੇ ਇਸ ਤੱਥ ਨੂੰ ਦੇਖਦੇ ਹੋਏ ਕਿ ਇਨ੍ਹਾਂ ਗਵਾਹਾਂ ਨੇ ਘਟਨਾ ਵਾਲੀ ਥਾਂ ਦੇ ਸਬੰਧ 'ਚ ਝੂਠੀ ਗਵਾਹੀ ਦਿੱਤੀ ਹੈ... ਮੇਰਾ ਮੰਨਣਾ ਹੈ ਕਿ ਇਨ੍ਹਾਂ ਗਵਾਹਾਂ ਦੀ ਗਵਾਹੀ 'ਤੇ ਭਰੋਸਾ ਕਰ ਕੇ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਉਣਾ ਠੀਕ ਨਹੀਂ ਹੋਵੇਗਾ।

## ਪੰਜਾਬ ਦੇ ਆੜ੍ਹਤੀਆਂ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ

ਚੰਡੀਗੜ੍ਹ/ਹਰਿਆਣਾ 3 ਅਪ੍ਰੈਲ। ਪੰਜਾਬ ਦੀ ਆੜ੍ਹਤੀ ਐਸੋਸੀਏਸ਼ਨ ਦੇ ਇੱਕ ਵਫ਼ਦ ਨੇ ਅੱਜ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਨਿਵਾਸ 'ਸੰਤ ਕਬੀਰ ਕੁਟੀਰ' ਵਿਖੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਆੜ੍ਹਤੀਆਂ ਨੇ ਪੰਜਾਬ ਸਰਕਾਰ ਦੀਆਂ ਮੌਜੂਦਾ ਨੀਤੀਆਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਅਤੇ ਆਪਣੀਆਂ ਮੁਸ਼ਕਿਲਾਂ ਸਾਂਝੀਆਂ ਕੀਤੀਆਂ। ਆੜ੍ਹਤੀਆਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨਾਇਬ ਸੈਣੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦੀਆਂ ਨੀਤੀਆਂ ਨੇ ਸੂਬੇ ਦੀ ਆਰਥਿਕ ਸਥਿਤੀ ਨੂੰ ਕਮਜ਼ੋਰ ਕਰ ਦਿੱਤਾ ਹੈ ਅਤੇ ਪੰਜਾਬ ਨੂੰ ਕੰਗਾਲੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਸੈਣੀ ਨੇ ਦਾਅਵਾ ਕੀਤਾ ਕਿ ਸਿਰਫ਼ ਭਾਜਪਾ ਹੀ ਅਜਿਹੀ ਸਰਕਾਰ ਦੇ ਸਕਦੀ ਹੈ ਜੋ ਕਿਸਾਨਾਂ, ਆੜ੍ਹਤੀਆਂ ਅਤੇ ਵਪਾਰੀਆਂ ਦਾ ਭਲਾ ਕਰ ਸਕੇ। ਵਫ਼ਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਪੰਜਾਬ ਵਿੱਚ



ਲਗਭਗ 40 ਹਜ਼ਾਰ ਆੜ੍ਹਤੀ, ਸਵਾ ਲੱਖ ਮੁਨੀਮ ਅਤੇ 6-7 ਲੱਖ ਮਜ਼ਦੂਰ ਇਸ ਕਿੱਤੇ ਨਾਲ ਜੁੜੇ ਹੋਏ ਹਨ। ਫ਼ਸਲ ਖ਼ਰੀਦ ਦੇ ਮੌਜੂਦਾ ਸੀਜ਼ਨ ਵਿੱਚ ਪੰਜਾਬ ਸਰਕਾਰ ਦੀਆਂ ਨੀਤੀਆਂ ਕਾਰਨ ਨਾ ਸਿਰਫ਼ ਆੜ੍ਹਤੀ, ਸਗੋਂ ਕਿਸਾਨ ਅਤੇ ਮਜ਼ਦੂਰ ਵਰਗ ਵੀ ਬੇਹੱਦ ਪਰੇਸ਼ਾਨ ਹੈ। ਮੁੱਖ ਮੰਤਰੀ ਨੇ ਕਿਹਾ, ਮੈਂ ਖ਼ੁਦ ਪੰਜਾਬ ਦੇ ਦੌਰੇ ਦੌਰਾਨ ਦੇਖਿਆ ਹੈ ਕਿ ਉੱਥੇ ਹਰ ਵਰਗ ਚਾਹੇ ਉਹ ਕਿਸਾਨ ਹੋਵੇ, ਵਪਾਰੀ ਹੋਵੇ ਜਾਂ ਮਜ਼ਦੂਰ, ਸਭ ਦੁਖੀ ਨਜ਼ਰ ਆ ਰਹੇ ਹਨ। ਮੁੱਖ ਮੰਤਰੀ ਨੇ ਹਰਿਆਣਾ ਦੀਆਂ ਨੀਤੀਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਕਿਵੇਂ ਉਨ੍ਹਾਂ ਦੀ ਸਰਕਾਰ ਹਰ ਵਰਗ ਦਾ ਖ਼?ਆਲ ਰੱਖ ਰਹੀ ਹੈ। ਹਰਿਆਣਾ ਵਿੱਚ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ 'ਤੇ ਖ਼ਰੀਦੀਆਂ ਜਾ ਰਹੀਆਂ ਹਨ, ਜਿਸ ਦਾ ਸਿੱਧਾ ਫ਼ਾਇਦਾ ਕਿਸਾਨਾਂ ਨੂੰ ਮਿਲ ਰਿਹਾ ਹੈ। ਹਰਿਆਣਾ ਵਿੱਚ ਆੜ੍ਹਤੀਆਂ ਦਾ ਕਮਿਸ਼ਨ ਸਮੇਂ-ਸਮੇਂ 'ਤੇ ਵਧਾਇਆ ਗਿਆ ਹੈ। ਪਿਛਲੇ ਸਾਲਾਂ ਵਿੱਚ ਹਰਿਆਣਾ ਦੇ ਆੜ੍ਹਤੀਆਂ ਨੂੰ ਕਣਕ ਦੀ ਖ਼ਰੀਦ 'ਤੇ 55 ਰੁਪਏ ਪ੍ਰਤੀ ਕੁਇੰਟਲ ਕਮਿਸ਼ਨ ਮਿਲਿਆ, ਜੋ ਕਿ ਪੰਜਾਬ ਨਾਲੋਂ 9 ਰੁਪਏ ਪ੍ਰਤੀ ਕੁਇੰਟਲ ਵੱਧ ਹੈ। ਨਾਇਬ ਸੈਣੀ ਨੇ ਭਰੋਸਾ ਦਿੱਤਾ ਕਿ ਭਾਜਪਾ ਸਰਕਾਰ ਆੜ੍ਹਤੀਆਂ ਦੀ ਆਮਦਨ ਅਤੇ ਸਨਮਾਨ ਦੋਵਾਂ ਦੀ ਸੁਰੱਖਿਆ ਲਈ ਵਚਨਬੱਧ ਹੈ।

## ਇਰਾਨ ਜੰਗ ਵਿਚਾਲੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪਾਕਿਸਤਾਨ ਨੂੰ ਦੇ'ਤੀ ਚਿਤਾਵਨੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨੈਸ਼ਨਲ ਡੈਸਕ 3 ਅਪ੍ਰੈਲ। ਮਿਡਲ ਈਸਟ 'ਚ ਛਿੜੀ ਜੰਗ ਦਿਨੋ-ਦਿਨ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ। ਇਸੇ ਦੌਰਾਨ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀਰਵਾਰ ਨੂੰ ਪਾਕਿਸਤਾਨ ਨੂੰ ਸਰਹੱਦ 'ਤੇ ਕਿਸੇ ਵੀ ਤਰ੍ਹਾਂ ਦੀ ਹਿਮਾਕਤ ਨਾ ਕਰਨ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਸਾਫ਼ ਕਿਹਾ ਕਿ ਜੇਕਰ ਗੁਆਂਢੀ ਦੇਸ਼ ਭਾਰਤ ਵਿਰੁੱਧ ਕੋਈ ਵੀ ਸਾਜ਼ਿਸ਼ ਰਚਦਾ ਹੈ, ਤਾਂ ਭਾਰਤ ਦਾ ਜਵਾਬ ਬਹੁਤ ਵੱਡਾ ਤੇ ਭਿਆਨਕ ਹੋਵੇਗਾ। ਤਿਰੂਵਨੰਤਪੁਰਮ ਵਿੱਚ 'ਵੀਰ ਸੈਨਿਕ ਸਨਮਾਨ' ਸਮਾਰੋਹ ਨੂੰ ਸੰਬੋਧਨ ਕਰਦਿਆਂ ਰਾਜਨਾਥ ਸਿੰਘ ਨੇ ਇੱਕ ਇਤਿਹਾਸਕ ਫੌਜੀ ਕਾਰਵਾਈ ਦਾ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਕਿ ਪਹਿਲਗਾਮ ਵਿੱਚ ਹੋਈ ਅੱਤਵਾਦੀ ਘਟਨਾ ਤੋਂ ਬਾਅਦ ਭਾਰਤੀ ਸੈਨਿਕਾਂ ਨੇ 'ਆਪ੍ਰੇਸ਼ਨ ਸਿੰਦੂਰ' ਦੌਰਾਨ ਮਹਿਜ਼ 22 ਮਿੰਟਾਂ ਵਿੱਚ ਪਾਕਿਸਤਾਨ ਦੇ ਗੋਡੇ ਲਵਾ ਦਿੱਤੇ ਸੀ। ਉਨ੍ਹਾਂ ਇਸ ਨੂੰ ਭਾਰਤੀ ਫੌਜੀ ਇਤਿਹਾਸ ਵਿੱਚ ਅੱਤਵਾਦ ਵਿਰੁੱਧ ਹੁਣ ਤੱਕ ਦਾ ਸਭ ਤੋਂ ਵੱਡਾ ਆਪ੍ਰੇਸ਼ਨ ਕਰਾਰ ਦਿੱਤਾ। ਰਾਜਨਾਥ ਸਿੰਘ ਨੇ ਅੱਗੇ ਕਿਹਾ, ਆਪ੍ਰੇਸ਼ਨ ਸਿੰਦੂਰ



ਅਜੇ ਖ਼ਤਮ ਨਹੀਂ ਹੋਇਆ ਹੈ। ਜੇਕਰ ਸਰਹੱਦ ਪਾਰੋਂ ਕੋਈ ਵੀ ਹਰਕਤ ਹੋਈ, ਤਾਂ ਨਾ ਸਿਰਫ਼ ਮੂੰਹਤੋੜ ਜਵਾਬ ਦਿੱਤਾ ਜਾਵੇਗਾ, ਸਗੋਂ ਅਜਿਹੀ ਕਾਰਵਾਈ ਹੋਵੇਗੀ ਜੋ ਪਾਕਿਸਤਾਨ ਨੇ ਪਹਿਲਾਂ ਕਦੇ ਨਹੀਂ ਦੇਖੀ ਹੋਵੇਗੀ। ਇਸ ਮਗਰੋਂ ਉਨ੍ਹਾਂ ਨੇ ਯੂ.ਪੀ.ਏ. ਸਰਕਾਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਪਹਿਲਾਂ ਅੱਤਵਾਦੀ ਹਮਲਿਆਂ ਦੇ ਜਵਾਬ ਵਿੱਚ ਸਿਰਫ਼ ਮੋਟੀਆਂ ਫਾਈਲਾਂ ਭੇਜੀਆਂ ਜਾਂਦੀਆਂ ਸਨ, ਪਰ ਕੋਈ ਸਖ਼ਤ ਕਾਰਵਾਈ ਨਹੀਂ ਸੀ ਹੁੰਦੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਸਰਜੀਕਲ ਸਟ?ਰਾਈਕ, ਏਅਰ ਸਟ?ਰਾਈਕ ਅਤੇ ਹੁਣ 'ਆਪ੍ਰੇਸ਼ਨ ਸਿੰਦੂਰ' ਰਾਹੀਂ ਅੱਤਵਾਦ ਦਾ ਲੱਕ ਤੋੜ ਦਿੱਤਾ ਹੈ। ਉਨ੍ਹਾਂ ਨੇ ਮਿਡਲ ਈਸਟ 'ਚ ਜਾਰੀ ਜੰਗ ਬਾਰੇ ਦੇਸ਼ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਦੇਸ਼ 'ਚ ਪੈਟਰੋਲ ਜਾਂ ਡੀਜ਼ਲ ਦੀ ਕੋਈ ਕਿੱਲਤ ਨਹੀਂ ਹੈ, ਲੋਕ ਅਫਵਾਹਾਂ ਤੋਂ ਬਚਣ। ਉਨ੍ਹਾਂ ਅੱਗੇ ਕਿਹਾ ਕਿ ਭਾਰਤੀ ਜਲ ਸੈਨਾ ਖੇਤਰ ਵਿੱਚ ਸਰਗਰਮ ਹੈ ਅਤੇ ਉੱਥੇ ਫਸੇ ਭਾਰਤੀਆਂ ਨੂੰ ਸੁਰੱਖਿਅਤ ਕੱਢਣ ਲਈ ਨਿਰੰਤਰ ਕੰਮ ਕਰ ਰਹੀ ਹੈ ਤੇ ਪ੍ਰਧਾਨ ਮੰਤਰੀ ਮੋਦੀ ਖ਼ੁਦ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ।

# ਸ਼ੌਕੀਨਾਂ ਨੂੰ ਲੱਗੇਗਾ ਵੱਡਾ ਝਟਕਾ ! ਮਿਡਲ-ਈਸਟ ਜੰਗ ਕਾਰਨ ਭਾਰਤ 'ਚ ਮਹਿੰਗੀ ਹੋ ਸਕਦੀ ਹੈ ਸ਼ਰਾਬ-ਬੀਅਰ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 3 ਅਪ੍ਰੈਲ। ਮੱਧ ਪੂਰਬ ਵਿੱਚ ਚੱਲ ਰਹੇ ਟਕਰਾਅ ਦਾ ਪ੍ਰਭਾਵ ਹੁਣ ਭਾਰਤ ਦੇ ਸ਼ਰਾਬ ਬਾਜ਼ਾਰ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਦੇਸ਼ ਵਿੱਚ ਕੰਮ ਕਰਨ ਵਾਲੀਆਂ ਗਲੋਬਲ ਸ਼ਰਾਬ ਕੰਪਨੀਆਂ ਨੇ ਸਪਲਾਈ ਚੇਨਾਂ ਵਿੱਚ ਵਿਘਨ ਕਾਰਨ ਕੀਮਤਾਂ ਵਿੱਚ ਵਾਧੇ ਦੀ ਚੇਤਾਵਨੀ ਦਿੱਤੀ ਹੈ। ਇਸਦੇ ਮੁੱਖ ਕਾਰਨ ਗੈਸ ਦੀ ਕਮੀ ਅਤੇ ਆਯਾਤ ਵਿੱਚ ਰੁਕਾਵਟਾਂ ਹਨ। ਈਰਾਨ ਦੇ ਹਮਲਿਆਂ ਕਾਰਨ ਕਤਰ ਦੀ ਗੈਸ ਸਪਲਾਈ ਪ੍ਰਭਾਵਿਤ ਹੋਈ ਹੈ, ਜਿਸਦਾ ਸਿੱਧਾ ਅਸਰ ਭਾਰਤ 'ਤੇ ਪਿਆ ਹੈ। ਭਾਰਤ ਕੁਦਰਤੀ ਗੈਸ ਦਾ ਦੁਨੀਆ ਦਾ ਚੌਥਾ ਸਭ ਤੋਂ ਵੱਡਾ ਆਯਾਤਕ ਹੈ ਅਤੇ ਕਤਰ ਤੋਂ ਆਯਾਤ ਰਾਹੀਂ ਆਪਣੀਆਂ ਜ਼ਰੂਰਤਾਂ ਦਾ ਲਗਭਗ 40 ਫੀਸਦੀ ਪੂਰਾ ਕਰਦਾ ਹੈ। ਗੈਸ ਦੀ ਕਮੀ ਦਾ ਕੱਚ ਦੀਆਂ ਬੋਤਲਾਂ ਨਿਰਮਾਣ ਉਦਯੋਗ 'ਤੇ ਸਭ ਤੋਂ ਮਹੱਤਵਪੂਰਨ ਪ੍ਰਭਾਵ ਪਿਆ ਹੈ। ਰਿਪੋਰਟਾਂ ਅਨੁਸਾਰ, ਕੱਚ ਨਿਰਮਾਣ ਕੰਪਨੀਆਂ ਨੂੰ ਆਪਣਾ ਉਤਪਾਦਨ ਅੰਸ਼ਕ ਜਾਂ ਪੂਰੀ ਤਰ੍ਹਾਂ ਬੰਦ ਕਰਨ ਲਈ ਮਜਬੂਰ ਕੀਤਾ ਗਿਆ ਹੈ। ਨਤੀਜੇ ਵਜੋਂ ਬੋਤਲਾਂ ਦੀਆਂ ਕੀਮਤਾਂ ਵਿੱਚ ਲਗਭਗ 20 ਫੀਸਦੀ ਦਾ ਵਾਧਾ ਹੋਇਆ ਹੈ। ਇਹ ਸਿਰਫ਼ ਬੋਤਲਾਂ ਹੀ ਨਹੀਂ ਹਨ, ਹੋਰ ਪੈਕੇਜਿੰਗ ਨਾਲ ਸਬੰਧਤ ਲਾਗਤਾਂ ਵੀ ਵਧੀਆਂ ਹਨ। ਕਾਗਜ਼ ਦੇ ਡੱਬਿਆਂ ਦੀਆਂ ਕੀਮਤਾਂ ਦੁੱਗਣੀਆਂ ਹੋ ਗਈਆਂ ਹਨ, ਜਦੋਂਕਿ ਲੇਬਲ ਅਤੇ ਟੇਪ ਵਰਗੀਆਂ ਸਮੱਗਰੀਆਂ ਵੀ ਮਹਿੰਗੀਆਂ ਹੋ ਗਈਆਂ ਹਨ। ਸ਼ਿਪਿੰਗ ਵਿੱਚ ਦੇਰੀ ਨੇ ਐਲੂਮੀਨੀਅਮ ਆਯਾਤ ਨੂੰ ਵੀ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਕੈਨ ਨਿਰਮਾਤਾ ਕੰਪਨੀਆਂ ਸਪਲਾਈ ਵਿੱਚ ਕਟੌਤੀ ਬਾਰੇ ਚੇਤਾਵਨੀਆਂ ਜਾਰੀ ਕਰਨ ਲਈ ਮਜਬੂਰ ਹਨ। ਇਹ ਸੰਕਟ ਅਜਿਹੇ ਸਮੇਂ ਆਇਆ ਹੈ ਜਦੋਂ ਭਾਰਤ ਗਰਮੀਆਂ ਦੇ



ਮੌਸਮ ਵਿੱਚ ਜਾ ਰਿਹਾ ਹੈ- ਇੱਕ ਅਜਿਹਾ ਸਮਾਂ ਜਦੋਂ ਬੀਅਰ ਦੀ ਮੰਗ ਆਮ ਤੌਰ 'ਤੇ ਤੇਜ਼ ਵਾਧਾ ਦੇਖਦੀ ਹੈ। ਬ੍ਰੂਅਰਜ਼ ਐਸੋਸੀਏਸ਼ਨ ਆਫ ਇੰਡੀਆ, ਜੋ ਕਿ ਹਾਈਨੇਕੇਨ, ਐਨਹਿਊਜ਼ਰ-ਬੁਸ਼ ਇਨਬੇਵ ਅਤੇ ਕਾਰਲਸਬਰਗ ਵਰਗੀਆਂ ਕੰਪਨੀਆਂ ਦੀ ਨੁਮਾਇੰਦਗੀ ਕਰਦੀ ਹੈ, ਨੇ 12 ਤੋਂ 15 ਫੀਸਦੀ ਦੇ ਮੁੱਲ ਵਾਧੇ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਦੇ ਡਾਇਰੈਕਟਰ ਜਨਰਲ ਵਿਨੋਦ ਗਿਰੀ ਦੇ ਅਨੁਸਾਰ, ਵਧਦੀਆਂ ਲਾਗਤਾਂ ਕੁਝ ਖਾਸ ਕਾਰੋਬਾਰੀ ਕਾਰਜਾਂ ਨੂੰ ਕਾਇਮ ਰੱਖਣਾ ਮੁਸ਼ਕਲ ਬਣਾ ਰਹੀਆਂ ਹਨ। ਭਾਰਤ ਦਾ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦਾ ਬਾਜ਼ਾਰ ਤੇਜ਼ੀ ਨਾਲ ਫੈਲ ਰਿਹਾ ਹੈ। 2024 ਵਿੱਚ ਇਸਦਾ ਆਕਾਰ ਲਗਭਗ £7.8 ਬਿਲੀਅਨ ਹੋਣ ਦਾ ਅਨੁਮਾਨ ਲਗਾਇਆ ਗਿਆ ਸੀ ਅਤੇ 2030 ਤੱਕ ਇਸਦੇ ਦੁੱਗਣੇ ਹੋਣ ਦੀ ਉਮੀਦ ਹੈ। ਰਿਪੋਰਟ ਅਨੁਸਾਰ, ਹਾਈਨੇਕਨ ਕੋਲ ਲਗਭਗ ਅੱਧਾ ਬਾਜ਼ਾਰ ਹਿੱਸਾ ਹੈ, ਜਦੋਂਕਿ ਐਨਹਿਊਜ਼ਰ-ਬੁਸ਼ ਇਨਬੇਵ ਅਤੇ ਕਾਰਲਸਬਰਗ ਹਰੇਕ ਦਾ ਲਗਭਗ 19 ਫੀਸਦੀ ਹਿੱਸਾ ਹੈ। ਇਸ ਤੋਂ ਇਲਾਵਾ ਬੀਰਾ ਅਤੇ ਸਿੰਬਾ ਵਰਗੀਆਂ ਕੰਪਨੀਆਂ ਵੀ ਬਾਜ਼ਾਰ ਵਿੱਚ ਤੇਜ਼ੀ ਨਾਲ ਸਰਗਰਮ ਹੋ ਰਹੀਆਂ ਹਨ, ਹਾਲਾਂਕਿ ਮੌਜੂਦਾ ਸੰਕਟ ਨੇ ਇਸ ਵਧਦੇ ਖੇਤਰ 'ਤੇ ਅਨਿਸ਼ਚਿਤਤਾ ਦਾ ਪਰਛਾਵਾਂ ਪਾ ਦਿੱਤਾ ਹੈ। ਭਾਰਤੀ ਅਲਕੋਹਲਿਕ ਬੇਵਰੇਜ ਕੰਪਨੀਆਂ ਦੇ ਕਨਫੈਡਰੇਸ਼ਨ ਨੇ ਰਾਜ ਸਰਕਾਰਾਂ ਨੂੰ ਪੱਤਰ ਲਿਖਿਆ ਹੈ, ਵਧਦੀ ਸੰਚਾਲਨ ਲਾਗਤਾਂ ਦੇ ਮੱਦੇਨਜ਼ਰ ਕੀਮਤਾਂ ਵਿੱਚ ਸੋਧ ਦੀ ਬੇਨਤੀ ਕੀਤੀ ਹੈ। ਭਾਰਤ ਵਿੱਚ ਅਲਕੋਹਲ ਵਾਲੇ ਪੀਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਨੂੰ ਸਖਤੀ ਨਾਲ ਨਿਯੰਤ੍ਰਿਤ ਕੀਤਾ ਜਾਂਦਾ ਹੈ ਅਤੇ ਸੰਬੰਧਿਤ ਰਾਜ ਸਰਕਾਰਾਂ ਤੋਂ ਪ੍ਰਵਾਨਗੀ ਪ੍ਰਾਪਤ ਕਰਨਾ ਇੱਕ ਲਾਜ਼ਮੀ ਪੂਰਵ ਸ਼ਰਤ ਹੈ। ਨਤੀਜੇ ਵਜੋਂ ਲਗਭਗ ਦੋ-ਤਿਹਾਈ ਰਾਜਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੀਮਤਾਂ ਵਧਾਉਣਾ ਸੰਭਵ ਨਹੀਂ ਹੈ।

## ਝਾਰਖੰਡ 'ਚ 12 ਸਾਲਾ ਕੁੜੀ ਨਾਲ ਜ਼ਬਰ-ਜ਼ਿਨਾਹ, ਫਿਰ ਕਰ 'ਤਾ ਕਤਲ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 3 ਅਪ੍ਰੈਲ। ਝਾਰਖੰਡ ਦੇ ਹਜ਼ਾਰੀਬਾਗ ਵਿੱਚ ਇੱਕ ਅਜਿਹੀ ਬੇਰਹਿਮ ਘਟਨਾ ਵਾਪਰੀ, ਜਿਸ ਦੇ ਲੋਕਾਂ ਦੇ ਦਿਲ ਕਬਾ ਕੇ ਰੱਖ ਦਿੱਤੇ। ਇਥੇ ਅਪਰਾਧੀਆਂ ਦੇ ਇੱਕ ਸਮੂਹ ਵਲੋਂ 12 ਸਾਲ ਦੀ ਇੱਕ ਬੱਚੀ ਨਾਲ ਬਲਾਤਕਾਰ ਕੀਤਾ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਕੁੜੀ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਅਤੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ। ਇਹ ਘਟਨਾ ਜ਼ਿਲ੍ਹੇ ਦੇ ਵਿਸ਼ਨੂੰਗੜ੍ਹ ਥਾਣਾ ਖੇਤਰ ਵਿੱਚ ਸਥਿਤ ਕੁਸੁੰਬਾ ਪਿੰਡ ਵਿੱਚ ਵਾਪਰੀ। ਦੱਸਿਆ ਜਾ ਰਿਹਾ ਹੈ ਕਿ ਕੁੜੀ ਅਚਾਨਕ ਲਾਪਤਾ ਹੋ ਗਈ। ਜਦੋਂ ਉਹ ਕਾਫ਼ੀ ਦੇਰ ਤੱਕ ਘਰ ਨਹੀਂ ਪਰਤੀ, ਤਾਂ ਉਸਦੇ ਪਰਿਵਾਰ ਨੇ ਉਸਦੀ ਭਾਲ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸਾਰੀ ਰਾਤ ਉਸਦੀ ਭਾਲ ਕੀਤੀ ਪਰ ਉਸਦਾ ਕਿਤੇ ਵੀ ਪਤਾ ਨਹੀਂ ਲੱਗਿਆ। ਅਗਲੇ ਦਿਨ ਪਿੰਡ ਵਾਸੀਆਂ ਨੇ ਸਕੂਲ ਦੇ ਪਿੱਛੇ ਇੱਕ ਬਾਂਸ ਦੇ ਦਰੱਖਤ ਹੇਠ ਕੁੜੀ ਦੀ ਲਾਸ਼ ਦੇਖੀ। ਕੁੜੀ ਦੀ ਲਾਸ਼ ਦੇਖ ਕੇ ਪਰਿਵਾਰ ਬਹੁਤ ਦੁਖੀ ਹੋ ਗਿਆ। ਉਸਦੇ ਪੂਰੇ ਸਰੀਰ 'ਤੇ ਡੂੰਘੇ ਜ਼ਖ਼ਮਾਂ ਦੇ ਨਿਸ਼ਾਨ ਸਨ ਅਤੇ ਉਸਦੇ ਦੰਦ ਟੁੱਟੇ ਹੋਏ ਸਨ। ਉਸ ਦੇ ਗੁਪਤ ਅੰਗਾਂ ਵਿੱਚ ਲੱਕੜ ਦਾ ਇੱਕ ਟੁਕੜਾ ਫਸਿਆ ਹੋਇਆ ਸੀ। ਘਟਨਾ ਵਾਲੀ ਥਾਂ 'ਤੇ ਖ਼ੂਨ ਦੇ ਧੱਬੇ ਖਿੰਡੇ ਹੋਏ ਸਨ। ਪਰਿਵਾਰ ਦਾ ਦੋਸ਼ ਹੈ ਕਿ ਲੜਕੀ ਦੀ ਪਛਾਣ ਉਜਾਗਰ ਹੋਣ ਦੇ




ਡਰੋਂ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚੀ। ਜ਼ਿਲ੍ਹਾ ਹੈੱਡਕੁਆਰਟਰ ਤੋਂ ਇੱਕ ਫੋਰੈਂਸਿਕ ਟੀਮ ਅਤੇ ਡੌਗ ਸਕੁਐਡ ਬੁਲਾਇਆ ਗਿਆ। ਪਿੰਡ ਵਾਸੀਆਂ ਨੇ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ।

## ਅਫ਼ੀਮ ਤੇ ਡਰੱਗ ਮਨੀ ਸਮੇਤ 3 ਮੁਲਜ਼ਮ ਗ੍ਰਿਫ਼ਤਾਰ

ਨੂਰਪੁਰ ਬੇਦੀ 3 ਅਪ੍ਰੈਲ। ਨੂਰਪੁਰ ਬੇਦੀ ਨੇ 886 ਗਰਾਮ ਅਫ਼ੀਮ ਤੇ ਡਰੱਗ ਮਨੀ ਸਮੇਤ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਇੰਸਪੈਕਟਰ ਰੋਹਿਤ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਪੁਲਸ ਪਾਰਟੀ ਲਗਾਤਾਰ ਗਸ਼ਤ ਕਰ ਰਹੀ ਸੀ ਅਤੇ ਪਿੰਡ ਬਸਾਲੀ ਨੇੜੇ ਮੇਨ ਗੇਟ ਗੁਰਦੁਆਰਾ ਝਿੜੀ ਸਾਹਿਬ ਵਿਖੇ ਨਾਕਾਬੰਦੀ ਦੌਰਾਨ ਆਉਂਦੇ ਜਾਂਦੇ ਸ਼ੱਕੀ ਵ?ਹੀਕਲਾਂ ਦੀ ਚੈਕਿੰਗ ਕਰ ਰਹੇ ਸੀ। ਲਗਭਗ ਇਕ ਵੱਜ ਕੇ 25 ਮਿੰਟ ਦਾ ਸਮਾਂ ਹੋਵੇਗਾ ਪਿੰਡ ਵਾਲੇਵਾਲ ਸਾਈਟ ਤੋਂ ਇਕ ਕਾਰ ਨੰਬਰ ਸੀ. ਐੱਚ. 04 9536 ਮਾਰਕਾ ਆਲਟੋ ਰੰਗ ਸਿਲਵਰ ਵਿਚ ਤਿੰਨ ਵਿਅਕਤੀ ਸਵਾਰ ਸਨ ਚੈਕਿੰਗ ਦੌਰਾਨ ਪੁੱਛਣ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਨਾਮ ਦਿਨੇਸ਼




ਸਿੰਘ ਉਰਫ਼ ਬੰਟੀ ਪੁੱਤਰ ਚੰਚਲ ਸਿੰਘ ਵਾਸੀ ਪਲਾਟਾ ਥਾਣਾ ਨੂਰਪੁਰ ਬੇਦੀ ਅਤੇ ਉਸ ਦੇ ਨਾਲ ਬੈਠੇ ਸਾਥੀ ਗੁਰਮੀਤ ਸਿੰਘ ਉਰਫ਼ ਗੋਲਡੀ ਪੁੱਤਰ ਰਾਮ ਕੁਮਾਰ ਵਾਸੀ ਕਾਨਪੁਰਹੀ ਅਤੇ ਰਵਿੰਦਰ ਕੁਮਾਰ ਉਰਫ਼ ਰਵੀ ਪੁੱਤਰ ਜਗਨਾਥ ਬਾਸੀ ਪਿੰਡ ਵਾਲੇਵਾਲ ਨੂਰਪੁਰ ਬੇਦੀ ਵਜੋਂ ਸ਼ਨਾਖਤ ਕੀਤੀ ਗਈ। ਇਨ੍ਹਾਂ ਤਿੰਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਜਦੋਂ ਉਨ੍ਹਾਂ ਦੀ ਤਲਾਸ਼ੀ ਕੀਤੀ ਗਈ ਤਾਂ ਕਾਰ ਵਿੱਚੋਂ ਇਕ ਮੋਮੀ ਲਿਫ਼ਾਫ਼ਾ ਮਿਲਿਆ, ਜਿਸ 'ਚ 886 ਗਰਾਮ ਅਫ਼ੀਮ ਬਰਾਮਦ ਹੋਈ ਅਤੇ ਮੋਮੀ ਲਿਫ਼ਾਫ਼?ਆਂ ਦੇ ਨਾਲ ਪੰਜ-ਪੰਜ ਸੌ ਰੁਪਏ ਦੇ 96 ਨੋਟ ਕੁੱਲ 45 ਹਜ਼ਾਰ ਰੁਪਏ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਦੋਸ਼ੀਆਂ ਖ਼?ਲਾਫ਼ ਐੱਨ. ਡੀ. ਪੀ. ਐੱਸ. ਐਕਟ ਅਨੁਸਾਰ ਮੁਕਦਮਾ ਦਰਜ ਕਰਕੇ ਰਜਿਸਟਰ ਕੀਤਾ ਗਿਆ ਅਤੇ ਦੋਸ਼ੀਆਂ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਲਿਆ ਜਾਵੇਗਾ ਅਤੇ ਡੂੰਘਾਈ ਨਾਲ ਪੁੱਛਗਿਛ ਕੀਤੀ ਜਾਵੇਗੀ।

## ਰਿਸ਼ੀਕੇਸ਼ 'ਚ ਵਿਜੀਲੈਂਸ ਦੀ ਵੱਡੀ ਕਾਰਵਾਈ ! ਸਿੱਖਿਆ ਵਿਭਾਗ ਦਾ ਅਧਿਕਾਰੀ ਰਿਸ਼ਵਤ ਲੈਂਦਾ ਰੰਗੇ ਹੱਥੀਂ ਕੀਤਾ ਕਾਬੂ

ਨੈਸ਼ਨਲ ਡੈਸਕ 3 ਅਪ੍ਰੈਲ। ਉੱਤਰਾਖੰਡ ਦੇ ਰਿਸ਼ੀਕੇਸ਼ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਵਿਜੀਲੈਂਸ ਦੀ ਟੀਮ ਨੇ ਸਿੱਖਿਆ ਵਿਭਾਗ ਦੇ ਇੱਕ ਅਧਿਕਾਰੀ ਨੂੰ ਬੁੱਧਵਾਰ ਨੂੰ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਅਧਿਕਾਰੀ ਦੇ ਨਾਲ-ਨਾਲ ਇੱਕ ਵਿਚੋਲੇ ਨੂੰ ਵੀ ਹਿਰਾਸਤ ਵਿੱਚ ਲਿਆ ਹੈ। ਮਿਲੀ ਜਾਣਕਾਰੀ ਅਨੁਸਾਰ ਇੱਕ ਨਿੱਜੀ ਸਕੂਲ ਦੇ ਮੈਨੇਜਰ ਨੇ ਵਿਜੀਲੈਂਸ ਦੇ ਟੋਲ-ਫ?ਰੀ ਨੰਬਰ 1064 'ਤੇ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਅਨੁਸਾਰ, ਸਕੂਲ ਦੀ ਮਾਨਤਾ ਦੇ ਨਵੀਨੀਕਰਨ ਲਈ ਸਕਾਰਾਤਮਕ ਰਿਪੋਰਟ ਭੇਜਣ ਦੇ ਬਦਲੇ ਸਬੰਧਤ ਅਧਿਕਾਰੀ ਵੱਲੋਂ 20,000 ਰੁਪਏ ਦੀ ਮੰਗ ਕੀਤੀ ਜਾ ਰਹੀ ਸੀ। ਸ਼ਿਕਾਇਤ ਦੀ ਮੁਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ। ਜਿਵੇਂ ਹੀ ਅਧਿਕਾਰੀ ਨੇ ਤੈਅ ਯੋਜਨਾ ਅਨੁਸਾਰ ਰਿਸ਼ਵਤ ਦੀ ਰਕਮ ਫੜੀ, ਟੀਮ ਨੇ ਉਸ ਨੂੰ ਮੌਕੇ 'ਤੇ ਹੀ ਦਬੋਚ ਲਿਆ। ਗ੍ਰਿਫ਼ਤਾਰੀ ਤੋਂ ਤੁਰੰਤ ਬਾਅਦ ਸਿੱਖਿਆ ਵਿਭਾਗ ਨੇ ਦੋਸ਼ੀ ਅਧਿਕਾਰੀ ਨੂੰ ਮੁਅੱਤਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਰਕਾਰੀ ਨਿਯਮਾਂ ਅਨੁਸਾਰ, ਜੇਕਰ ਕੋਈ ਅਧਿਕਾਰੀ 48 ਘੰਟਿਆਂ ਤੋਂ ਵੱਧ ਸਮਾਂ ਨਿਆਇਕ ਹਿਰਾਸਤ ਵਿੱਚ ਰਹਿੰਦਾ ਹੈ, ਤਾਂ ਉਸ ਦੀ ਮੁਅੱਤਲੀ ਲਾਜ਼ਮੀ ਹੁੰਦੀ ਹੈ। ਸਿੱਖਿਆ ਡਾਇਰੈਕਟਰ ਜਨਰਲ ਨੂੰ ਇਸ ਮਾਮਲੇ ਦੀ ਰਿਪੋਰਟ ਜਲਦ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਜੀਲੈਂਸ ਦੀ ਟੀਮ ਹੁਣ ਮੁਲਜ਼ਮ ਅਧਿਕਾਰੀ ਦੀ ਚੱਲ ਅਤੇ ਅਚੱਲ ਜਾਇਦਾਦ ਦੀ ਵੀ ਜਾਂਚ ਕਰ ਰਹੀ ਹੈ। ਸੂਤਰਾਂ ਅਨੁਸਾਰ, ਇਹ ਪਤਾ ਲਗਾਇਆ ਜਾਵੇਗਾ ਕਿ ਅਧਿਕਾਰੀ ਕੋਲ ਆਪਣੀ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਤਾਂ ਨਹੀਂ ਹੈ।

## ਔਰਤਾਂ ਦੇ ਕੱਪੜੇ ਪਹਿਨ ਕੇ ਭੀਖ ਮੰਗਣ ਵਾਲਿਆਂ ਨੂੰ ਪੈਸੇ ਨਾ ਦੇਣ 'ਤੇ ਕਾਰ ਚਾਲਕ ਨਾਲ ਬਦਸਲੂਕੀ

**ਕੌਮੀ ਪਤ੍ਰਿਕਾ**

ਜਲੰਧਰ 3 ਅਪ੍ਰੈਲ। ਪਠਾਨਕੋਟ ਚੌਂਕ 'ਤੇ ਔਰਤਾਂ ਦੇ ਕੱਪੜੇ ਪਹਿਨ ਕੇ ਭੀਖ ਮੰਗਣ ਵਾਲਿਆਂ ਨੇ ਕਾਰ ਚਾਲਕ ਵੱਲੋਂ ਪੈਸੇ ਨਾ ਦੇਣ 'ਤੇ ਉਸ ਨਾਲ ਬਦਸਲੂਕੀ ਸ਼ੁਰੂ ਕਰ ਦਿੱਤੀ। ਕਾਰ ਚਾਲਕ ਨੇ ਵਿਰੋਧ ਕੀਤਾ ਤਾਂ ਉਹ ਲੋਕ ਝਗੜੇ 'ਤੇ ਉਤਾਰੂ ਹੋ ਗਏ ਪਰ ਜਦੋਂ ਚੌਂਕ 'ਤੇ ਤਾਇਨਾਤ ਟ?ਰੈਫਿਕ ਮੁਲਾਜ਼ਮਾਂ ਨੇ ਕਾਰ ਚਾਲਕ ਨੂੰ ਪੁਲਸ ਕੰਟਰੋਲ ਰੂਮ 'ਚ ਫੋਨ ਕਰਨ ਦੀ ਸਲਾਹ ਦਿੱਤੀ ਤਾਂ ਉਕਤ ਲੋਕਾਂ ਨੇ ਉਲਟਾ ਸ਼ਰੇਆਮ ਟ?ਰੈਫਿਕ ਮੁਲਾਜ਼ਮਾਂ ਨੂੰ ਵੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਾਣਕਾਰੀ ਅਨੁਸਾਰ ਬੁੱਧਵਾਰ ਦੁਪਹਿਰ ਸਮੇਂ ਇਕ ਕਾਰ ਚਾਲਕ ਪਠਾਨਕੋਟ ਚੌਂਕ 'ਤੇ ਰੈੱਡ ਲਾਈਟ 'ਤੇ ਖੜ੍ਹਾ ਸੀ। ਅਜਿਹੇ ਵਿਚ ਇਕ ਕਥਿਤ ਕਿੰਨਰ ਕਾਰ ਚਾਲਕ ਤੋਂ ਪੈਸੇ ਮੰਗਣ ਲੱਗਾ। ਕਾਰ ਚਾਲਕ ਨੇ ਉਸ ਨੂੰ ਖੁੱਲ੍ਹੇ ਪੈਸੇ ਨਾ ਹੋਣ ਦੀ ਗੱਲ ਕਹੀ ਤਾਂ ਪੈਸੇ ਮੰਗਣ ਵਾਲੇ ਨੇ ਉਸ 'ਤੇ ਭੱਦੀ ਟਿੱਪਣੀ ਕਰ ਦਿੱਤੀ। ਕਾਰ ਚਾਲਕ ਨੇ ਵਿਰੋਧ ਕੀਤਾ ਤਾਂ ਭੀਖ ਮੰਗਣ ਵਾਲਿਆਂ ਨੇ ਉਸ ਨਾਲ ਬਦਸਲੂਕੀ ਸ਼ੁਰੂ ਕਰ ਦਿੱਤੀ, ਜਿਸ ਤੋਂ ਬਾਅਦ ਕਾਰ ਚਾਲਕ ਨੇ



ਵੀ ਗੱਡੀ ਸਾਈਡ 'ਤੇ ਖੜ੍ਹੀ ਕਰ ਕੇ ਕਥਿਤ ਕਿੰਨਰ ਨਾਲ ਬਹਿਸ ਸ਼ੁਰੂ ਕਰ ਦਿੱਤੀ। ਅਜਿਹੇ ਵਿਚ ਹੋਰ ਭੀਖ ਮੰਗਣ ਵਾਲੇ ਵੀ ਇਕੱਠੇ ਹੋ ਗਏ। ਚੌਂਕ 'ਤੇ ਹੰਗਾਮਾ ਹੁੰਦਾ ਵੇਖ ਕੇ ਉਥੇ ਤਾਇਨਾਤ ਟ?ਰੈਫਿਕ ਮੁਲਾਜ਼ਮ ਵੀ ਪਹੁੰਚ ਗਏ। ਉਨ੍ਹਾਂ ਨੇ ਕਾਰ ਚਾਲਕ ਨੂੰ ਪੁਲਸ ਕੰਟਰੋਲ ਰੂਮ ਵਿਚ ਸੂਚਨਾ ਦੇਣ ਦੀ ਗੱਲ ਕਹੀ ਤਾਂ ਕਥਿਤ ਕਿੰਨਰਾਂ ਨੇ ਪੁਲਸ ਮੁਲਾਜ਼ਮਾਂ ਨਾਲ ਹੀ ਸ਼ਰੇਆਮ ਗਾਲੀ-ਗਲੋਚ ਸ਼ੁਰੂ ਕਰ ਦਿੱਤਾ ਅਤੇ ਚੌਂਕ ਵਿਚਕਾਰ ਕੱਪੜੇ ਉਤਾਰਨ ਦੀਆਂ ਧਮਕੀਆਂ ਦੇਣ ਲੱਗੇ। ਇਸ ਤਰ੍ਹਾਂ ਦੇ ਹਾਲਾਤ ਦੇਖ ਕੇ ਕਾਰ ਚਾਲਕ ਖੁਦ ਹੀ ਬਿਨਾਂ ਕੋਈ ਕਾਰਵਾਈ ਕਰਵਾਏ ਉਥੋਂ ਚਲਾ ਗਿਆ ਪਰ ਹੈਰਾਨੀ ਦੀ ਗੱਲ ਹੈ ਕਿ ਇਸ ਤਰ੍ਹਾਂ ਚੌਂਕ 'ਤੇ ਕਿਸ ਦੀ ਸ਼ਹਿ 'ਤੇ ਧੱਕੇ ਨਾਲ ਲੋਕਾਂ ਤੋਂ ਪੈਸੇ ਵਸੂਲੇ ਜਾਂਦੇ ਹਨ। ਇਹ ਇਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਸ਼ਹਿਰ ਦੇ ਕਈ ਅਜਿਹੇ ਚੌਂਕ ਹਨ, ਜਿੱਥੇ ਰੈੱਡ ਲਾਈਟਾਂ 'ਤੇ ਖੜ੍ਹੇ ਲੋਕਾਂ ਤੋਂ ਜ਼ਬਰਦਸਤੀ ਪੈਸੇ ਮੰਗੇ ਜਾਂਦੇ ਹਨ ਅਤੇ ਨਾ ਦੇਣ 'ਤੇ ਲੋਕਾਂ ਨਾਲ ਗਲਤ ਟਿੱਪਣੀ ਵੀ ਕੀਤੀ ਜਾਂਦੀ ਹੈ।

## ਟਰੈਕਟਰ ਵੱਲੋਂ ਟੱਕਰ ਮਾਰਨ ਨਾਲ ਮੋਟਰਸਾਈਕਲ ਸਵਾਰ ਦੀ ਮੌਤ ; ਪਤਨੀ ਤੇ ਬੱਚੇ ਜ਼ਖ਼ਮੀ

ਤਰਨਤਾਰਨ 3 ਅਪ੍ਰੈਲ। ਤਰਨਤਾਰਨ-ਝਬਾਲ ਮਾਰਗ 'ਤੇ ਪੈਂਦੇ ਪਿੰਡ ਨੂਰਦੀ ਦੇ ਕੋਲ ਇਕ ਟਰੈਕਟਰ ਚਾਲਕ ਵੱਲੋਂ ਟੱਕਰ ਮਾਰਨ ਨਾਲ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਅਤੇ ਦੋ ਬੱਚਿਆਂ ਦੇ ਸੱਟਾਂ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਟਰੈਕਟਰ ਚਾਲਕ ਵਿਰੁੱਧ ਕੇਸ ਦਰਜ ਕਰ ਲਿਆ ਹੈ। ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਗੁਰਪ੍ਰੀਤ ਸਿੰਘ ਪੁੱਤਰ ਪਰਸ਼ਾ ਸਿੰਘ ਵਾਸੀ ਪਿੰਡ ਬੱਠੇ ਭੈਣੀ ਨੇ ਦੱਸਿਆ ਕਿ ਬੀਤੇ ਦਿਨ ਉਹ ਆਪਣੇ ਰਿਸ਼ਤੇਦਾਰਾਂ ਦੇ ਘਰ ਪ੍ਰੋਗਰਾਮ ਵੇਖਣ ਤੋਂ ਬਾਅਦ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਆਪਣੇ




ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਸਹੁਰੇ ਪਿੰਡ ਕੈਰੋਂਵਾਲ ਨੂੰ ਜਾ ਰਿਹਾ ਸੀ। ਉਸ ਦੇ ਅੱਗੇ-ਅੱਗੇ ਉਸ ਦਾ ਸਾਂਢੂ ਰਣਧੀਰ ਸਿੰਘ ਆਪਣੀ ਪਤਨੀ ਕੋਮਲਪ੍ਰੀਤ ਕੌਰ ਅਤੇ ਬੱਚਿਆਂ ਨਾਲ ਜਾ ਰਿਹਾ ਸੀ। ਜਦੋਂ ਉਹ ਪਿੰਡ ਨੂਰਦੀ ਕੋਲ ਪੁੱਜੇ ਤਾਂ ਅਚਾਨਕ ਬਿਨਾਂ ਨੰਬਰੀ ਟਰੈਕਟਰ-ਟਰਾਲੀ ਸਵਾਰ ਵਿਅਕਤੀ ਨੇ ਉਸ ਦੇ ਸਾਂਢੂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਮੋਟਰਸਾਈਕਲ ਹੇਠਾਂ ਡਿੱਗਣ ਕਰਕੇ ਉਸ ਦੇ ਸਾਂਢੂ ਰਣਧੀਰ ਸਿੰਘ ਦੀ ਸਿਰ 'ਚ ਸੱਟ ਲੱਗਣ ਕਾਰਨ ਮੌਕੇ 'ਤੇ ਮੌਤ ਹੋ ਗਈ, ਜਦਕਿ ਪਤਨੀ ਅਤੇ ਬੱਚੇ ਸੱਟਾਂ ਲੱਗਣ ਕਰਕੇ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਸਰਕਾਰੀ ਹਸਪਤਾਲ ਤਰਨਤਾਰਨ ਦਾਖ਼ਲ ਕਰਵਾਇਆ ਗਿਆ। ਇਸ ਸਬੰਧੀ ਏ. ਐੱਸ. ਆਈ. ਗੁਰਭੇਜ ਸਿੰਘ ਨੇ ਦੱਸਿਆ ਕਿ ਟਰੈਕਟਰ ਚਾਲਕ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਦਬੁਰਜੀ ਵਜੋਂ ਹੋਈ ਹੈ। ਉਸ ਦੇ ਖ਼?ਲਾਫ਼ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ।

## ਤੇਜ਼ ਰ.ਫਤਾਰ ਰੋਡਵੇਜ਼ ਬੱਸ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਹਾਦਸੇ 'ਚ 2 ਲੋਕਾਂ ਦੀ ਦਰਦਨਾਕ ਮੌਤ

ਨੈਸ਼ਨਲ ਡੈਸਕ 3 ਅਪ੍ਰੈਲ। ਅਮੇਠੀ ਜ਼ਿਲ੍ਹੇ ਦੇ ਪੀਪਰਪੁਰ ਥਾਣਾ ਖੇਤਰ ਅਧੀਨ ਪੈਂਦੇ ਦੁਰਗਾਪੁਰ ਚੌਰਾਹੇ 'ਤੇ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਤੇਜ਼ ਰ.ਫਤਾਰ ਰੋਡਵੇਜ਼ ਬੱਸ ਨੇ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪੁਲਸ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾਂ ਦੀ ਪਛਾਣ ਸੰਗਰਾਮਪੁਰ ਥਾਣਾ ਖੇਤਰ ਦੇ ਪਿੰਡ ਚੰਡੇਰੀਆ ਦੇ ਰਹਿਣ ਵਾਲੇ ਰੇਹਾਨ ਅਲੀ (40) ਅਤੇ ਰਮਜ਼ਾਨ ਅਲੀ (60) ਵਜੋਂ ਹੋਈ ਹੈ। ਇਹ ਦੋਵੇਂ ਵੀਰਵਾਰ ਦੁਪਹਿਰ ਨੂੰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਹੇ ਸਨ, ਜਦੋਂ ਦੁਰਗਾਪੁਰ ਚੌਰਾਹੇ 'ਤੇ ਬੱਸ ਨੇ ਉਨ੍ਹਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਹਾਦਸੇ ਵਿੱਚ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਸਨ, ਜਿਨ੍ਹਾਂ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਸੁਲਤਾਨਪੁਰ ਲਿਜਾਇਆ ਗਿਆ, ਪਰ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਪੀਪਰਪੁਰ ਥਾਣੇ ਦੇ ਇੰਚਾਰਜ ਇੰਸਪੈਕਟਰ ਸ੍ਰੀਰਾਮ ਪਾਂਡੇ ਨੇ ਦੱਸਿਆ ਕਿ ਮ੍ਰਿਤਕ ਦੇਹਾਂ ਦਾ ਪੋਸਟਮਾਰਟਮ ਸੁਲਤਾਨਪੁਰ ਵਿਖੇ ਨਿਯਮਾਂ ਅਨੁਸਾਰ ਕਰਵਾਇਆ ਜਾਵੇਗਾ।

## ਫੋਨ 'ਤੇ ਕਰਵਾ'ਤੀ ਮਹਿਲਾ ਦੀ ਡਿਲਵਰੀ ! ਇਲਾਜ ਦੌਰਾਨ ਦੋਵਾਂ ਦੀ ਮੌਤ, ਹਸਪਤਾਲ ਸੀਲ

**ਕੌਮੀ ਪਤ੍ਰਿਕਾ**

ਅਯੁੱਧਿਆ 3 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਅਯੁੱਧਿਆ ਜ਼ਿਲ੍ਹੇ ਵਿੱਚ ਇੱਕ ਨਿੱਜੀ ਹਸਪਤਾਲ ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ, ਜਿੱਥੇ ਗੈਰ-ਸਿਖਲਾਈ ਪ੍ਰਾਪਤ ਸਟਾਫ ਦੁਆਰਾ ਡਾਕਟਰ ਦੇ ਫ਼ੋਨ 'ਤੇ ਦਿੱਤੇ ਨਿਰਦੇਸ਼ਾਂ ਅਨੁਸਾਰ ਡਿਲੀਵਰੀ ਕਰਵਾਉਣ ਕਾਰਨ ਇੱਕ 32 ਸਾਲਾ ਔਰਤ ਅਤੇ ਉਸਦੇ ਨਵਜੰਮੇ ਬੱਚੇ ਦੀ ਮੌਤ ਹੋ ਗਈ। ਇਸ ਦਰਦਨਾਕ ਘਟਨਾ ਤੋਂ ਬਾਅਦ ਸਿਹਤ ਵਿਭਾਗ ਨੇ ਸਖ਼ਤ ਕਾਰਵਾਈ ਕਰਦਿਆਂ ਹਸਪਤਾਲ ਨੂੰ ਸੀਲ ਕਰ ਦਿੱਤਾ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਬੇਨੀਗੰਜ ਦੇ ਰਹਿਣ ਵਾਲੇ ਸੁਰੇਸ਼ ਯਾਦਵ ਨੇ ਦੱਸਿਆ ਕਿ ਉਸ ਨੇ ਆਪਣੀ ਪਤਨੀ ਸੋਨੀ ਯਾਦਵ ਨੂੰ ਜਣੇਪੇ ਦੇ ਦਰਦ ਤੋਂ ਬਾਅਦ ਫੈਜ਼ਾਬਾਦ ਸ਼ਹਿਰ ਦੇ 'ਮਾਂ ਪਰਮੇਸ਼ਵਰੀ ਦੇਵੀ ਮੈਮੋਰੀਅਲ ਹਸਪਤਾਲ' ਵਿੱਚ ਭਰਤੀ ਕਰਵਾਇਆ ਸੀ। ਪਰਿਵਾਰ ਦਾ ਦੋਸ਼ ਹੈ ਕਿ ਡਿਲੀਵਰੀ ਦੇ ਸਮੇਂ ਡਾਕਟਰ ਅੰਜਲੀ ਸ਼੍ਰੀਵਾਸਤਵ ਹਸਪਤਾਲ ਵਿੱਚ ਮੌਜੂਦ ਨਹੀਂ ਸੀ। ਸੁਰੇਸ਼ ਨੇ ਇਲਜ਼ਾਮ ਲਾਇਆ ਕਿ ਡਾਕਟਰ ਫ਼ੋਨ 'ਤੇ ਸਟਾਫ ਨੂੰ ਨਿਰਦੇਸ਼ ਦੇ ਰਹੀ ਸੀ ਕਿ ਡਿਲੀਵਰੀ ਕਿਵੇਂ ਕਰਨੀ ਹੈ। ਡਿਲੀਵਰੀ ਤੋਂ ਅੱਧੇ ਘੰਟੇ ਬਾਅਦ ਸਟਾਫ ਨੇ ਬੱਚਾ ਪਰਿਵਾਰ ਨੂੰ ਸੌਂਪ ਦਿੱਤਾ ਅਤੇ ਕਿਹਾ ਕਿ ਉਹ ਸਾਹ ਨਹੀਂ ਲੈ ਰਿਹਾ। ਜਦੋਂ ਬੱਚੇ ਨੂੰ ਨੇੜਲੇ ਦੂਜੇ ਡਾਕਟਰ ਕੋਲ ਲਿਜਾਇਆ ਗਿਆ ਤਾਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਤੋਂ ਤੁਰੰਤ ਬਾਅਦ ਸੋਨੀ ਦੀ ਹਾਲਤ ਵੀ ਵਿਗੜ ਗਈ ਅਤੇ ਦੂਜੇ ਹਸਪਤਾਲ ਲਿਜਾਂਦੇ ਸਮੇਂ ਉਸ ਦੀ ਵੀ ਮੌਤ ਹੋ ਗਈ। ਵਧੀਕ ਮੁੱਖ ਮੈਡੀਕਲ ਅਫਸਰ (13$®) ਡਾ. ਆਸ਼ੂਤੋਸ਼ ਸ਼੍ਰੀਵਾਸਤਵ ਦੀ ਅਗਵਾਈ ਵਿੱਚ ਜਦੋਂ ਸਿਹਤ ਵਿਭਾਗ ਦੀ ਟੀਮ ਨੇ ਹਸਪਤਾਲ ਦਾ ਨਿਰੀਖਣ ਕੀਤਾ, ਤਾਂ ਉੱਥੇ ਕੋਈ ਵੀ ਯੋਗ ਡਾਕਟਰ ਜਾਂ ਸਿਖਲਾਈ ਪ੍ਰਾਪਤ ਮੈਡੀਕਲ ਸਟਾਫ ਮੌਜੂਦ ਨਹੀਂ ਸੀ। ਹਸਪਤਾਲ ਦੇ ਪ੍ਰਬੰਧਕ ਵਜੋਂ ਆਪਣੀ ਪਛਾਣ ਦੱਸਣ ਵਾਲਾ ਮਹੇਸ਼ ਸਿੰਘ ਨਾਂ ਦਾ ਵਿਅਕਤੀ ਹੀ ਸਾਰੇ ਕੰਮ ਦੇਖ ਰਿਹਾ ਸੀ। ਹੈਰਾਨੀ ਦੀ ਗੱਲ ਇਹ ਸੀ ਕਿ ਤਿੰਨ ਹੋਰ ਔਰਤਾਂ ਜਿਨ੍ਹਾਂ ਦਾ ਸਿਜੇਰੀਅਨ ਆਪ੍ਰੇਸ਼ਨ ਹੋਇਆ ਸੀ, ਉਨ੍ਹਾਂ ਦੀ ਦੇਖਭਾਲ ਵੀ ਇਹ ਮੈਨੇਜਰ ਹੀ ਕਰ ਰਿਹਾ ਸੀ। ACMO ਨੇ ਦੱਸਿਆ ਕਿ ਹਸਪਤਾਲ ਦਾ ਰਿਕਾਰਡ ਅਧੂਰਾ ਸੀ, ਡਾਕਟਰ ਦੇ ਦਸਤਾਵੇਜ਼ ਨਹੀਂ ਮਿਲੇ ਅਤੇ ਮੈਡੀਕਲ ਵੇਸਟ ਦਾ ਪ੍ਰਬੰਧ ਵੀ ਮਾੜਾ ਸੀ। ਪ੍ਰਸ਼ਾਸਨ ਨੇ ਹਸਪਤਾਲ ਨੂੰ ਸੀਲ ਕਰ ਦਿੱਤਾ ਹੈ ਅਤੇ ਉੱਥੇ ਦਾਖਲ ਮਰੀਜ਼ਾਂ ਨੂੰ ਸਰਕਾਰੀ ਮਹਿਲਾ ਹਸਪਤਾਲ ਵਿੱਚ ਸ਼ਿਫਟ ਕਰ ਦਿੱਤਾ ਗਿਆ ਹੈ। ਫਿਲਹਾਲ ਮੁਲਜ਼ਮ ਡਾਕਟਰ ਫਰਾਰ ਹੈ ਅਤੇ ਪੁਲਸ ਜਾਂਚ ਤੋਂ ਬਾਅਦ ਐਫ.ਆਈ.ਆਰ. ਦਰਜ ਕਰਨ ਦੀ ਤਿਆਰੀ ਕਰ ਰਹੀ ਹੈ। ਸੁਰੇਸ਼ ਯਾਦਵ, ਜਿਸ ਦਾ ਵਿਆਹ ਪਿਛਲੇ ਸਾਲ ਅਪ੍ਰੈਲ ਵਿੱਚ ਹੋਇਆ ਸੀ, ਨੇ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਉਸ ਨੇ ਭਰੇ ਮਨ ਨਾਲ ਕਿਹਾ, ਹਸਪਤਾਲ ਦੀ ਲਾਪਰਵਾਹੀ ਨੇ ਸਾਡੀਆਂ ਸਾਰੀਆਂ ਖੁਸ਼ੀਆਂ ਚਕਨਾਚੂਰ ਕਰ ਦਿੱਤੀਆਂ ਹਨ।

## ਚੋਰਾਂ ਦਾ ਕਾਰਨਾਮਾ, ਇਕੋ ਰਾਤ 8 ਦੁਕਾਨਾਂ 'ਤੇ ਚੋਰੀ, ਦਵਾਈਆਂ ਵੀ ਨਹੀਂ ਛੱਡੀਆਂ

ਗੁਰਦਾਸਪੁਰ 3 ਅਪ੍ਰੈਲ। ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਰੋਡ 'ਤੇ ਪੈਂਦੇ ਨਜ਼ਦੀਕੀ ਪਿੰਡ ਬੱਬੇਹਾਲੀ ਅੱਡੇ 'ਤੇ ਬੇਖੌਫ ਚੋਰਾਂ ਵੱਲੋਂ ਇਕੋ ਰਾਤ ਅੱਠ ਦੁਕਾਨਾਂ 'ਤੇ ਚੋਰੀ ਕਰਨ ਦੀ ਖਬਰ ਸਾਹਮਣੇ ਆਈ ਹੈ। ?ਦੱਸਣਯੋਗ ਹੈ ਕਿ ਚੋਰਾਂ ਵੱਲੋਂ ਅੱਡੇ 'ਤੇ ਸਥਿਤ ਸ਼ਰਾਬ ਦੇ ਠੇਕੇ ,ਦਵਾਈਆਂ ਦੀ ਦੁਕਾਨ ,ਪੇਟ ਦੀ ਦੁਕਾਨ ਅਤੇ ਹੋਰ ਕਈ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਲੱਖ ਰੁਪਏ ਤੋਂ ਵੱਧ ਨਕਦੀ ਅਤੇ ਹੋਰ ਸਮਾਨ ਚੋਰੀ ਕਰਕੇ ਲੈ ਗਏ । ਇੱਥੋਂ ਤੱਕ ਕਿ ਮੈਡੀਕਲ ਸਟੋਰ ਤੋਂ ਬੱਚਿਆਂ ਦੇ ਸੁੱਕੇ ਦੁੱਧ ਦੇ ਡੱਬੇ ਤੇ ਦਵਾਈਆਂ ਵੀ ਨਹੀਂ ਛੱਡੀਆਂ ਗਈਆਂ । ਚੋਰ ਸ਼ਰਾਬ ਦੇ ਠੇਕੇ ਤੋਂ ਮਹਿੰਗਿਆ ਸ਼ਰਾਬ ਦੀਆਂ ਬੋਤਲਾਂ ਤੇ ਕੁਝ ਨਗਦੀ ਵੀ ਚੋਰੀ ਕਰਕੇ ਲੈ ਗਏ ਹਨ। ਦੁਕਾਨਦਾਰਾਂ ਅਨੁਸਾਰ ਚੋਰੀ ਦੀ ਵਾਰਦਾਤ ਰਾਤ ਢਾਈ ਵਜੇ ਤੋਂ ਬਾਅਦ ਹੋਈ ਹੈ । ਜਦਕਿ ਉਨ੍ਹਾਂ ਨੂੰ ਚੋਰੀ ਦਾ ਸਵੇਰੇ ਪਤਾ ਲੱਗਿਆ । ਚੋਰ ਸਬੂਤ ਮਿਟਾਉਣ ਲਈ ਆਪਣੇ ਨਾਲ ਚਾਰ ਦੁਕਾਨਾਂ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੇ ਡੀ.ਵੀ.ਆਰ.ਵੀ ਨਾਲ ਲੈ ਗਏ ਹਨ।




ਸਬੰਧਤ ਤਿੱਬੜ ਥਾਣੇ ਦੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ । ਦੂਜੇ ਪਾਸੇ ਮੌਕੇ 'ਤੇ ਘਟਨਾ ਦਾ ਜਾਇਜ਼ਾ ਲੈਣ ਪਹੁੰਚੇ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਇਸ ਸਬੰਧੀ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਲਦੀ ਹੀ ਚੋਰਾਂ ਨੂੰ ਫੜ ਲਿਆ ਜਾਵੇਗਾ।

## ਤੇਜ਼ ਰ.ਫਤਾਰ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟੀ; ਮਾਸੂਮ ਸਮੇਤ 4 ਜ਼ਖ਼ਮੀ

ਬਟਾਲਾ 3 ਅਪ੍ਰੈਲ। ਬਟਾਲਾ ਦੇ ਧੀਰ ਮੋੜ ਨੇੜੇ ਇਕ ਤੇਜ਼ ਰਫ਼ਤਾਰ ਕਾਰ ਦੇ ਡਿਵਾਈਡਰ ਨਾਲ ਟਕਰਾ ਕੇ ਪਲਟ ਜਾਣ ਕਾਰਨ 6 ਮਹੀਨੇ ਦੇ ਮਾਸੂਮ ਬੱਚੇ ਸਮੇਤ ਇਕ ਹੀ ਪਰਿਵਾਰ ਦੇ 4 ਜਣਿਆਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੜਕ ਸੁਰੱਖਿਆ ਫੋਰਸ ਦੇ ਅਧਿਕਾਰੀ ਗੁਰਜੀਤ ਸਿੰਘ ਅਤੇ ਸਿਪਾਹੀ ਵਿਕਾਸ ਬਨੋਤਰਾ ਨੇ ਦੱਸਿਆ ਕਿ ਰਾਜਬੀਰ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਸੰਧਵਾਂ, ਆਪਣੀ ਸਵਿਫਟ ਕਾਰ (ਨੰਬਰ ਪੀ.ਬੀ.02 ਸੀ.ਯੂ. 1716) 'ਤੇ ਸਵਾਰ ਹੋ ਕੇ ਆਪਣੀ ਪਤਨੀ ਸਿਮਰਨਜੀਤ ਕੌਰ, 6 ਮਹੀਨੇ ਦੇ ਬੇਟੇ ਗੁਰਫ਼ਤਿਹ ਸਿੰਘ ਅਤੇ ਅਮਨਪ੍ਰੀਤ ਕੌਰ ਪੁੱਤਰੀ ਮਨਜੀਤ ਸਿੰਘ ਨਾਲ ਜਾ ਰਿਹਾ ਸੀ। ਜਦੋਂ ਉਹ ਧੀਰ ਮੋੜ ਨੇੜੇ ਪਹੁੰਚੇ ਤਾਂ ਕਾਰ ਅਚਾਨਕ ਬੇਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾਈ ਅਤੇ ਸੜਕ 'ਤੇ ਪਲਟ ਗਈ। ਹਾਦਸੇ 'ਚ ਕਾਰ ਸਵਾਰ ਚਾਰੇ ਜਣੇ ਜ਼ਖ਼ਮੀ ਹੋ ਗਏ। ਸੂਚਨਾ ਮਿਲਣ ਦੇ ਤੁਰੰਤ ਬਾਅਦ ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮਾਂ ਨੇ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਬਟਾਲਾ ਦੇ ਹਸਪਤਾਲ 'ਚ ਦਾਖ਼ਲ ਕਰਵਾਇਆ। ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ, ਪਰ ਜਾਨੀ ਬਚਾਅ ਰਿਹਾ।

## ਬੰਦੇ ਨੇ ਧੀ ਅਤੇ ਪਤਨੀ 'ਤੇ ਕਹੀ ਨਾਲ ਕੀਤਾ ਹਮਲਾ !

ਸਿੱਧਵਾਂ ਬੇਟ 3 ਅਪ੍ਰੈਲ। ਘਰੇਲੂ ਵਿਵਾਦ ਦੇ ਇਕ ਮਾਮਲੇ ਵਿਚ ਪਤੀ ਖ਼?ਲਾਫ਼ ਹਮਲੇ ਦੇ ਦੋਸ਼ਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨ ਵਿਚ ਸ਼ਿਕਾਇਤਕਰਤਾ ਮਹਿਲਾ ਨੇ ਦੱਸਿਆ ਕਿ ਉਸ ਦਾ ਵਿਆਹ ਕਰੀਬ 25 ਸਾਲ ਪਹਿਲਾਂ ਸੁਖਪ੍ਰੀਤ ਸਿੰਘ ਵਾਸੀ ਭਰੋਵਾਲ ਕਲਾਂ ਨਾਲ ਹੋਇਆ ਸੀ ਅਤੇ ਉਨ੍ਹਾਂ ਦੇ ਦੋ ਬੱਚੇ ਹਨ। ਉਸ ਨੇ ਦੋਸ਼ ਲਗਾਇਆ ਕਿ ਉਸ ਦਾ ਪਤੀ ਅਕਸਰ ਉਸ ਨਾਲ ਕੁੱਟਮਾਰ ਕਰਦਾ ਰਹਿੰਦਾ ਸੀ। ਸ਼ਿਕਾਇਤਕਰਤਾ ਅਨੁਸਾਰ, 18 ਮਾਰਚ 2026 ਨੂੰ ਸ਼ਾਮ ਕਰੀਬ 8:30 ਵਜੇ ਉਸ ਦਾ ਪਤੀ ਘਰ ਆਇਆ ਅਤੇ ਧੀ ਪ੍ਰਭਜੋਤ ਕੌਰ ਨਾਲ ਗਾਲੀ-ਗਲੋਚ ਕਰਨ ਲੱਗ ਪਿਆ। ਜਦੋਂ ਉਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਕਥਿਤ ਤੌਰ 'ਤੇ ਉਹ ਘਰੋਂ ਬਾਹਰ ਚਲਾ ਗਿਆ ਅਤੇ ਕੁਝ ਸਮੇਂ ਬਾਅਦ ਕਹੀ ਲੈ ਕੇ ਵਾਪਸ ਆ ਗਿਆ। ਮਹਿਲਾ ਨੇ ਦੋਸ਼ ਲਗਾਇਆ ਕਿ ਉਸ ਦੇ ਪਤੀ ਨੇ ਪਹਿਲਾਂ ਧੀ 'ਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਉਸ ਨੇ ਰੋਕਿਆ ਤਾਂ ਉਸ ਵੱਲ ਕਹੀ ਨਾਲ ਵਾਰ ਕੀਤਾ। ਵਾਰ ਤੋਂ ਬਚਣ ਦੀ ਕੋਸ਼ਿਸ਼ ਦੌਰਾਨ ਉਸ ਦੇ ਨੱਕ ਦਾ ਅਗਲਾ ਹਿੱਸਾ ਕੱਟਿਆ ਗਿਆ ਅਤੇ ਚਿਹਰੇ 'ਤੇ ਗੰਭੀਰ ਚੋਟਾਂ ਲੱਗੀਆਂ। ਪੁਲਸ ਮੁਤਾਬਕ, ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਤਫ਼ਤੀਸ਼ ਜਾਰੀ ਹੈ ਅਤੇ ਤੱਥਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਦੇਹਰਾਦੂਨ 'ਚ ਵਿਦਿਆਰਥੀਆਂ ਦੇ ਦੋ ਸਮੂਹਾਂ 'ਚ ਝੜਪ, ਇੱਕ ਨੌਜਵਾਨ ਦੀ ਮੌਤ, ਤਿੰਨ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਦੇਹਰਾਦੂਨ 3 ਅਪ੍ਰੈਲ। ਦੇਹਰਾਦੂਨ ਦੇ ਪ੍ਰੇਮਨਗਰ ਇਲਾਕੇ ਵਿੱਚ ਵਿਦਿਆਰਥੀਆਂ ਦੇ ਦੋ ਸਮੂਹਾਂ ਵਿਚਕਾਰ ਹੋਈ ਝੜਪ ਵਿੱਚ ਇੱਕ ਨੌਜਵਾਨ ਇੰਜੀਨੀਅਰਿੰਗ ਵਿਦਿਆਰਥੀ ਦੀ ਮੌਤ ਹੋ ਗਈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੇਹਰਾਦੂਨ ਸ਼ਹਿਰ ਦੇ ਪੁਲਸ ਸੁਪਰਡੈਂਟ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਸੋਮਵਾਰ ਦੇਰ ਰਾਤ ਕੇਹਰੀ ਪਿੰਡ ਵਿੱਚ ਵਿਦਿਆਰਥੀਆਂ ਦੇ ਦੋ ਸਮੂਹਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਦੌਰਾਨ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਦਾ ਰਹਿਣ ਵਾਲਾ 22 ਸਾਲਾ ਦਿਵਯਾਂਸ਼ੂ ਜਤਰਾਨਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਉਨ੍ਹਾਂ ਦੱਸਿਆ ਕਿ ਜਤਰਾਨਾ ਦੇ ਦੋਸਤ ਉਸਨੂੰ ਪ੍ਰੇਮਨਗਰ ਇਲਾਕੇ ਦੇ ਇੱਕ ਹਸਪਤਾਲ ਲੈ ਗਏ। ਕੁਮਾਰ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਸ ਵੀ ਹਸਪਤਾਲ ਪਹੁੰਚੀ ਅਤੇ ਪਤਾ ਲੱਗਾ ਕਿ ਜਤਰਾਨਾ ਦੀ ਹਾਲਤ ਨਾਜ਼ੁਕ ਸੀ ਅਤੇ ਉਸਨੂੰ ਦੂਨ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਦੀ ਐਂਬੂਲੈਂਸ ਖ਼ਰਾਬ ਹੋਣ ਕਾਰਨ ਪੁਲਸ ਨੇ ਜ਼ਖਮੀ ਨੌਜਵਾਨ ਨੂੰ ਆਪਣੀ ਗੱਡੀ ਵਿੱਚ ਦੂਨ ਹਸਪਤਾਲ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਣ 'ਤੇ ਨੌਜਵਾਨ ਦੇ



ਪਰਿਵਾਰ ਨੇ ਦੇਹਰਾਦੂਨ ਪਹੁੰਚ ਕੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਦੇ ਆਧਾਰ 'ਤੇ ਪ੍ਰੇਮ ਨਗਰ ਪੁਲਸ ਸਟੇਸ਼ਨ ਵਿੱਚ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਸੁਪਰਡੈਂਟ ਨੇ ਦੱਸਿਆ ਕਿ ਘਟਨਾ ਵਿੱਚ ਨਾਮਜ਼ਦ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂ ਕਿ ਬਾਕੀਆਂ ਦੀ ਭਾਲ ਜਾਰੀ ਹੈ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀਆਂ ਵਿੱਚ ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦਾ ਰਹਿਣ ਵਾਲਾ ਯੁਵਰਾਜ ਕੁਮਾਰ (20), ਊਧਮ ਸਿੰਘ ਨਗਰ ਜ਼ਿਲ੍ਹੇ ਦਾ ਰਹਿਣ ਵਾਲਾ ਮਧੁਰ ਖੰਡੇਲਵਾਲ (19) ਅਤੇ ਬਿਹਾਰ ਦੇ ਪਟਨਾ ਦਾ ਰਹਿਣ ਵਾਲਾ ਸ਼ਿਵਮ ਸ਼ਰਮਾ (20) ਸ਼ਾਮਲ ਹਨ। ਪੁਲਸ ਦੇ ਅਨੁਸਾਰ, ਘਟਨਾ ਵਿੱਚ ਸ਼ਾਮਲ ਸਾਰੇ ਵਿਦਿਆਰਥੀ ਪ੍ਰੇਮਨਗਰ ਦੇ ਇੱਕ ਨਿੱਜੀ ਵਿਦਿਅਕ ਸੰਸਥਾ ਵਿੱਚ ਬੀ.ਟੈਕ ਅਤੇ ਬੀ.ਬੀ.ਏ. ਦੀ ਡਿਗਰੀ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਕੈਂਪਸ ਵਿੱਚ ਦਬਦਬੇ ਨੂੰ ਲੈ ਕੇ ਉਨ੍ਹਾਂ ਵਿਚਕਾਰ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਡਿਜੀਟਲ ਗਵਰਨੈਂਸ, ਹੁਨਰ ਵਿਕਾਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਪੰਜਾਬ ਦੇ ਭਵਿੱਖ ਨੂੰ ਬਦਲ ਰਹੀ ਹੈ: ਮੁੱਖ ਮੰਤਰੀ ਮਾਨ

Contd.....Front page

ਰੁਜ਼ਗਾਰ ਪਹਿਲਕਦਮੀਆਂ ਦਾ ਵੇਰਵਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 1,799 ਸਵੈ-ਰੁਜ਼ਗਾਰ ਕੈਂਪਾਂ ਨੇ 1,99,000 ਨੌਜਵਾਨਾਂ ਨੂੰ ਕਾਰੋਬਾਰ ਸ਼ੁਰੂ ਕਰਨ ਲਈ ਕਰਜ਼ੇ ਹਾਸਲ ਕਰਨ ਵਿੱਚ ਮਦਦ ਕੀਤੀ ਅਤੇ 6,724 ਪਲੇਸਮੈਂਟ ਕੈਂਪਾਂ ਅਤੇ ਨੌਕਰੀ ਮੇਲਿਆਂ ਨੇ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਹਾਸਲ ਕਰਨ ਵਿੱਚ ਮਦਦ ਕੀਤੀ। ਉਨ੍ਹਾਂ ਅੱਗੇ ਕਿਹਾ ਕਿ 11 ਸਿਖਲਾਈ ਕੇਂਦਰਾਂ ਦਾ ਆਧੁਨਿਕੀਕਰਨ ਕਰਨ ਦੇ ਨਾਲ-ਨਾਲ ਤਿੰਨ ਨਵੇਂ ਕੈਂਪ ਸਥਾਪਿਤ ਕੀਤੇ ਗਏ ਹ ਅਤੇ ਅੱਗੇ ਕਿਹਾ ਕਿ 36,342 ਨੌਜਵਾਨਾਂ ਨੂੰ ਫੌਜ, ਜਲ ਸੈਨਾ, ਹਵਾਈ ਸੈਨਾ ਅਤੇ ਅਰਧ ਸੈਨਿਕ ਬਲਾਂ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 5,509 ਭਰਤੀ ਹੋ ਚੁੱਕੇ ਹਨ। ਰੱਖਿਆ ਸਿਖਲਾਈ ਸੰਸਥਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਨੇ 218 ਲੜਕਿਆਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਵਿੱਚੋਂ 106 ਔਨਡੀਏ ਅਤੇ ਹੋਰ ਅਕੈਡਮੀਆਂ ਲਈ ਚੁਣੇ ਗਏ ਅਤੇ 85 ਕਮਿਸ਼ਨਡ ਅਫਸਰ ਬਣ ਗਏ ਹਨ, ਜਦਕਿ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਨੇ 199 ਲੜਕੀਆਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਵਿੱਚੋਂ 24 ਕਮਿਸ਼ਨਡ ਅਫਸਰ ਬਣ ਗਈਆਂ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿੱਚ ਜਲਦੀ ਹੀ ਇੱਕ ਨਵਾਂ ਇੰਸਟੀਚਿਊਟ ਸ਼ੁਰੂ ਕੀਤਾ ਜਾਵੇਗਾ। ਡਿਜੀਟਲ ਗਵਰਨੈਂਸ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਡਿਜੀਟਲ ਪੰਜਾਬ ਬਣਨ ਵੱਲ ਕਦਮ ਵਧਾ ਰਿਹਾ ਹੈ ਕਿਉਂਕਿ 544 ਸੇਵਾ ਕੇਂਦਰ 465 ਤੋਂ ਵੱਧ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਲਗਭਗ 30 ਲੱਖ ਲੋਕ ਇਨ੍ਹਾਂ ਕੇਂਦਰਾਂ ਤੋਂ ਹਰ ਮਹੀਨੇ ਸੇਵਾਵਾਂ ਲੈ ਰਹੇ ਹਨ, ਭਾਵ ਰੋਜ਼ਾਨਾ ਇੱਕ ਲੱਖ ਲੋਕ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਹੁਣ ਤੱਕ 8.20 ਕਰੋੜ ਡਿਜੀਟਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਜਨਮ, ਮੌਤ ਅਤੇ ਵਿਆਹ ਵਰਗੇ ਸਰਟੀਫਿਕੇਟ ਐਸਐਮਐਸ ਅਤੇ ਵਟਸਐਪ ਰਾਹੀਂ ਭੇਜੇ ਜਾ ਰਹੇ ਹਨ ਅਤੇ ਇੱਕ ਕਰੋੜ ਤੋਂ ਵੱਧ ਸਰਟੀਫਿਕੇਟ ਡਿਜੀਟਲ ਰੂਪ ਵਿੱਚ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਸੇਵਾਵਾਂ ਦੀ ਬਕਾਇਆ ਦਰ ਵਿੱਚ ਭਾਰੀ ਕਮੀ ਆਈ ਹੈ, ਜੋ 14 ਫੀਸਦ ਤੋਂ ਘਟ ਕੇ ਸਿਰਫ 0.52 ਫੀਸਦ ਰਹਿ ਗਈ ਹੈ। ਨਾਗਰਿਕ-ਕੇਂਦ੍ਰਿਤ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਸਕੀਮ ਦਸੰਬਰ 2023 ਵਿੱਚ ਲੁਧਿਆਣਾ ਤੋਂ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਨਾਗਰਿਕ 1076 ਹੈਲਪਲਾਈਨ ਰਾਹੀਂ ਘਰ ਬੈਠੇ 437 ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਸਕੀਮ ਖਾਸ ਤੌਰ 'ਤੇ ਬਜ਼ੁਰਗਾਂ ਅਤੇ ਦਫ਼ਤਰਾਂ 'ਚ ਜਾ ਕੇ ਆਪਣਾ ਕੰਮ ਕਰਵਾਉਣ ਤੋਂ ਅਸਮਰੱਥ ਲੋਕਾਂ ਲਈ ਵਧੇਰੇ ਮਦਦਗਾਰ ਸਾਬਤ ਹੋ ਰਹੀ ਹੈ ਅਤੇ ਹੁਣ ਤੱਕ 2.66 ਲੱਖ ਲੋਕ ਇਸ ਦਾ ਲਾਭ ਲੈ ਚੁੱਕੇ ਹਨ। ਆਫ਼ਤ ਰਾਹਤ ਸੁਧਾਰਾਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਡਿਜੀਟਲ ਹੜ੍ਹ ਮੁਆਵਜ਼ਾ ਪ੍ਰਣਾਲੀ ਪੇਸ਼ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ 3,700 ਪਿੰਡਾਂ ਵਿੱਚ ਡਿਜੀਟਲ ਢੰਗ ਨਾਲ ਮੁਆਵਜ਼ੇ ਦੀ ਵੰਡ ਕੀਤੀ ਗਈ ਹੈ, ਜਿਸਨੇ ਪੂਰੀ ਪਾਰਦਰਸ਼ਤਾ ਨਾਲ ਸਹੀ ਲੋਕਾਂ ਤੱਕ ਰਾਹਤ ਪਹੁੰਚਣ ਨੂੰ ਯਕੀਨੀ ਬਣਾਇਆ ਹੈ। ਜ਼ਮੀਨੀ ਸੁਧਾਰਾਂ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਈਜ਼ੀ ਰਜਿਸਟਰੀ ਨੇ ਤਹਿਸੀਲ ਦਫ਼ਤਰਾਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਜੁਲਾਈ 2025 ਤੋਂ ਹੁਣ ਤੱਕ ਛੇ ਲੱਖ ਤੋਂ ਵੱਧ ਦਸਤਾਵੇਜ਼ ਰਜਿਸਟਰ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਚੋਲਾ ਪ੍ਰਣਾਲੀ ਨੂੰ ਖ਼ਤਮ ਦਿੱਤਾ ਗਿਆ ਹੈ ਅਤੇ ਰਜਿਸਟਰੇਸ਼ਨ ਹੁਣ ਇੱਕ ਕਲਿੱਕ ਨਾਲ ਆਨਲਾਈਨ ਕਰਵਾਈ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਬ-ਰਜਿਸਟਰਾਰ 48 ਘੰਟਿਆਂ ਦੇ ਅੰਦਰ-ਅੰਦਰ ਇਤਰਾਜ਼ ਉਠਾ ਸਕਦੇ ਹਨ ਅਤੇ ਉੱਚ ਅਧਿਕਾਰੀ ਇਸਦੀ ਸਮੀਖਿਆ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਲੋਕ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਤੋਂ ਆਪਣੀ ਜਾਇਦਾਦ ਰਜਿਸਟਰ ਕਰਵਾ ਸਕਦੇ ਹਨ ਅਤੇ ਵਟਸਐਪ ਰਾਹੀਂ ਰੀਅਲ-ਟਾਈਮ ਅਪਡੇਟਸ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਰਿਸ਼ਵਤਖੋਰੀ ਲਈ ਸ਼ਿਕਾਇਤ ਦਰਜ ਕਰਵਾਉਣ ਦੀ ਆਪਸ਼ਨ ਅਤੇ 'ਡਰਾਫਟ ਮਾਈ ਡੀਡ' ਵਿਸ਼ੇਸ਼ਤਾ ਵੀ ਪ੍ਰਦਾਨ ਕੀਤੀ ਗਈ ਹੈ। ਟਰਾਂਸਪੋਰਟ ਸੁਧਾਰਾਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਫੇਸਲੈੱਸ ਆਰਟੀਓ ਸੇਵਾਵਾਂ ਪੇਸ਼ ਕੀਤੀਆਂ ਗਈਆਂ ਹਨ, ਜੋ ਇੱਕ ਵੱਡੀ ਡਿਜੀਟਲ ਤਬਦੀਲੀ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਹੁਣ ਆਰਟੀਓ ਦਫ਼ਤਰਾਂ ਵਿੱਚ ਜਾਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਲਾਇਸੈਂਸ ਅਤੇ ਆਰਸੀ ਸਮੇਤ 56 ਸੇਵਾਵਾਂ ਪੂਰੀ ਤਰ੍ਹਾਂ ਨਾਲ ਫੇਸਲੈੱਸ ਕਰ ਦਿੱਤੀਆਂ ਗਈਆਂ ਹਨ, ਜੋ ਹੈਲਪਲਾਈਨ 1076 ਅਤੇ ਸੇਵਾ ਕੇਂਦਰਾਂ ਰਾਹੀਂ ਉਪਲਬਧ ਹਨ, ਜਿਸ ਨਾਲ ਹੁਣ ਤੱਕ 25,236 ਲੋਕਾਂ ਨੂੰ ਲਾਭ ਮਿਲਿਆ ਹੈ। ਸਰਕਾਰ ਦੇ ਭ੍ਰਿਸ਼ਟਾਚਾਰ ਵਿਰੋਧੀ ਰੁਖ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਾਜ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਕਤਈ ਨਾ ਬਰਦਾਸ਼ਤ ਯੋਗ ਨੀਤੀ ਅਪਣਾਈ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ 23 ਮਾਰਚ, 2022 ਨੂੰ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਵੀ ਸ਼ੁਰੂ ਕੀਤੀ ਗਈ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਹੈਲਪਲਾਈਨ 'ਤੇ 12,218 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 10,820 ਸਬੰਧਤ ਵਿਭਾਗਾਂ ਨੂੰ ਅਤੇ 1,398 ਵਿਜੀਲੈਂਸ ਬਿਊਰੋ ਨੂੰ ਭੇਜੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਸਹੀ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ 275 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 341 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 16 ਗਜ਼ਟਿਡ ਅਧਿਕਾਰੀ, 161 ਸਰਕਾਰੀ ਕਰਮਚਾਰੀ, 88 ਪੁਲਿਸ ਕਰਮਚਾਰੀ ਅਤੇ 77 ਆਮ ਵਿਅਕਤੀ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਜੀਲੈਂਸ ਬਿਊਰੋ ਨੇ 487 ਛਾਪੇਮਾਰੀਆਂ ਕਰਦਿਆਂ 1,215 ਮੁਲਜ਼ਮਾਂ ਵਿਰੁੱਧ 534 ਕੇਸ ਦਰਜ ਕੀਤੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ 112 ਗਜ਼ਟਿਡ ਅਫ਼ਸਰਾਂ, 162 ਸਰਕਾਰੀ ਮੁਲਾਜ਼ਮਾਂ ਅਤੇ 83 ਨਿੱਜੀ ਵਿਅਕਤੀਆਂ ਸਮੇਤ 357 ਵਿਅਕਤੀਆਂ ਖ਼?ਲਾਫ਼ ਜਾਂਚ ਚੱਲ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ 143 ਕੇਸਾਂ ਵਿੱਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ ਅਤੇ ਕਈ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ ਚਾਰ ਸਾਲਾਂ ਦਾ ਰਿਪੋਰਟ ਕਾਰਡ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਲੋਕ ਭਲਾਈ ਉਪਰਾਲੇ ਜਾਰੀ ਰਹਿਣਗੇ। ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਹਾਲਾਤ ਇਸ ਹੱਦ ਤੱਕ ਅਜੀਬੋ-ਗਰੀਬ ਬਣ ਗਏ ਹਨ ਅਤੇ ਦੇਸ਼ ਵਿੱਚ ਜੋ ਵੀ ਮਾੜਾ ਹੋਇਆ ਹੈ, ਉਸ ਲਈ ਨਹਿਰੂ ਨੂੰ, ਦਿੱਲੀ ਲਈ ਅਰਵਿੰਦ ਕੇਜਰੀਵਾਲ ਨੂੰ ਅਤੇ ਪੰਜਾਬ ਅਤੇ ਚੰਡੀਗੜ੍ਹ ਲਈ ਮੈਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਸਭ ਕੁਝ ਸਿਆਸੀ ਵਿਰੋਧੀਆਂ ਦੇ ਨਾਮ 'ਤੇ ਥੋਪ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਜਦੋਂ ਕਿ 15 ਲੱਖ ਰੁਪਏ ਦੇ ਵਾਅਦੇ ਤੋਂ ਲੈ ਕੇ ਐਮ.ਐਸ.ਪੀ. ਤੱਕ ਕੁਝ ਵੀ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਭਾਜਪਾ ਸ਼ਬਦਾਂ ਦੀ ਖੇਡ ਅਤੇ ਕਠਪੁਤਲੀਆਂ ਦੀ ਤਰ੍ਹਾਂ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਬਣਾ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਕਿਸਾਨ ਭਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਜ਼ਮੀਨਾਂ ਹੇਠ ਦੀ ਹਾਈ ਟੈਂਸ਼ਨ ਤਾਰਾਂ ਪਾਉਣ ਦੀ ਸੰਭਾਵਨਾ ਦੀ ਪੜਚੋਲ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰਭਾਵਸ਼ਾਲੀ ਯੋਜਨਾ ਕਿਸਾਨਾਂ ਨੂੰ ਲਾਭ ਪਹੁੰਚਾਉਣ ਅਤੇ ਫਸਲਾਂ ਦੇ ਜੋਖਮ ਨੂੰ ਘਟਾਉਣ ਲਈ ਜਲਦੀ ਹੀ ਲਾਗੂ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਮੇਰੇ ਜੱਦੀ ਪਿੰਡ ਤੋਂ ਸ਼ੁਰੂ ਹੋਵੇਗਾ ਜਿੱਥੇ 2,000 ਏਕੜ ਵਿੱਚ 413 ਟਿਊਬਵੈੱਲ ਮੋਟਰਾਂ ਅਤੇ 1,100 ਬਿਜਲੀ ਦੇ ਖੰਭੇ ਮੌਜੂਦ ਹਨ, ਜਿਨ੍ਹਾਂ ਨੂੰ ਜ਼ਮੀਨਦੋਜ਼ ਕਰਨ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਲਈ ਵਿਸਾਖੀ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਐਕਟ ਅਧੀਨ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸੋਧਾਂ ਬਾਰੇ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਚੱਲ ਰਿਹਾ ਹੈ। ਆੜ੍ਹਤੀਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆੜ੍ਹਤੀਆਂ ਨੂੰ ਹਰਿਆਣਾ ਵਿੱਚ ਕਾਰੋਬਾਰ ਕਰਨ ਦੀ ਪੂਰੀ ਖੁੱਲ੍ਹ ਹੈ ਅਤੇ ਉਹ ਨਾਲ ਹੀ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਮੁੱਦੇ ਸਿਰਫ਼ ਕੇਂਦਰ ਦੁਆਰਾ ਹੀ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੈਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਭਾਰਤ ਸਰਕਾਰ ਅੱਗੇ ਕਈ ਵਾਰ ਉਠਾਇਆ ਹੈ ਪਰ ਕੇਂਦਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੁਹਰਾਇਆ ਕਿ ਰਾਜ ਸਰਕਾਰ ਕਣਕ ਦੀ ਨਿਰਵਿਘਨ ਅਤੇ ਮੁਸ਼ਕਲ ਰਹਿਤ ਖਰੀਦ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਸਾਰੇ ਪ੍ਰਬੰਧ ਪਹਿਲਾਂ ਹੀ ਕਰ ਲਏ ਗਏ ਹਨ।



### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### PUBLIC NOTICE
ਇਸ ਪ੍ਰਦਰਸ਼ਨੀ ਵਿੱਚ ਟੀਮ ਇਕ ਪਹਿਲੇ ਨੰਬਰ ’ਤੇ ਰਹੀ, ਟੀਮ ਦੋ ਦੂਸਰੇ ਨੰਬਰ ’ਤੇ ਅਤੇ ਟੀਮ ਤਿੰਨ ਤੇ ਚਾਰ ਤੀਸਰੇ ਨੰਬਰ ’ਤੇ ਰਹੀਆਂ। ਜੱਜਾਂ ਦੀ ਭੂਮਿਕਾ ਡਾਇਰੈਕਟਰ ਬਲਦੇਵ ਸਿੰਘ ਸੰਧੂ, ਡਾ. ਯਾਦਵਿੰਦਰ ਸਿੰਘ, ਬਾਬਾ ਬਲਬੀਰ ਸਿੰਘ ਅਤੇ ਕਰਨਲ ਬਾਵਾ ਨੇ ਨਿਭਾਈ। ਇਸ ਮੌਕੇ ਡਾਇਰੈਕਟਰ ਬਲਦੇਵ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਰਚਨਾਤਮਕ ਪ੍ਰਦਰਸ਼ਨੀ ਵਿੱਚ ਬਣਾਈਆਂ ਚੀਜ਼ਾਂ ਨੂੰ ਅਸਲ ਜ਼ਿੰਦਗੀ ਵਿੱਚ ਵੀ ਅਪਣਾਉਣ। ਬਾਬਾ ਬਲਬੀਰ ਸਿੰਘ ਅਤੇ ਕਰਨਲ ਸਾਹਿਬ ਨੇ ਵੀ ਵਿਦਿਆਰਥੀਆਂ ਨੂੰ ਅਜਿਹੇ ਨਿਵੇਕਲੇ ਅਤੇ ਰਚਨਾਤਮਕ ਕੰਮ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਡਾ. ਯਾਦਵਿੰਦਰ ਸਿੰਘ ਨੇ ਕਿਹਾ ਕਿ ਆਧੁਨਿਕ ਯੁੱਗ ਵਿੱਚ ਮਨੁੱਖੀ ਜੀਵਨ ਵਿੱਚ ਸਹੂਲਤਾਂ ਦੇ ਨਾਲ-ਨਾਲ ਕੂੜੇ-ਕਰਕਟ ਦੀ ਮਾਤਰਾ ਵੀ ਤੇਜ਼ੀ ਨਾਲ ਵੱਧ ਰਹੀ ਹੈ। ਘਰਾਂ, ਦਫ਼ਤਰਾਂ ਅਤੇ ਉਦਯੋਗਾਂ ਵਿੱਚ ਰੋਜ਼ਾਨਾ ਬਹੁਤ ਸਾਰੀਆਂ ਵਸਤੂਆਂ ਬੇਕਾਰ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਅਕਸਰ ਅਸੀਂ ਸੁੱਟ ਦਿੰਦੇ ਹਾਂ। ਪਰ ਜੇ ਇਨ੍ਹਾਂ ਬੇਕਾਰ ਵਸਤੂਆਂ ਨੂੰ ਸਹੀ ਢੰਗ ਨਾਲ ਵਰਤਿਆ ਜਾਵੇ, ਤਾਂ ਇਨ੍ਹਾਂ ਤੋਂ ਨਵੀਆਂ ਅਤੇ ਲਾਭਕਾਰੀ ਵਸਤੂਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

ਸਭ ਤੋਂ ਪਹਿਲਾਂ, ਬੇਕਾਰ ਵਸਤੂਆਂ ਦੀ ਦੁਬਾਰਾ ਵਰਤੋਂ ਨਾਲ ਵਾਤਾਵਰਨ ਦੀ ਸੁਰੱਖਿਆ ਹੁੰਦੀ ਹੈ। ਪਲਾਸਟਿਕ, ਕਾਗਜ਼ ਅਤੇ ਧਾਤੂ ਵਰਗੀਆਂ ਵਸਤੂਆਂ ਨੂੰ ਰੀਸਾਈਕਲ ਕਰਕੇ ਅਸੀਂ ਕੁਦਰਤੀ ਸਰੋਤਾਂ ਦੀ ਬਚਤ ਕਰ ਸਕਦੇ ਹਾਂ। ਦੂਜਾ ਮਹੱਤਵਪੂਰਨ ਲਾਭ ਆਰਥਿਕ ਬੱਚਤ ਹੈ। ਪੁਰਾਣੇ ਕੱਪੜਿਆਂ ਤੋਂ ਬੈਗ ਜਾਂ ਕਵਰ ਬਣਾ ਕੇ ਪੈਸੇ ਬਚਾਏ ਜਾ ਸਕਦੇ ਹਨ।

ਇਸ ਤੋਂ ਇਲਾਵਾ, ਇਹ ਪ੍ਰਕਿਰਿਆ ਰਚਨਾਤਮਕਤਾ ਨੂੰ ਵੀ ਵਧਾਉਂਦੀ ਹੈ। ਬੇਕਾਰ ਵਸਤੂਆਂ ਦੀ ਵਰਤੋਂ ਨਾਲ ਰੋਜ਼ਗਾਰ ਦੇ ਮੌਕੇ ਵੀ ਪੈਦਾ ਹੁੰਦੇ ਹਨ। ਬੇਕਾਰ ਵਸਤੂਆਂ ਤੋਂ ਵਰਤੋਂ ਯੋਗ ਚੀਜ਼ਾਂ ਬਣਾਉਣਾ ਸਿਰਫ਼ ਲਾਭਕਾਰੀ ਹੀ ਨਹੀਂ, ਸਗੋਂ ਸਮਾਜ ਅਤੇ ਵਾਤਾਵਰਨ ਲਈ ਵੀ ਬਹੁਤ ਜ਼ਰੂਰੀ ਹੈ। ਅਖ਼ੀਰ ਵਿੱਚ ਡਾ. ਸਿਮਰਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਅਟਾਰੀ ਸਰਹੱਦ ’ਤੇ ਰੀਟਰੀਟ ਸਮਾਰੋਹ ਦੇ ਸਮੇਂ ਵਿੱਚ ਬਦਲਾਅ

**ਅੰਮ੍ਰਿਤਸਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ-ਪਾਕਿਸਤਾਨ ਸਰਹੱਦ ’ਤੇ ਸਥਿਤ ਅਟਾਰੀ-ਵਾਹਗਾ ਸਾਂਝੀ ਚੈੱਕ ਪੋਸਟ ’ਤੇ ਹੋਣ ਵਾਲੀ ਸ਼ਾਨਦਾਰ ਰੀਟਰੀਟ ਰਸਮ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ।

ਦੇਸ਼-ਵਿਦੇਸ਼ ਤੋਂ ਹਜ਼ਾਰਾਂ ਦਰਸ਼ਕਾਂ ਨੂੰ ਖਿੱਚਣ ਵਾਲਾ ਇਹ ਰੋਜ਼ਾਨਾ ਸਮਾਰੋਹ ਹੁਣ ਸ਼ਾਮ 5:30 ਵਜੇ ਤੋਂ 6:00 ਵਜੇ ਤੱਕ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਇਹ ਸਮਾਰੋਹ ਸ਼ਾਮ 5:00 ਵਜੇ ਸ਼ੁਰੂ ਹੋ ਕੇ 5:30 ਵਜੇ ਸਮਾਪਤ ਹੁੰਦਾ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਮੌਸਮ ਦੀ ਤਬਦੀਲੀ ਅਤੇ ਦਿਨ ਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਫੈਸਲਾ ਲਿਆ ਗਿਆ ਹੈ ਅਤੇ ਨਵਾਂ ਸਮਾਂ 1 ਅਪਰੈਲ ਤੋਂ ਲਾਗੂ ਹੋ ਗਿਆ ਹੈ।



ਭਾਰਤੀ ਸਰਹੱਦੀ ਸੁਰੱਖਿਆ ਬਲ (BSF) ਅਤੇ ਪਾਕਿਸਤਾਨ ਰੇਂਜਰਾਂ ਦੁਆਰਾ ਸਾਂਝੇ ਤੌਰ ’ਤੇ ਕੀਤੀ ਜਾਣ ਵਾਲੀ ਇਹ ਰੀਟਰੀਟ ਰਸਮ ਸੈਲਾਨੀਆਂ ਅਤੇ ਸਥਾਨਕ ਲੋਕਾਂ ਲਈ ਖਿੱਚ ਦਾ ਮੁੱਖ ਕੇਂਦਰ ਹੈ, ਜੋ ਅਨੁਸ਼ਾਸਨ, ਤਾਲਮੇਲ ਅਤੇ ਦੇਸ਼ ਭਗਤੀ ਦੇ ਜਜ਼ਬੇ ਨੂੰ ਦਰਸਾਉਂਦੀ ਹੈ।

# ਦੋ ਘਰਾਂ ਨੂੰ ਅੱਗ ਲਾਉਣ ਦੇ ਦੋਸ਼

**ਸ੍ਰੀ ਗੋਇੰਦਵਾਲ ਸਾਹਿਬ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਖਡੂਰ ਸਾਹਿਬ ਦੇ ਵਿਧਾਇਕ ਦੇ ਰਿਸ਼ਤੇਦਾਰ ਵੱਲੋਂ ਪਿੰਡ ਵਈਪੁਈ ਦੇ ਛੱਪੜ ਨੂੰ ਲੈ ਕੇ ਪੈਦਾ ਹੋਏ ਵਿਵਾਦ ਕਾਰਨ ਦੋ ਘਰਾਂ ਨੂੰ ਅੱਗ ਲਾ ਕੇ ਸਾੜਨ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਵਈਪੁਈ ਵਿਖੇ ਵਾਪਰੀ ਇਸ ਘਟਨਾ ਨੂੰ ਲੈ ਕੇ ਅਕਾਲੀ ਦਲ ਦੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਫੇਸਬੁੱਕ ਅਕਾਊਂਟ ’ਤੇ ਘਰ ਸੜਨ ਦੀ ਵੀਡੀਓ ਸਾਂਝੀ ਕੀਤੀ ਹੈ।

ਉਨ੍ਹਾਂ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਰਿਸ਼ਤੇਦਾਰ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਮਜੀਠੀਆ ਨੇ ਫੇਸਬੁੱਕ ਅਕਾਊਂਟ ’ਤੇ ਆਖਿਆ ਹੈ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦਾ ਰਿਸ਼ਤੇਦਾਰ ਬਲਦੇਵ ਸਿੰਘ ਗੋਰਾ ਪਹਿਲਾਂ ਵੀ ਆਪਣੀਆਂ ਧੱਕੇਸ਼ਾਹੀਆਂ ਕਾਰਨ ਚਰਚਾ ਵਿੱਚ ਰਿਹਾ ਹੈ। ਬਲਦੇਵ ਸਿੰਘ ਗੋਰਾ ਧੱਕੇ ਨਾਲ ਪਿੰਡ ਵਈਪੁਈ ਦਾ ਸਰਪੰਚ ਬਣਿਆ ਜੋ ਰਿਸ਼ਤੇ ਵਿੱਚ ਵਿਧਾਇਕ ਲਾਲਪੁਰਾ ਦਾ ਸਾਲਾ ਹੈ ਜਿਸ ਨੇ ਅੱਜ ਪਿੰਡ ਵਈਪੁਈ ਦੇ ਛੱਪੜ ਦੀ ਖਲਾਈ (ਡੂੰਘਾ) ਕਾਰਨ ਹੋਏ ਵਿਵਾਦ ਵਿਚ ਪਿੰਡ ਦੇ ਦੋ ਘਰਾਂ ਨੂੰ ਕਥਿਤ ਤੌਰ ’ਤੇ ਅੱਗ ਲਾ ਦਿੱਤੀ ਜਿਸ ਵਿੱਚ ਲਾਭ ਸਿੰਘ ਪੁੱਤਰ ਸਵਰਨ ਸਿੰਘ ਅਤੇ ਸੋਨੂੰ ਪੁੱਤਰ ਸ਼ਿੰਗਾਰਾ ਦੇ ਘਰ ਅੱਗ ਦੀ ਲਪੇਟ ਵਿੱਚ ਆਏ ਹਨ।

# ਸਫਾਈ ਕਰਮਚਾਰੀਆਂ ਨੇ ਸੜਕ ’ਤੇ ਕੂੜਾ ਖਿਲਾਰਿਆ



**ਲੁਧਿਆਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਾਲ-ਨਾਲ ਆਪਣੇ ਸ਼ਹਿਰ ਨੂੰ ਸੁੰਦਰ ਬਣਾਉਣ ਦਾ ਸੁਪਨਾ ਲਈ ਬੈਠੇ ਸਥਾਨਕ ਸਰਕਾਰਾਂ ਦੇ ਮੰਤਰੀ ਸੰਜੀਵ ਅਰੋੜਾ ਦੇ ਸ਼ਹਿਰ ਵਿੱਚ ਹੀ ਸਫ਼ਾਈ ਕਰਮਚਾਰੀਆਂ ਨੇ ਮੋਰਚਾ ਖੋਲ੍ਹ ਦਿੱਤਾ ਹੈ।ਲੰਮੇ ਸਮੇਂ ਤੋਂ ਮੰਗਾਂ ਮਨਵਾਉਣ ਲਈ ਇੱਧਰ-ਓਧਰ ਘੁੰਮ ਰਹੇ ਸਫ਼ਾਈ ਕਰਮਚਾਰੀਆਂ ਦਾ ਗੁੱਸਾ ਉਸ ਸਮੇਂ ਫੁੱਟ ਗਿਆ ਜਦੋਂ ਡੰਪ ਬੰਦ ਹੋਣ ਕਾਰਨ ਉਨ੍ਹਾਂ ਕਈ ਕਈ ਘੰਟੇ ਕੂੜਾ ਸੁੱਟਣ ਲਈ ਇੰਤਜ਼ਾਰ ਕਰਵਾਇਆ ਗਿਆ। ਇਸ ਖ਼ਿਲਾਫ਼ ਸਫ਼ਾਈ ਕਰਮਚਾਰੀ ਆਪਣੇ ਕੂੜੇ ਵਾਲੇ ਰੇਹੜੇ ਲੈ ਕੇ ਪ੍ਰਤਾਪ ਚੌਕ ਪੁੱਜ ਗਏ। ਜਿੱਥੇ ਉਨ੍ਹਾਂ ਸੜਕ ਦੇ ਵਿਚਾਲੇ ਕੂੜਾ ਖਿਲਾਰ ਦਿੱਤਾ। ਸਫ਼ਾਈ ਕਾਮਿਆਂ ਨੇ ਸੜਕ ’ਤੇ ਰੇਹੜੀਆਂ ਦਾ ਕੂੜਾ ਉਲਟਾ ਕੇ ਧਰਨਾ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ, ਜਿਸ ਕਾਰਨ ਟਰੈਫਿਕ ਜਾਮ ਲੱਗ ਗਿਆ। ਸਫਾਈ ਸੇਵਕਾਂ ਦਾ ਦੋਸ਼ ਹੈ ਕਿ ਪਿਛਲੇ ਤਿੰਨ ਦਿਨਾਂ ਤੋਂ ਕੰਪੈਕਟਰ ਅਤੇ ਕੂੜਾ ਢੋਹਣ ਵਾਲੀਆਂ ਗੱਡੀਆਂ ਦੇ ਚਾਲਕਾਂ ਦੀ ਹੜਤਾਲ ਕਾਰਨ ਡੰਪ ਦੇ ਗੇਟ ਬੰਦ ਪਏ ਹਨ, ਜਿਸ ਕਾਰਨ ਉਨ੍ਹਾਂ ਨੂੰ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਪ੍ਰਦਰਸ਼ਨਕਾਰੀਆਂ ਨੇ ਨਿਗਮ ਪ੍ਰਸ਼ਾਸਨ ’ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਘਰਾਂ ਤੋਂ ਕੂੜਾ ਇਕੱਠਾ ਕਰਨ ਤੋਂ ਬਾਅਦ ਉਨ੍ਹਾਂ ਨੂੰ ਡੰਪ ਖਾਲੀ ਕਰਨ ਲਈ ਛੇ-ਛੇ ਘੰਟੇ ਤੱਕ ਆਪਣੀ ਵਾਰੀ ਦੀ ਉਡੀਕ ਕਰਨੀ ਪੈਂਦੀ ਹੈ ਪਰ ਉੱਚ ਅਧਿਕਾਰੀ ਇਸ ਸਮੱਸਿਆ ਦੀ ਸਾਰ ਨਹੀਂ ਲੈ ਰਹੇ। ਕਰਮਚਾਰੀਆਂ ਨੇ ਦਾਅਵਾ ਕੀਤਾ ਕਿ ਸਾਲ 2025 ਵਿੱਚ ਵੀ ਇਸੇ ਖੇਤਰ ਵਿੱਚ ਫੈਲੀ ਗੰਦਗੀ ਅਤੇ ਡੰਪ ਦੀ ਬਦਬੂ ਕਾਰਨ ਚਾਰ ਤੋਂ ਪੰਜ ਲੋਕਾਂ ਦੀ ਜਾਨ ਜਾ ਚੁੱਕੀ ਹੈ, ਫਿਰ ਵੀ ਵਿਵਸਥਾ ਵਿੱਚ ਸੁਧਾਰ ਦੇ ਨਾਂ ’ਤੇ ਕੇਵਲ ਖਾਨਾਪੂਰਤੀ ਕੀਤੀ ਜਾ ਰਹੀ ਹੈ। ਨਿੱਜੀਕਰਨ ਦੇ ਮੁੱਦੇ ’ਤੇ ਵੀ ਕਰਮਚਾਰੀਆਂ ਨੇ ਤਿੱਖਾ ਵਿਰੋਧ ਦਰਜ ਕਰਵਾਇਆ ਅਤੇ ਕਿਹਾ ਕਿ ਜ਼ੁਬਾਨੀ ਭਰੋਸੇ ਦੇ ਬਾਵਜੂਦ ਹਾਲੇ ਤੱਕ ਉਨ੍ਹਾਂ ਨੂੰ ਲਿਖਤੀ ਵਿੱਚ ਸੁਰੱਖਿਆ ਨਹੀਂ ਦਿੱਤੀ ਗਈ ਹੈ।

ਕਰੀਬ ਡੇਢ ਘੰਟੇ ਤੱਕ ਚੱਲੇ ਇਸ ਹੰਗਾਮੇ ਕਾਰਨ ਪ੍ਰਤਾਪ ਚੌਕ ਪੂਰੀ ਤਰ੍ਹਾਂ ਬੰਦ ਰਿਹਾ ਅਤੇ ਰਾਹਗੀਰਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਨਗਰ ਨਿਗਮ ਦੇ ਉੱਚ ਅਧਿਕਾਰੀ ਤੁਰੰਤ ਮੌਕੇ ’ਤੇ ਪਹੁੰਚੇ ਅਤੇ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਾਉਣ ਦੀ ਕੋਸ਼ਿਸ਼ ਕੀਤੀ। ਅਧਿਕਾਰੀਆਂ ਵੱਲੋਂ ਡੰਪ ਦੇ ਗੇਟ ਤੁਰੰਤ ਖੁਲ੍ਹਵਾਉਣ ਅਤੇ ਭਵਿੱਖ ਵਿੱਚ ਵਿਵਸਥਾ ਨੂੰ ਸੁਚਾਰੂ ਬਣਾਉਣ ਦੇ ਪੁਖ਼ਤਾ ਭਰੋਸੇ ਤੋਂ ਬਾਅਦ ਹੀ ਸਫ਼ਾਈ ਮੁਲਾਜ਼ਮਾਂ ਨੇ ਆਪਣਾ ਧਰਨਾ ਸਮਾਪਤ ਕੀਤਾ ਅਤੇ ਸੜਕ ਤੋਂ ਕੂੜਾ ਹਟਾਇਆ।ਸਫ਼ਾਈ ਸੇਵਕਾਂ ਨੇ ਨਿਗਮ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਸਮੱਸਿਆ ਦਾ ਸਥਾਈ ਹੱਲ ਨਹੀਂ ਕੱਢਿਆ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਸ਼ਹਿਰ ਦੇ ਹੋਰ ਮੁੱਖ ਚੌਕਾਂ ਦਾ ਹਾਲ ਵੀ ਅਜਿਹਾ ਹੀ ਕਰ ਦਿੱਤਾ ਜਾਵੇਗਾ।

# 2 ਅਪ੍ਰੈਲ ਨੂੰ ਜਨਰਲ ਹਾਊਸ ਦੀ ਮੀਟਿੰਗ, 93 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਨੂੰ ਦਿੱਤੀ ਜਾਵੇਗੀ ਮਨਜ਼ੂਰੀ: ਮੇਅਰ ਪਦਮਜੀਤ ਸਿੰਘ ਮਹਿਤਾ

**ਬਠਿੰਡਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਵਿਕਾਸ ਨੂੰ ਨਵੀਂ ਗਤੀ ਦੇਣ ਲਈ, ਨਗਰ ਨਿਗਮ ਦੀ ਇੱਕ ਮਹੱਤਵਪੂਰਨ ਜਨਰਲ ਹਾਊਸ ਮੀਟਿੰਗ 2 ਅਪ੍ਰੈਲ ਨੂੰ ਹੋਵੇਗੀ। ਜਾਣਕਾਰੀ ਦਿੰਦਿਆਂ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਲਗਭਗ 93 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ’ਤੇ ਵਿਸਥਾਰ ਨਾਲ ਚਰਚਾ ਕਰਦਿਆਂ ਉਨ੍ਹਾਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਇਸ ਦੌਰਾਨ ਮੇਅਰ ਸ੍ਰੀ ਮਹਿਤਾ ਦੇ ਨਾਲ ਕਮਿਸ਼ਨਰ ਮੈਡਮ ਲਵਜੀਤ ਕੌਰ ਕਲਸੀ, ਸੰਯੁਕਤ ਕਮਿਸ਼ਨਰ ਸ੍ਰੀ ਰਾਕੇਸ਼ ਮੀਨਾ ਅਤੇ ਸੀਨੀਅਰ ਡਿਪਟੀ ਮੇਅਰ ਸ੍ਰੀ ਸ਼ਾਮ ਲਾਲ ਜੈਨ ਵੀ ਮੌਜੂਦ ਰਹਿਣਗੇ।



ਮੇਅਰ ਸ੍ਰੀ ਮਹਿਤਾ ਨੇ ਦੱਸਿਆ ਕਿ ਸ਼ਹਿਰ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਦੇ ਨਵੀਨੀਕਰਨ ਲਈ ਲਗਭਗ 44 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਪ੍ਰਸਤਾਵ ਪੇਸ਼ ਕੀਤਾ ਜਾਵੇਗਾ, ਜਿਸ ਵਿੱਚ ਪ੍ਰੀਮਿਕਸ ਅਤੇ ਇੰਟਰਲਾਕਿੰਗ ਟਾਈਲਾਂ ਲਗਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਬਰਸਾਤ ਦੇ ਮੌਸਮ ਦੌਰਾਨ ਪਾਣੀ ਦੀ ਖੜੋਤ ਨੂੰ ਦੂਰ ਕਰਨ ਲਈ ਲਗਭਗ 47 ਲੱਖ ਰੁਪਏ ਦੀ ਲਾਗਤ ਨਾਲ ਸੜਕੀ ਨਾਲੀਆਂ ਦੀ ਸਫਾਈ ਲਈ ਇੱਕ ਪ੍ਰਸਤਾਵ ਪਾਸ ਕੀਤਾ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ, ਸ਼ਹਿਰ ਦੀ ਸੁੰਦਰਤਾ ਵਧਾਉਣ ਲਈ, ਰੋਜ਼ ਗਾਰਡਨ ਵਿੱਚ ਇੱਕ ਸੁਰੱਖਿਆ ਕਮਰੇ ਦੀ ਉਸਾਰੀ, ਇੰਟਰਲਾਕਿੰਗ ਟਾਈਲਾਂ ਵਿਛਾਉਣ ਅਤੇ ਨਰਸਰੀ ਲਈ ਇੱਕ ਪੋਲੀਹਾਊਸ ਲਗਾਉਣ ’ਤੇ ਵੀ ਵਿਚਾਰ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਦਾਦੀ-ਪੋਤੀ ਪਾਰਕ ਦੇ ਨਵੀਨੀਕਰਨ, ਸ਼ਹਿਰ ਦੇ ਸਾਰੇ ਪਾਰਕਾਂ ਵਿੱਚ ਬਾਗਬਾਨੀ ਦਾ ਕੰਮ ਸ਼ੁਰੂ ਕਰਨ ਅਤੇ ਸਬਮਰਸੀਬਲ ਪੰਪ ਲਗਾਉਣ ਦੀਆਂ ਯੋਜਨਾਵਾਂ ’ਤੇ ਵੀ ਚਰਚਾ ਕੀਤੀ ਜਾਵੇਗੀ।

ਮੇਅਰ ਨੇ ਕਿਹਾ ਕਿ ਬੀਬੀਵਾਲਾ ਰੋਡ ’ਤੇ ਬੱਸ ਕਯੂ ਸ਼ੈਲਟਰ, ਵਾਰਡ ਨੰਬਰ 3 ਵਿੱਚ ਕਮਿਊਨਿਟੀ ਸੈਂਟਰ ਵਿੱਚ ਇੱਕ ਸ਼ੈੱਡ ਦੀ ਉਸਾਰੀ, ਹੋਮਲੈਂਡ ਐਨਕਲੇਵ ਵਿੱਚ ਸੈਂਟਰਲ ਵਰਜ ਗਰਿੱਲ ਦੀ ਸਥਾਪਨਾ ਅਤੇ ਪਾਵਰ ਹਾਊਸ ਰੋਡ ’ਤੇ ਸਥਿਤ ਮੱਛੀ ਚੌਕ ’ਤੇ ਇੱਕ ਰੋਟਰੀ ਦੀ ਉਸਾਰੀ ਵਰਗੇ ਪ੍ਰਸਤਾਵ ਵੀ ਸਦਨ ਵਿੱਚ ਪੇਸ਼ ਕੀਤੇ ਜਾਣਗੇ।

ਸੀਵਰੇਜ ਦੀ ਸਮੱਸਿਆ ਨੂੰ ਹੱਲ ਕਰਨ ਲਈ ਫੇਜ਼ 3 ਵਿੱਚ ਇੱਕ ਨਵਾਂ ਸੀਵਰੇਜ ਪਾਈਪਲਾਈਨ ਪ੍ਰੋਜੈਕਟ ਸ਼ੁਰੂ ਕਰਨ ਦਾ ਪ੍ਰਸਤਾਵ ਵੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇਗਾ। ਸ਼ਹਿਰ ਦੀਆਂ ਸਾਰੀਆਂ ਸੜਕਾਂ ਨੂੰ ਆਧੁਨਿਕ ਮਸ਼ੀਨਰੀ ਨਾਲ ਸਾਫ਼ ਕਰਨ ਅਤੇ ਧੋਣ ਲਈ ਲਗਭਗ 46 ਕਰੋੜ ਰੁਪਏ ਦਾ ਪ੍ਰਸਤਾਵ ਵੀ ਪਾਸ ਕੀਤਾ ਜਾਵੇਗਾ। ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਲਾਗੂ ਹੋਣ ਨਾਲ ਬਠਿੰਡਾ ਵਿੱਚ ਬੁਨਿਆਦੀ ਢਾਂਚੇ ਵਿੱਚ ਕਾਫ਼ੀ ਸੁਧਾਰ ਹੋਵੇਗਾ, ਜਿਸ ਨਾਲ ਬਠਿੰਡਾ ਵਾਸੀਆਂ ਲਈ ਜੀਵਨ ਪੱਧਰ ਬਿਹਤਰ ਹੋਵੇਗਾ।

# ਸ਼ਰਧਾਲੂ ਕਰ ਰਹੇ ਪੰਜਾਬ ਸਰਕਾਰ ਦੇ ਉਪਰਾਲੇ ਦੀ ਭਰਵੀਂ ਸ਼ਲਾਘਾ: ਵਿਧਾਇਕ ਜਗਦੀਪ ਕੰਬੋਜ ਗੋਲਡੀ

**ਜਲਾਲਾਬਾਦ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਸਰਧਾਲੂਆਂ ਲਈ ਕਾਫੀ ਲਾਹੇਵੰਦ ਸਾਬਤ ਹੋ ਰਹੀ ਹੈ। ਇਸੇ ਲੜੀ ਤਹਿਤ ਜਲਾਲਾਬਾਦ ਦੇ ਵਿਧਾਇਕ ਸ਼੍ਰੀ ਜਗਦੀਪ ਕੰਬੋਜ ਗੋਲਡੀ ਨੇ ਪਿੰਡ ਬੱਘੇ ਕੇ ਹਿੱਠਾੜ ਤੋਂ ਅੰਮ੍ਰਿਤਸਰ ਲਈ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਬੱਸ ਰਵਾਨਾ ਕੀਤੀ ।

ਉਨ੍ਹਾਂ ਕਿਹਾ ਕਿ ਸ਼ਰਧਾਲੂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ,ਦੁਰਗਿਆਨਾ ਮੰਦਿਰ,ਜਲਿਆ ਵਾਲਾ ਬਾਗ, ਰਾਮਤੀਰਥ ਮੰਦਿਰ ਅਤੇ ਕਈ ਗੁਰੂਧਾਮਾਂ ਦੇ ਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਤੀਰਥ ਸਥਾਨਾਂ ਦੇ ਦਰਸ਼ਨਾਂ ਤੋਂ ਇਲਾਵਾ ਰਹਿਣ-ਸਹਿਣ, ਖਾਣ-ਪੀਣ ਦਾ ਵਧੀਆ ਪ੍ਰਬੰਧ ਪੰਜਾਬ ਸਰਕਾਰ ਵਲੋ ਕੀਤਾ ਗਿਆ ਹੈ।

ਵਿਧਾਇਕ ਨੇ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ‘ਮੁੱਖ ਮੰਤਰੀ ਤੀਰਥ ਯਾਤਰਾ’ ਸਕੀਮ ਸ਼ੁਰੂ ਹੋਣ ਨਾਲ ਸੰਗਤਾਂ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਰਹੀਆਂ ਹਨ। ਉਨਾਂ ਦੱਸਿਆ ਕਿ ਸ਼ਰਧਾਲੂਆਂ ਅੰਦਰ ਪੂਰੀ ਖੁਸ਼ੀ ਤੇ ਉਤਸ਼ਾਹ ਨਜਰ ਆਉਂਦਾ ਹੈ ਤੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ ਹੈ।




ਵਿਧਾਇਕ ਨੇ ਅੱਗੇ ਦੱਸਿਆ ਕਿ ਯਾਤਰੀਆਂ ਦੇ ਆਉਣ-ਜਾਣ, ਰਸਤੇ ਵਿੱਚ ਚਾਹ ਤੇ ਖਾਣੇ ਅਤੇ ਰਾਤ ਠਹਿਰਣ ਆਦਿ ਦਾ ਸਮੁੱਚਾ ਪ੍ਰਬੰਧ ਪੰਜਾਬ ਸਰਕਾਰ ਵਲੋਂ ਕੀਤਾ ਗਿਆ ਹੈ ਤਾਂ ਜੋ ਯਾਤਰੀ ਨੂੰ ਕਿਸੇ ਤਰਾਂ ਦੀ ਪਰੇਸ਼ਾਨੀ ਨਾ ਆਵੇ।

ਵਿਧਾਇਕ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਦਾ ਅਨੇਕਾ ਲੋਕਾਂ ਨੇ ਲਾਹਾ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਬਜੁਰਗ ਅਵਸਥਾ ਵਿਚ ਸ਼ਰਧਾਲੂ ਤੀਰਥ ਸਥਾਨਾਂ ਵਿਖੇ ਜਾਣ ਤੋਂ ਵਾਂਝੇ ਰਹਿ ਜਾਂਦੇ ਸਨ ਉਹ ਸਰਕਾਰ ਦੀ ਇਸ ਸਕੀਮ ਦਾ ਵਧੇਰੇ ਲਾਭ ਉਠਾ ਰਹੇ ਹਨ। ਇਸ ਸਕੀਮ ਦੇ ਸ਼ੁਰੂ ਹੋਣ ਨਾਲ ਪੰਜਾਬ ਵਾਸੀਆਂ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਸਤੇ ਸਫ਼ਰ ਦੀ ਸਹੂਲਤ ਮੁਫ਼ਤ ਮਿਲੀ ਹੈ।

# ਭਿੰਡੀ ਸੈਦਾਂ ਪੁਲੀਸ ਥਾਣੇ ਵਿੱਚ ਧਮਾਕਾ




**ਅੰਮ੍ਰਿਤਸਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ (ਦਿਹਾਤੀ) ਪੁਲੀਸ ਅਧੀਨ ਆਉਂਦੇ ਭਿੰਡੀ ਸੈਦਾਂ ਪੁਲੀਸ ਥਾਣੇ ਦੇ ਕੰਪਲੈਕਸ ਅੰਦਰ ਸੋਮਵਾਰ ਤੜਕਸਾਰ ਧਮਾਕਾ ਹੋਣ ਤੋਂ ਬਾਅਦ ਇਲਾਕੇ ਵਿੱਚ ਡਰ ਦਾ ਮਾਹੌਲ ਬਣ ਗਿਆ।

ਘਟਨਾ ਦਾ ਪਤਾ ਸਵੇਰੇ ਉਦੋਂ ਲੱਗਿਆ ਜਦੋਂ ਪੁਲੀਸ ਮੁਲਾਜ਼ਮ ਥਾਣੇ ਪਹੁੰਚੇ ਅਤੇ ਉਨ੍ਹਾਂ ਨੇ ਇਮਾਰਤ ਦੇ ਅੰਦਰ ਹੋਇਆ ਨੁਕਸਾਨ ਦੇਖਿਆ। ਪੁਲੀਸ ਥਾਣੇ ਦੀ ਤੁਰੰਤ ਘੇਰਾਬੰਦੀ ਕਰ ਦਿੱਤੀ ਗਈ ਅਤੇ ਅੰਦਰ ਜਾਣ ’ਤੇ ਪਾਬੰਦੀ ਲਗਾ ਦਿੱਤੀ ਗਈ, ਇੱਥੋਂ ਤੱਕ ਕਿ ਮੀਡੀਆ ਕਰਮਚਾਰੀਆਂ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਉਨ੍ਹਾਂ ਨੇ ਰਾਤ ਵੇਲੇ ਇੱਕ ਜ਼ੋਰਦਾਰ ਧਮਾਕੇ ਦੀ ਆਵਾਜ਼ ਸੁਣੀ ਸੀ। ਹਾਲਾਂਕਿ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ ਪਰ ਸੂਤਰਾਂ ਅਨੁਸਾਰ ਥਾਣੇ ਦੇ ਅੰਦਰ ਖੜ੍ਹੇ ਵਾਹਨਾਂ ਨੂੰ ਧਮਾਕੇ ਕਾਰਨ ਨੁਕਸਾਨ ਪਹੁੰਚਿਆ ਹੈ।

ਸੂਤਰਾਂ ਨੇ ਦੱਸਿਆ ਕਿ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਨੌਜਵਾਨਾਂ ਨੇ ਕਥਿਤ ਤੌਰ ’ਤੇ ਪੁਲੀਸ ਥਾਣੇ ਦੇ ਅੰਦਰ ਕੋਈ ਵਿਸਫੋਟਕ ਚੀਜ਼ ਸੁੱਟੀ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਉਹ ਚੀਜ਼ ਸੁੱਟਣ ਦੇ ਕੁਝ ਦੇਰ ਬਾਅਦ ਹੀ ਫਟ ਗਈ। ਇਸ ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਅਲਰਟ ਕਰ ਦਿੱਤਾ ਗਿਆ ਹੈ ਅਤੇ ਸ਼ੱਕੀ ਵਿਅਕਤੀਆਂ ਦੀ ਪਛਾਣ ਕਰਨ ਲਈ ਆਲੇ-ਦੁਆਲੇ ਦੇ ਇਲਾਕਿਆਂ ਦੀ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ ਥਾਣੇ ਦੇ ਬਾਹਰ ਡੀ ਐੱਸ ਪੀ ਗੁਰਿੰਦਰਪਾਲ ਸਿੰਘ ਨਾਗਰਾ ਨੇ ਦੱਸਿਆ ਕਿ ਬੀਤੀ ਰਾਤ ਡੇਢ ਤੋਂ ਪੌਣੇ ਦੋ ਵਜੇ ਦੇ ਦਰਮਿਆਨ ਧਮਾਕਾ ਹੋਇਆ ਜਿਸ ਦੀ ਪੁਲੀਸ ਵੱਲੋਂ ਵੱਖ-ਵੱਖ ਪਹਿਲੂਆਂ ਤੋਂ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸੀ ਸੀ ਟੀ ਵੀ ਫੁਟੇਜ ਖੰਘਾਲੀ ਜਾ ਰਹੀ ਹੈ ਜਿਸ ਤੋਂ ਬਾਅਦ ਸਾਰੀ ਸਥਿਤੀ ਸਾਹਮਣੇ ਆਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਵੱਖ ਵੱਖ ਟੀਮਾਂ ਜਾਂਚ ਕਰਨ ਤੇ ਲੱਗੀਆਂ ਹੋਈਆਂ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਧਮਾਕੇ ਨਾਲ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਜ਼ਿਕਰਯੋਗ ਹੈ ਕਿ ਪੁਲੀਸ ਥਾਣਾ ਭਿੰਡੀ ਸੈਦਾਂ ਅੰਮ੍ਰਿਤਸਰ ਜਿਲ੍ਹੇ ਦੇ ਸਰਹੱਦੀ ਖੇਤਰ ਦਾ ਪੁਲੀਸ ਥਾਣਾ ਹੈ ਜੋ ਵਿਧਾਨ ਸਭਾ ਹਲਕਾ ਰਾਜਾਸਾਂਸੀ ਅਧੀਨ ਪੈਂਦਾ ਹੈ।

# ਕਾਂਗਰਸ ਵੱਲੋਂ ਹਲਕਾ ਆਤਮ ਨਗਰ ਜਥੇਬੰਦੀ ਦਾ ਵਿਸਤਾਰ

**ਲੁਧਿਆਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਵੱਲੋਂ ਸੰਗਠਨਾਤਮਕ ਢਾਂਚੇ ਵਿੱਚ ਵਾਧਾ ਕਰਦਿਆਂ ਹਲਕਾ ਆਤਮ ਨਗਰ ਦੇ ਮਿਹਨਤੀ ਆਗੂ ਰੋਹਿਤ ਕੁਮਾਰ ਨੂੰ ਪਾਰਟੀ ਦਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ।

ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਰੋਹਿਤ ਕੁਮਾਰ ਨੂੰ ਨਿਯੁਕਤੀ ਪੱਤਰ ਸੌਂਪਿਆ ਅਤੇ ਸਿਰੋਪਾਓ ਭੇਟ ਕਰਕੇ ਸਨਮਾਨਿਆ। ?ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਹਮੇਸ਼ਾ ਮਿਹਨਤੀ ਅਤੇ ਵਫ਼ਾਦਾਰ ਵਰਕਰਾਂ ਦਾ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰੋਹਿਤ ਕੁਮਾਰ ਦੀ ਨਿਯੁਕਤੀ ਨਾਲ ਹਲਕਾ ਆਤਮ ਨਗਰ ਵਿੱਚ ਕਾਂਗਰਸ ਪਾਰਟੀ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਰੋਹਿਤ ਕੁਮਾਰ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਅਪੀਲ ਕੀਤੀ ਕਿ ਉਹ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਅਤੇ ਪਾਰਟੀ ਦੀ ਮਜ਼ਬੂਤੀ ਲਈ ਤਕੜੇ ਹੋ ਕੇ ਕੰਮ ਕਰਨ।



ਇਸ ਮੌਕੇ ?ਰੋਹਿਤ ਕੁਮਾਰ ਨੇ ਪਾਰਟੀ ਹਾਈਕਮਾਂਡ ਅਤੇ ਸਿਮਰਜੀਤ ਸਿੰਘ ਬੈਂਸ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਇੱਕ ਕਰਨਗੇ। ?ਇਸ ਮੌਕੇ ਬਲਾਕ ਪ੍ਰਧਾਨ ਟੋਨੀ ਅਰੋੜਾ, ਦਲਜੀਤ ਸਹਿਗਲ ਅਤੇ ਬੰਟੀ ਸਣੇ ਕਈ ਆਗੂ ਹਾਜ਼ਰ ਸਨ।

# ਧਾਰਮਿਕ ਸਮਾਗਮ ਦੌਰਾਨ ਕਿਤਾਬਾਂ ਦਾ ਲੰਗਰ ਲਾਇਆ

**ਲੁਧਿਆਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜ ਸੇਵੀ ਸੰਸਥਾ ਭਾਈ ਨੂਰਾ ਮਾਹੀ ਸੇਵਾ ਸੁਸਾਇਟੀ (ਰਾਏਕੋਟ) ਨੌਜਵਾਨੀ ਨੂੰ ਸਾਹਿਤ ਨਾਲ ਜੋੜਨ ਦੇ ਮਕਸਦ ਨਾਲ ਇੱਥੇ ਹੋਏ ਧਾਰਮਿਕ ਸਮਾਗਮਾਂ ਦੌਰਾਨ ਕਿਤਾਬਾਂ ਦੇ ਮੁਫ਼ਤ ਲੰਗਰ ਲਗਾਏ ਗਏ।

ਸੁਸਾਇਟੀ ਦੇ ਚੇਅਰਮੈਨ ਮਾਸਟਰ ਪ੍ਰੀਤਮ ਸਿੰਘ ਬਰਮੀ ਦੀ ਅਗਵਾਈ ਹੇਠ ਰਾਏਕੋਟ ਵਿੱਚ ਲੋਪੋਂ ਸੰਪਰਦਾਇ ਦੇ ਸੰਤ ਜਗਜੀਤ ਸਿੰਘ ਲੋਪੋਂ ਵੱਲੋਂ ਲਗਾਏ ਗਏ ਦੋ ਦਿਨਾਂ ਗੁਰਬਾਣੀ ਵਿਚਾਰ ਸਮਾਗਮਾ ਵਿੱਚ ਕਿਤਾਬਾਂ ਦੇ ਲੰਗਰਾਂ ਦਾ ਪ੍ਰਬੰਧ ਕਰਕੇ ਵੱਖਰੀ ਪਿਰਤ ਪਾਈ। ਇਸ ਨਿਵੇਕਲੇ ਲੰਗਰ ਦੀ ਸ਼ਲਾਘਾ ਕਰਦਿਆਂ ਸੰਤ ਜਗਜੀਤ ਸਿੰਘ ਲੋਪੋਂ ਨੇ ਆਖਿਆ ਕਿ ਇਹ ਸਮਾਜ ਨੂੰ ਸਹੀ ਸੇਧ ਦੇਣ ਵਾਲਾ ਉਪਰਾਲਾ ਹੈ।

ਸਾਹਿਤ ਅਤੇ ਆਪਣੀ ਮਹਿੰਗੀ ਵਿਰਾਸਤ ਨਾਲ ਜੁੜ ਕੇ ਅੱਜ ਦਾ ਨੌਜਵਾਨ ਨਸ਼ਿਆਂ ਅਤੇ ਸਮਾਜ ਵਿਰੋਧੀ ਗਤੀਵਿਧੀਆਂ ਦਾ ਤਿਆਗ ਕਰਕੇ ਪੁਸਤਕ ਸੱਭਿਆਚਾਰ ਰਾਹੀਂ ਆਪਣੇ ਆਲੇ-ਦੁਆਲੇ ਅਤੇ ਸੋਹਣੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ।

# ਮਰਦਾਨਿਆ! ਰਬਾਬ ਵਜਾ...

**ਰਮੇਸ਼ ਬੱਗਾ ਚੋਹਲਾ**



[redacted]

ਸਿੱਖ ਇਤਿਹਾਸ 'ਚ ਗੁਰੂ ਨਾਨਕ ਦੇਵ ਜੀ ਦਾ ਨਾਂ ਜਿੱਥੇ ਸ਼ਰਧਾ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ ਉੱਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਲਈ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਮੀਲ ਬਿਖੜਾ ਪੈਂਡਾ ਤਹਿ ਕੀਤਾ। ਇਸ ਸਫ਼ਰ ਦੌਰਾਨ ਗੁਰੂ ਨਾਨਕ ਦੇਵ ਜੀ ਸਾਥ ਦੇਣ ਵਾਲਿਆਂ ਵਿਚ ਭਾਈ ਮਰਦਾਨਾ ਜੀ ਦਾ ਨਾਂ ਉੱਭਰਵੇਂ ਰੂਪ 'ਚ ਲਿਆ ਜਾਂਦਾ ਹੈ।

ਭਾਈ ਮਰਦਾਨਾ ਜੀ ਦਾ ਪਹਿਲਾ ਨਾਂ ਭਾਈ 'ਦਾਨਾ' ਸੀ। ਉਨ੍ਹਾਂ ਦਾ ਜਨਮ 6 ਫਰਵਰੀ 1459 ਈਸਵੀ ਨੂੰ ਤਲਵੰਡੀ ਰਾਏ ਭੋਇ ਦੇ ਵਸਨੀਕ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲਗਭਗ ਸਵਾ 10 ਸਾਲ ਵੱਡੇ ਸਨ। ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੂ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿਚ ਹੀ ਪੈ ਗਈ ਸੀ, ਜੋ ਗੁਰੂ ਸਾਹਿਬ ਪਾਸੋਂ ਮਿਲੇ ਰੱਜਵੇਂ ਪਿਆਰ ਤੇ ਸਤਿਕਾਰ ਕਾਰਣ ਆਖ਼ਰੀ ਦਮ ਤਕ ਕਾਇਮ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ' ਵਰਗੀ ਭਰਾਤਰੀ ਭਾਵ ਵਾਲੀ ਤੇ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ ਅਤੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਮਰਦਾਨਾ ਜੀ ਜਿਥੇ ਉੱਚਕੋਟੀ ਦੇ ਸੰਗੀਤਕਾਰ ਸਨ ਉੱਥੇ ਗੁਰੂ ਸਾਹਿਬ ਦੇ ਸੱਚੇ ਮਿੱਤਰ ਵੀ ਸਨ। ਦੁੱਖ-ਸੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ। ਭਾਈ ਮਰਦਾਨਾ ਦੀ ਦੇ ਪ੍ਰਚਾਰ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ, ਜਿਨ੍ਹਾਂ ਵਿਚ ਭਾਈ ਨੀਰੂ ਜੀ ਦਾ ਨਾਂ ਵੀ ਵਰਨਣਯੋਗ ਹੈ।

### ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ...

ਭਾਈ ਮਰਦਾਨਾ ਜੀ ਦਾ ਇਹ ਵੀ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਦਾ ਲਗਪਗ ਛੇ ਦਹਾਕੇ ਸਾਥ ਪ੍ਰਾਪਤ ਹੋਇਆ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ 'ਚ ਲਗਪਗ 40,000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫ਼ਰ ਤਹਿ ਕੀਤਾ ਹੈ। ਇਸ ਸਫ਼ਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ 'ਮਰਦਾਨਿਆ! ਰਬਾਬ ਵਜਾ ਬਾਣੀ ਆਈ ਹੈ।' ਅਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਭਾਈ ਮਰਦਾਨਾ ਜੀ ਨੂੰ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ਼ ਹਾਸਲ ਹੈ ਉੱਥੇ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਵੀ ਮਾਣ ਪ੍ਰਾਪਤ ਹੈ। ਇਹ ਮਾਣ ਸਿਰਫ਼ ਭਾਈ ਮਰਦਾਨਾ ਜੀ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਗੁਰੂ ਅਰਜਨ ਦੇਵ ਜੀ) ਅਤੇ ਛੇਵੀਂ (ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਖ਼ਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸੇ ਘਰਾਣੇ ਨਾਲ ਸਬੰਧਤ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਗੁਰੂ ਨਾਨਕ ਦੇਵ ਜੀ (ਚੌਥੀ ਉਦਾਸੀ ਸਮੇਂ) ਅਫ਼ਗਾਨਿਸਤਾਨ ਦੇ ਨਗਰ ਖ਼ੁਰਮ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਮਰਦਾਨਾ ਜੀ ਨੂੰ ਗਲ਼ ਨਾਲ ਲਾ ਲਿਆ ਅਤੇ ਬਚਨ ਕੀਤਾ ਕਿ, 'ਮਰਦਾਨਿਆ, ਜੇ ਤੇਰਾ ਚਿੱਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗ ਪਾਣੀ 'ਚ ਸੁੱਟ ਦਿਆਂ, ਖੱਤਰੀ ਵਾਂਗੂ ਸਾੜ ਦਿਆਂ, ਵੈਸ਼ ਵਾਂਗ ਹਵਾ 'ਚ ਉਡਾ ਦਿਆਂ ਜਾਂ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰਾਂ।' ਬਾਬਾ ਜੀ ਦੇ ਬਚਨਾਂ ਦੇ ਜਵਾਬ 'ਚ ਭਾਈ ਮਰਦਾਨੇ ਨੇ ਕਿਹਾ, 'ਵਾਹ, ਬਾਬਾ ਵਾਹ, ਅਜੇ ਵੀ ਸਰੀਰਾਂ ਦੇ ਚੱਕਰਾਂ 'ਚ ਪਾਈ ਜਾਨੈ।' ਗੁਰੂ ਨਾਨਕ ਦੇਵ ਜੀ ਫਿਰ ਬੋਲੇ, 'ਭਾਈ ਮਰਦਾਨਿਆ, ਜੇ ਕਹੇਂ ਤਾਂ ਤੇਰੀ ਸਮਾਧ ਬਣਾ ਦੇਈਏ?' ਉਸ ਵਕਤ ਭਾਈ ਮਰਦਾਨਾ ਜੀ ਨੇ ਭਾਵਪੂਰਤ ਉੱਤਰ ਦਿੱਤਾ, 'ਬਾਬਾ ਜੀ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ 'ਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ 'ਚ ਪਾਉਣਾ ਚਾਹੁੰਦੇ ਹੋ।' ਆਪਣੇ ਸੱਚੇ ਤੇ ਪੱਕੇ ਸਾਥੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖ਼ੀਰ 12 ਨਵੰਬਰ 1534 ਈਸਵੀ ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖ਼ਾਕ ਕੀਤਾ, ਜਿਥੇ ਅੱਜ ਵੀ ਉਨ੍ਹਾਂ ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ। •

94631-32719

---

**ਬੋਧ ਕਥਾ**

## ਰਾਜਾ ਭੋਜ ਤੇ ਮਾਘ ਕਵੀ

ਇਕ ਵਾਰ ਰਾਜਾ ਭੋਜ ਤੇ ਮਾਘ ਕਵੀ ਘੁੰਮਦੇ-ਘੁੰਮਦੇ ਉਜੈਨੀ ਤੋਂ ਬਹੁਤ ਦੂਰ ਨਿਕਲ ਗਏ। ਵਾਪਸੀ ਵੇਲੇ ਦੋਵੇਂ ਰਾਹ ਭੁੱਲ ਗਏ। ਇਕ ਥਾਂ ਇਕ ਝੁੱਗੀ ਦਿਸੀ ਤਾਂ ਕੋਲ ਜਾ ਕੇ ਝੁੱਗੀ ਦਾ ਬੂਹਾ ਖੜਕਾਇਆ। ਇਕ ਬਜ਼ੁਰਗ ਔਰਤ ਬਾਹਰ ਆਈ ਤਾਂ ਰਾਜਾ ਭੋਜ ਨੇ ਪੁੱਛਿਆ, 'ਮਾਂ! ਇਹ ਰਾਹ ਕਿੱਥੇ ਜਾਂਦਾ ਹੈ?'

ਝੁੱਗੀ ਵਾਲੀ ਹੱਸੀ ਤੇ ਕਹਿਣ ਲੱਗੀ, 'ਪੁੱਤਰੋ! ਇਹ ਰਾਹ ਕਿਤੇ ਵੀ ਨਹੀਂ ਜਾਂਦਾ ਇਥੇ ਹੀ ਰਹਿੰਦਾ ਏ...।' ਪੁੱਛਿਆ, 'ਪਰ ਰਾਹੀ ਤਾਂ ਕਿਤੇ ਜਾਂਦੇ ਹੋਣਗੇ?'

'ਤੁਸੀਂ ਕੌਣ ਹੋ ਬੇਟਾ!' ਝੁੱਗੀ ਵਾਲੀ ਨੇ ਪੁੱਛਿਆ।

'ਅਸੀਂ ਮੁਸਾਫ਼ਰ ਹਾਂ ਮਾਂ।'

ਝੁੱਗੀ ਵਾਲੀ ਹੱਸ ਪਈ। ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮੁਸਾਫ਼ਰ ਹਨ-ਸੂਰਜ ਤੇ ਚੰਦਰਮਾ। ਤੁਸੀਂ ਕੌਣ ਹੋ?'

ਦੋਹਾਂ ਨੇ ਜਵਾਬ ਵਿਚ ਹੱਸ ਕੇ ਆਖਿਆ, 'ਅਸੀਂ ਛਿਣ ਦੇ ਪ੍ਰਾਹੁਣੇ ਹਾਂ, ਛਿਣ ਦੇ ਪ੍ਰਾਣੀ।'

ਝੁੱਗੀ ਵਾਲੀ ਕਹਿਣ ਲੱਗੀ-'ਪੁੱਤਰੋ! ਦੁਨੀਆ ਵਿਚ ਦੋ ਹੀ ਛਿਣ ਦੇ ਪ੍ਰਾਹੁਣੇ ਹਨ-ਇਕ ਜਵਾਨੀ ਤੇ ਦੂਜੀ ਦੌਲਤ। ਤੁਸੀਂ ਕੌਣ ਹੋ?'

ਉਸ ਵੇਲੇ ਰਾਜਾ ਭੋਜ ਨੇ ਕਿਹਾ, 'ਅਸੀਂ ਰਾਜੇ ਹਾਂ।'

ਝੁੱਗੀ ਵਾਲੀ ਫਿਰ ਮੁਸਕਰਾਈ। ਕਹਿਣ ਲੱਗੀ, 'ਰਾਜੇ ਤਾਂ ਦੋ ਹੀ ਹਨ-ਇਕ ਇੰਦਰ ਤੇ ਦੂਜਾ ਯਮ। ਤੁਸੀਂ ਕੌਣ ਹੋ?'

ਉਸ ਵੇਲੇ ਮਾਘ ਕਵੀ ਨੇ ਹਿੰਮਤ ਜੋੜੀ ਤੇ ਕਿਹਾ, 'ਅਸੀਂ ਖਿਮਾਵਾਨ ਹਾਂ।'

ਝੁੱਗੀ ਵਾਲੀ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਖਿਮਾਵਾਨ ਹਨ-ਇਕ ਧਰਤੀ ਤੇ ਦੂਜੀ ਇਸਤਰੀ। ਤੁਸੀਂ ਕੌਣ ਹੋ?'

ਰਾਜਾ ਭੋਜ ਵੀ ਪਰੇਸ਼ਾਨ ਹੋਇਆ ਤੇ ਮਾਘ ਕਵੀ ਵੀ। ਕਹਿਣ ਲੱਗੇ, 'ਅਸੀਂ ਮਾਲਕ ਤੇ ਸੇਵਕ ਹਾਂ।'

ਉਹ ਕਹਿਣ ਲੱਗੀ, 'ਦੁਨੀਆ ਵਿਚ ਦੋ ਹੀ ਮਾਲਕ ਤੇ ਸੇਵਕ ਹੋਏ ਹਨ-ਰਾਮ ਤੇ ਹਨੂਮਾਨ। ਤੁਸੀਂ ਕੌਣ ਹੋ?'

'ਅਸੀਂ ਹਾਰ ਗਏ ਮਾਂ' ਰਾਜੇ ਨੇ ਵੀ ਕਿਹਾ ਤੇ ਕਵੀ ਨੇ ਵੀ।

ਉਹ ਕਹਿਣ ਲੱਗੀ, 'ਦੁਨੀਆ 'ਤੇ ਦੋ ਹੀ ਬੰਦੇ ਹਾਰਦੇ ਹਨ-ਇਕ ਦੇਣਦਾਰ ਤੇ ਦੂਜਾ ਧੀ ਦਾ ਬਾਪ। ਤੁਸੀਂ ਕੌਣ ਹੋ?'

ਸਵਾਲ-ਜਵਾਬ ਦੀ ਇਹ ਹਾਰ ਇਹੋ ਜਿਹੀ ਸੀ ਕਿ ਨਾ ਰਾਜਾ ਭੋਜ ਤੋਂ ਕੁਝ ਬੋਲਿਆ ਗਿਆ ਤੇ ਨਾ ਹੀ ਮਾਘ ਕਵੀ ਤੋਂ। ਝੁੱਗੀ ਵਾਲੀ ਕਹਿਣ ਲੱਗੀ, 'ਅਹੁ ਸਾਹਮਣੇ ਵਾਲਾ ਰਾਹ ਫੜ ਲਵੋ, ਸਿੱਧਾ ਉਜੈਨੀ ਪਹੁੰਚ ਜਾਓਗੇ।' •



---

### ਹਰਿ ਰਾਇ ਜੀ ਨੂੰ ਗੁਰੂ ਦਾਦਾ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਦੁੱਖ ਵੰਡਾਉਣ ਵਾਲੇ, ਬੰਦਗੀ 'ਚ ਲੀਨ ਰਹਿਣ ਵਾਲੇ ਹੋਣ ਕਾਰਨ 14 ਸਾਲ ਦੀ ਉਮਰ 'ਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਸੀ...

# ਸਿਮਰੌ ਸ੍ਰੀ ਹਰਿ ਰਾਇ

**ਮਨਜੀਤ ਸਿੰਘ ਜ਼ੀਰਕਪੁਰ**

ਦਇਆ ਦੇ ਸਾਗਰ, ਸ਼੍ਰੋਮਣੀ ਵੈਦ, ਨਿਮਰਤਾ ਦੇ ਪੁੰਜ, ਸ਼ਾਂਤੀ ਦੇ ਮਸੀਹਾ, ਵਾਤਾਵਰਨ ਦੇ ਰਖਵਾਲੇ ਸਤਿਗੁਰੂ ਹਰਿ ਰਾਇ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਸੱਤਵੇਂ ਵਾਰਿਸ, ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਮ ਪਿਆਰੇ ਪੋਤਰੇ, ਬਾਬਾ ਗੁਰਦਿੱਤਾ ਸਾਹਿਬ ਤੇ ਪੂਜਨੀਕ ਮਾਤਾ ਨਿਹਾਲ ਕੌਰ ਜੀ ਦੇ ਹੋਣਹਾਰ ਫਰਜ਼ੰਦ ਮਨੁੱਖਤਾ ਦੇ ਭਲੇ ਲਈ 1631 ਈਸਵੀ ਵਿਚ ਸ੍ਰੀ ਕੀਰਤਪੁਰ ਸਾਹਿਬ ਦੀ ਧਰਤੀ ਪਰ ਪਰਗਟ ਭਏ।

ਕੋਮਲ ਚਿਤ, ਸਤਿਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰੂ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਨੇ ਨਿਮਰ ਸੁਭਾਅ, ਗੁਰੂ ਦੇ ਆਗਿਆਕਾਰੀ, ਸਭਨਾਂ ਦੇ ਹਿਤਕਾਰੀ, ਸਭ ਦਾ ਦੁੱਖ ਵੰਡਾਉਣ ਵਾਲੇ, ਸ਼ਾਂਤ ਚਿਤ, ਪ੍ਰਭੂ ਪਰਮਾਤਮਾ ਦੀ ਬੰਦਗੀ 'ਚ ਲੀਨ ਰਹਿਣ ਵਾਲੇ, ਬਚਪਨ ਤੋਂ ਹੀ ਬੈਰਾਗੀ ਸੁਭਾਅ ਦੇ ਮਾਲਕ, ਗਊ ਗ਼ਰੀਬ ਦੀ ਰੱਖਿਆ ਲਈ ਤਤਪਰ ਰਹਿਣ ਵਾਲੇ ਹੋਣ ਕਾਰਨ 14 ਕੁ ਸਾਲ ਦੀ ਉਮਰ ਵਿਚ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ 7ਵਾਂ ਵਾਰਿਸ ਥਾਪ ਦਿੱਤਾ ਤੇ ਆਪ ਛੇਵੇਂ ਗੁਰੂਦੇਵ ਸਚਖੰਡ ਪਧਾਰ ਗਏ।

ਸਤਿਗੁਰੂ ਹਰਿ ਰਾਇ ਸਾਹਿਬ ਜਿੱਥੇ ਅਨੇਕ ਸ਼ੁੱਭ ਗੁਣ ਸੰਪੰਨ ਸਨ ਉੱਥੇ ਆਪ ਉੱਚ ਕੋਟੀ ਦੇ ਵੈਦ ਵੀ ਸਨ। ਗੁਰਬਾਣੀ ਦੀ ਪੰਕਤੀ ਮੇਰਾ ਵੈਦ ਗੁਰੂ ਗੋਬਿੰਦ ਨੂੰ ਵੀ ਸਾਰਥਕ ਕਰ ਵਖਾਇਆ। ਸ੍ਰੀ ਕੀਰਤਪੁਰ ਸਾਹਿਬ ਜੀ ਦੀ ਧਰਤੀ 'ਤੇ ਇਕ ਬਹੁਤ ਵੱਡਾ ਦਵਾਖ਼ਾਨਾ ਵੀ ਚਲਾਇਆ, ਜਿੱਥੋਂ ਸੰਸਾਰੀ ਜੀਵਾਂ ਨੂੰ ਮੁਫ਼ਤ ਇਲਾਜ ਪ੍ਰਾਪਤ ਹੁੰਦਾ। ਆਪ ਨੇ ਛੋਟੇ ਜਿਹੇ ਜੀਵਨਕਾਲ ਵਿਚ ਅਨੇਕਾਂ ਵੈਦ ਤਿਆਰ ਕੀਤੇ, ਜੜ੍ਹੀ-ਬੂਟੀਆਂ ਦਾ ਵੱਡਾ ਸੰਗ੍ਰਹਿ ਕੀਤਾ, ਦੂਰੋਂ-ਦੂਰੋਂ, ਭਿੰਨ-ਭਿੰਨ ਰੋਗਾਂ ਤੋਂ ਗ੍ਰਸਤ ਲੋਕ ਬਿਮਾਰੀ ਦਾ ਇਲਾਜ ਕਰਵਾਉਣ ਲਈ ਆਪ ਕੋਲ ਆਉਂਦੇ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਰੋਗੀਆਂ ਵਿਚ ਹਿੰਦੁਸਤਾਨ ਦੇ ਬਾਦਸ਼ਾਹ ਸ਼ਾਹਜਹਾਂ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਦਾ ਇਲਾਜ ਵੀ ਹੋਇਆ ਤੇ ਉਹ ਵੀ ਬਿਲਕੁਲ ਮੁਫ਼ਤ। ਇਵਜ਼ਾਨੇ ਵਿਚ ਜਹਾਂਗੀਰ ਦੀ ਪੇਸ਼ਕਸ਼ ਨੂੰ ਸਤਿਗੁਰੂਆਂ ਨੇ ਸਹਿਜ ਭਾਵ ਨਾਲ ਠੁਕਰਾ ਦਿੱਤਾ। ਐਸੇ ਤਿਆਗ ਦੀ ਮੂਰਤ ਸਨ ਗੁਰੂ ਹਰਿ ਰਾਇ ਸਾਹਿਬ। ਉਨ੍ਹਾਂ ਦੀ ਹਜ਼ੂਰੀ 'ਚ ਕੇਵਲ ਸਰੀਰਕ ਰੋਗਾਂ ਦਾ ਇਲਾਜ ਹੀ ਨਹੀਂ ਸੀ ਹੁੰਦਾ ਮਾਨਸਿਕ ਮਰੀਜ਼ਾਂ ਨੂੰ ਵੀ ਤੰਦਰੁਸਤੀ ਦੀ ਬਖ਼ਸ਼ਿਸ਼ ਕੀਤੀ ਜਾਂਦੀ ਸੀ। ਨਾਮ ਬਾਣੀ ਨਾਲ ਜੋੜਿਆ ਜਾਂਦਾ, ਪ੍ਰਭੂ ਚਰਨਾਂ ਨਾਲ, ਗੁਰੂ ਚਰਨਾਂ ਨਾਲ ਜੋੜ ਕੇ, ਮਾਨਸਿਕ ਪੱਧਰ 'ਤੇ ਉੱਚਿਆਂ ਉਠਾ ਕੇ, ਉੱਚਾ-ਸੁੱਚਾ ਵਾ ਇਖ਼ਲਾਕੀ ਜੀਵਨ ਬਤੀਤ ਕਰਨ ਹਿਤ ਉਪਦੇਸ਼ ਦੇ ਕਰ ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਆਪ ਜੀ ਦਾ ਬੇਜੋੜ ਉਪਰਾਲਾ ਕੀਤਾ ਜੋ ਜੁਗਾਂ ਤੀਕਰ ਯਾਦ ਰੱਖਿਆ ਜਾਵੇਗਾ।

ਲੇਖਕ ਆਪ ਜੀ ਨੂੰ ਇਸੇ ਕਰਕੇ 'ਸ਼੍ਰੋਮਣੀ ਵੈਦ' ਲਿਖ ਕੇ ਨਮਨ ਕਰਦਾ ਹੈ ਕਿ ਆਪ ਨੇ ਕੇਵਲ ਸਰੀਰਕ ਕਸ਼ਟ ਹੀ ਦੂਰ ਨਹੀਂ ਕੀਤੇ ਬਲਕਿ ਮਾਨਸਿਕ ਪੀੜਾ ਤੇ ਚਿਤ ਦੀਆਂ ਚਿੰਤਾਵਾਂ ਨੂੰ ਵੀ ਹਰਿਆ। ਕਿਹਾ ਜਾ ਸਕਦਾ ਹੈ ਕਿ ਰੈੱਡ ਕਰਾਸ ਵਰਗੀਆਂ ਸੰਸਥਾਵਾਂ ਦੀ, ਮੁਫ਼ਤ ਮੈਡੀਕਲ ਕੈਂਪਾਂ ਦੀ, ਮੁਫ਼ਤ ਸਿਹਤ ਸੇਵਾਵਾਂ ਦੇਣ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਆਦਿ ਸਭ ਕਾਸੇ ਦੇ ਮੋਢੀ ਸਨ ਗੁਰੂ ਹਰਿ ਰਾਇ ਸਾਹਿਬ। ਅਸੀਂ ਸਭ ਭਲੀ ਪ੍ਰਕਾਰ ਜਾਣਦੇ ਹਾਂ ਕਿ 'ਲੰਗਰ' ਦੀ ਪਰੰਪਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਲਾਉਣਾ ਕੀਤੀ ਸੀ, ਠੰਡੇ ਪਾਣੀ ਦੀ ਛਬੀਲ ਲਾਉਣ ਦੀ ਸੇਵਾ, ਪਿਆਸੇ ਰਾਹੀਗਰਾਂ ਨੂੰ ਸਵੱਛ ਜਲ ਛਕਾਉਣ ਦੀ ਸੇਵਾ ਸ਼ੁਰੂ ਕੀਤੀ ਸੀ-ਬਾਬੇ ਨਾਨਕ ਜੀ ਨੇ। ਦਿੱਲੀ-ਲਾਹੌਰ ਸ਼ਾਹੀ ਮਾਰਗ ਪਰ ਬੈਠ ਕਰ ਗੁਰਦੁਆਰਾ ਨਾਨਕ ਪਿਆਊ ਸਾਹਿਬ ਦਿੱਲੀ ਵਿਖੇ ਆਪ ਨੇ ਪਿਆਸੇ ਰਾਹੀਆਂ ਨੂੰ ਜਲ ਛਕਾ ਕੇ ਤ੍ਰਿਪਤ ਕੀਤਾ, ਜਿੱਥੇ ਆਪ ਸਰੀਰ ਦੀ ਪਿਆਸ ਜਲ ਛਕਾ ਕੇ ਬੁਝਾਉਂਦੇ ਸਨ? ਤ੍ਰਿਪਤ ਕਰਦੇ ਸਨ, ਉੱਥੇ ਮਨ ਦੀ ਪਿਆਸ ਵੀ ਨਾਮ ਬਾਣੀ ਦਾ ਛੱਟਾ ਮਾਰ ਕੇ ਬੁਝਾਉਂਦੇ ਸਨ, ਤ੍ਰਿਪਤ ਕਰਦੇ ਸਨ, ਐਵੇਂ ਤਾਂ ਨਹੀਂ ਸੰਸਾਰ ਦੇ ਲੋਕ ਜਗਤ ਗੁਰੂ ਬਾਬੇ ਨਾਨਕ ਨੂੰ 'ਮਾਤਾ ਤ੍ਰਿਪਤਾ ਦਾ ਲਾਲ' ਕਹਿੰਦੇ। ਸਭ ਨੂੰ ਤ੍ਰਿਪਤ ਕਰੀ ਜਾਂਦੇ ਸਨ ਜਗਤ ਗੁਰੂ ਬਾਬਾ ਨਾਨਕ। ਜਿੱਥੇ ਲੰਗਰ-ਪਾਣੀ ਦੀ ਸੇਵਾ ਦੀ ਰੀਤ ਬਾਬੇ ਨਾਨਕ ਜੀ ਨੇ ਚਲਾਈ ਉੱਥੇ ਮੁਫ਼ਤ ਸਿਹਤ ਸਹੂਲਤਾਂ ਦੇਣ ਦੀ ਪ੍ਰਥਾ ਚਲਾਈ 7ਵੇਂ ਨਾਨਕ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ। ਗੁਰੂ ਜੀ ਦੇ ਦਰਸਾਏ ਇਸ ਪਰਉਪਕਾਰੀ ਮਾਰਗ 'ਤੇ ਚੱਲਣ ਵਾਲਿਆਂ ਨੂੰ ਮੁਫ਼ਤ ਸਿਹਤ ਸਹੂਲਤਾਂ ਦੇਣ ਵਾਲਿਆਂ ਨੂੰ ਜਿੱਥੇ ਮੈਂ ਕੋਟਿ-ਕੋਟਿ ਨਮਨ ਕਰਦਾ ਹਾਂ ਉੱਥੇ ਅਰਦਾਸ ਕਰਦਾ ਹਾਂ ਕਿ ਆਪ ਸਭ ਸਮਾਜ ਸੇਵੀਆਂ ਨੂੰ ਇਸ ਪਵਿੱਤਰ ਪ੍ਰਥਾ 'ਤੇ ਚੱਲਣ ਵਾਲਿਆਂ ਨੂੰ ਰੱਬ ਸੱਚਾ ਹੋਰ ਬਲ, ਹੋਰ ਉਦਮ ਤੇ ਉਤਸ਼ਾਹ ਬਖ਼ਸ਼ੇ ਤਾਂ ਕਿ ਤਨ ਤੇ ਮਨ ਕਰਕੇ ਇਕ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ, ਨਾਲ ਹੀ ਐਸੀਆਂ ਸਮਾਜ ਸੇਵੀ ਸੰਸਥਾਵਾਂ ਤੇ ਭਲੇ ਦੇ ਕਾਰਜਾਂ 'ਚ ਜੁੜੇ ਵੀਰਾਂ ਨੂੰ ਬੇਨਤੀ ਵੀ ਕਰਾਂ ਕਿ ਗੁਰੂ ਹਰਿ ਰਾਇ ਸਾਹਿਬ ਦੇ ਸ਼ੁਕਰਗੁਜ਼ਾਰ ਵੀ ਰਹਿਣਾ ਜਿਵੇਂ ਗੁਰੂ ਸਾਹਿਬ ਨੇ ਐਸੀਆਂ ਮਾਣ-ਮੱਤੀਆਂ ਸੇਵਾਵਾਂ ਦਾ ਕਦੇ ਵੀ ਮੁੱਲ ਨਹੀਂ ਵੱਟਿਆ, ਤੁਸੀਂ ਵੀ ਸੁਚੇਤ ਹੋਵੋ।

ਸਤਿਗੁਰਾਂ ਦੀ ਬਹੁਪੱਖੀ ਤੇ ਪਰਉਪਕਾਰੀ ਸ਼ਖ਼ਸੀਅਤ ਵਿਚ ਵਾਤਾਵਰਨ ਾਲ ਪਿਆਰ, ਕਰਤੇ ਦੀ ਕੁਦਰਤ ਨਾਲ ਨੇੜਤਾ, ਰੁੱਖਾਂ-ਬੂਟਿਆਂ, ਪਸ਼ੂ-ਪੰਛੀਆਂ, ਪੌਣ-ਪਾਣੀ ਤੇ ਧਰਤੀ ਨਾਲ ਅਨੂਠਾ ਮੋਹ ਆਪ ਦੇ ਜੀਵਨ ਦਾ ਅਹਿਮ ਹਿੱਸਾ ਰਿਹਾ। ਚੌਗਿਰਦੇ ਦੀ ਸੰਭਾਲ, ਵਾਤਾਵਰਨ ਦੀ ਸ਼ੁੱਧਤਾ, ਪੌਣ-ਪਾਣੀ ਤੇ ਧਰਤੀ ਨੂੰ ਬਚਾਉਣ ਲਈ ਆਪ ਨੇ ਵੱਡੇ ਉਪਰਾਲੇ ਕੀਤੇ।

ਮਨੁੱਖਤਾ ਦੇ ਭਲੇ ਲਈ ਗੁਰੂ ਅਰਜੁਨ ਦੇਵ ਜੀ ਨੇ ਖੂਹ ਖੁਦਵਾਏ, ਗੁਰੂ ਹਰਿਗੋਬਿੰਦ ਸਾਹਿਬ ਨੇ ਬਾਗ਼ ਬਗ਼ੀਚੇ ਲਗਵਾਏ। ਗੁਰੂ ਹਰਿ ਰਾਇ ਸਾਹਿਬ ਚੌਗਿਰਦੇ ਨੂੰ ਬਚਾਉਂਦੇ ਰਹੇ ਪੇੜ-ਪੌਦੇ ਉਗਾਉਂਦੇ ਰਹੇ।

ਪੀਰ-ਪੈਗ਼ੰਬਰ, ਔਲੀਏ ਤੇ ਅਵਤਾਰੀ ਪੁਰਖ, ਸੰਸਾਰ ਦੇ ਭਲੇ ਲਈ ਧਰਤੀ 'ਤੇ ਅਵਤਾਰ ਧਾਰ ਕੇ ਸੰਸਾਰੀ ਜੀਵਾਂ ਦੇ

ਭਲੇ ਹਿਤ ਪਰਉਪਕਾਰੀ ਜੀਵਨ ਬਤੀਤ ਕਰਿਆ ਕਰਦੇ ਨੇ। ਜਿਵੇਂ ਵਿਸ਼ਾਲ ਸਾਗਰ ਦੀ ਉੱਪਰੀ ਸਤਹ ਪਰ ਲਹਿਰਾਂ ਉੱਠਦੀਆਂ ਰਹਿੰਦੀਆਂ ਨੇ, ਇਹ ਵਰਤਾਰਾ ਨਿਰੰਤਰ ਚੱਲਦਾ ਰਹਿੰਦਾ ਹੈ ਪਰ ਆਪ ਸਾਗਰ ਅੰਦਰੋਂ ਸ਼ਾਂਤ ਰਹਿੰਦਾ ਹੈ, ਡੋਲਦਾ ਨਹੀਂ, ਅਸ਼ਾਂਤ ਨਹੀਂ ਹੁੰਦਾ, ਏਸੇ ਤਰ੍ਹਾਂ ਅਵਤਾਰੀ ਪੁਰਖਾਂ ਦੇ ਜੀਵਨ 'ਚ ਪਰਉਪਕਾਰ ਰੂਪੀ ਲਹਿਰਾਂ ਹਮੇਸ਼ਾ ਉੱਠਦੀਆਂ ਰਹਿੰਦੀਆਂ ਨੇ ਪਰ ਸਾਗਰ ਦੀ ਨਿਆਈ ਇਹ ਆਪ ਧੁਰ ਅੰਦਰੋਂ ਸ਼ਾਂਤ ਚਿੱਤ ਰਹਿੰਦੇ ਨੇ। ਸਾਗਰ ਦੀਆਂ ਲਹਿਰਾਂ ਜਦੋਂ ਬਾਹਰ ਕੰਢਿਆਂ ਵੱਲ ਜਾਂਦੀਆਂ ਨੇ ਤਾਂ ਬਹੁਤ ਕੀਮਤੀ ਹੀਰੇ-ਜਵਾਹਰਾਤ ਬਾਹਰ ਸੁੱਟ ਜਾਂਦੀਆਂ ਨੇ, ਸਾਗਰ ਕੰਢੇ ਪਿਆ ਫ਼ਾਲਤੂ ਕਚਰਾ ਸਮੇਟ ਕੇ ਲੈ ਜਾਂਦੀਆਂ ਨੇ ਇਸੇ ਤਰ੍ਹਾਂ ਅਵਤਾਰੀ ਪੁਰਖਾਂ ਦਾ ਜੀਵਨ ਪਰਉਪਕਾਰ ਰੂਪੀ ਤਰੰਗਾਂ ਸੰਸਾਰ ਨੂੰ ਬਹੁਤ ਕੀਮਤੀ ਪਦਾਰਥ ਬਖ਼ਸ਼ਦੀਆਂ ਨੇ ਤੇ ਨਾਲ ਰੋੜ੍ਹ ਕੇ ਲੈ ਜਾਂਦੀਆਂ ਨੇ ਸਾਡੀ ਬਦੀ ਦਾ ਕੂੜਾ-ਕਬਾੜ ਤੇ ਕਚਰਾ, ਸਾਡੀਆਂ ਜਨਮ-ਜਨਮ ਦੀਆਂ ਮੈਲਾਂ, ਈਰਖਾ ਵਾ ਹੰਕਾਰ ਦੇ ਢੇਰ ਨਾਲ ਰੋੜ੍ਹ ਕੇ ਲੈ ਜਾਂਦੇ ਨੇ ਅਵਤਾਰੀ ਪੁਰਖ। ਇਹ ਅਵਤਾਰੀ ਪੁਰਖ ਹਉਮੈ, ਜਾਤ-ਪਾਤ, ਊਚ-ਨੀਚ, ਈਰਖਾ-ਦਵੈਤ, ਨਿੰਦਾ-ਬੁਰਾਈ ਜੈਸੀਆਂ ਅਲਾਮਤਾਂ ਫ਼ਾਨੀ ਸੰਸਾਰ ਤੋਂ ਹੂੰਝ ਕੇ ਲੈ ਜਾਂਦੇ ਹਨ।



ਹਮੇਸ਼ਾ ਲੋੜ ਰਹੇਗੀ ਐਸੇ ਮਹਾਨ ਸਤਪੁਰਖਾਂ ਨੂੰ ਯਾਦ ਕਰਨ ਦੀ। ਉਨ੍ਹਾਂ ਦੇ ਦਿਨ ਮਨਾਉਣ ਦੀ। ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ। ਦਰਸਾਏ ਮਾਰਗ 'ਤੇ ਨਿਸ਼ਠਾ ਨਾਲ ਪਹਿਰਾ ਦੇਣ ਦੀ ਹਮੇਸ਼ਾ ਲੋੜ ਰਹੇਗੀ। ਉਨ੍ਹਾਂ ਅਵਤਾਰੀ ਪੁਰਖਾਂ ਦੇ ਉਪਦੇਸ਼, ਅਮਲੀ ਰੂਪ 'ਚ ਸੁਹਿਰਦ ਹੋ ਕੇ ਕਮਾਉਣ ਦੀ। 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦਾ ਜੋ ਹੋਕਾ ਲਾਇਆ ਸੀ ਜਗਤ ਗੁਰੂ ਬਾਬੇ ਨਾਨਕ ਜੀ ਨੇ ਤੇ ਇਸ ਮਹਾਨ ਪੰਕਤੀ ਨੂੰ ਅਮਲੀ ਰੂਪ 'ਚ ਆਪਣੇ ਜੀਵਨ ਦਾ ਹਿੱਸਾ ਬਣਾਇਆ ਸੱਤਵੇਂ ਗੁਰੂਦੇਵ ਗੁਰੂ ਹਰਿ ਰਾਇ ਸਾਹਿਬ ਨੇ। ਜੋ ਉਪਦੇਸ਼ ਕਲਯੁਗੀ ਜੀਵਾਂ ਨੂੰ ਦਿੱਤੇ ਪਹਿਲਾਂ ਆਪ ਖ਼ੁਦ ਉਨ੍ਹਾਂ ਦਾ ਮੰਨਣ ਕੀਤਾ। ਐਸੀ ਕਰਨੀ, ਕਹਿਣੀ ਤੇ ਕਥਨੀ ਦੇ ਸੂਰੇ ਸਤਿਗੁਰੂ ਸਾਹਿਬ ਦੇ ਉਦਮਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੇ ਚੌਗਿਰਦੇ ਨੂੰ ਬਚਾਉਣ ਹਿੱਤ ਇਕ ਬੂਟਾ ਖ਼ੁਦ ਲਗਾਉਣ ਦਾ ਸਾਨੂੰ ਵੀ ਅਹਿਦ ਕਰਨਾ ਚਾਹੀਦਾ ਹੈ। •

98780-98555

---

# ਰਾਗ ਨਾਦ ਸਬਦਿ ਸੋਹਣੇ



**ਇਕਵਾਕ ਸਿੰਘ ਪੱਟੀ**

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਤੀਸਰੇ ਸਥਾਨ 'ਤੇ ਆਉਣ ਵਾਲੇ ਰਾਗ 'ਗਉੜੀ' ਬਾਰੇ...

## ਰਾਗ ਗਉੜੀ

ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਮਾਝ ਰਾਗ ਤੋਂ ਬਾਅਦ ਰਾਗ ਗਉੜੀ ਤੀਜੇ ਸਥਾਨ 'ਤੇ ਆਉਂਦਾ ਹੈ। ਗਉੜੀ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 151 ਤੋਂ ਲੈ ਕੇ ਪੰਨਾ ਨੰਬਰ 346 ਤਕ ਸੁਸ਼ੋਭਿਤ ਹੈ। ਗੁਰੂ ਅਮਰਦਾਸ ਜੀ ਨੇ ਇਸ ਰਾਗ ਬਾਰੇ ਲਿਖਿਆ ਹੈ :

***'ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥***
***ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ॥'***

ਪ੍ਰਚਲਿਤ ਸੁਖਮਨੀ ਸਾਹਿਬ ਦੀ ਬਾਣੀ ਇਸੇ ਰਾਗ ਵਿਚ 'ਗਉੜੀ ਸੁਖਮਨੀ ਮਹਲਾ 5' ਦੇ ਸਿਰਲੇਖ ਹੇਠ ਦਰਜ ਹੈ। ਇਸ ਤੋਂ ਇਲਾਵਾ 'ਬਾਵਨ ਅਖਰੀ', 'ਥਿਤੀ ਗਉੜੀ', 'ਗਉੜੀ ਕੀ ਵਾਰ ਮਹਲਾ 4' ਅਤੇ 'ਗਉੜੀ ਕੀ ਵਾਰ ਮਹਲਾ 5' ਇਸੇ ਰਾਗ ਦੇ ਅੰਤਰਗਤ ਆਉਂਦੀਆਂ ਬਾਣੀਆਂ ਹਨ। ਇਸ ਰਾਗ ਵਿਚ ਗੁਰੂ ਨਾਨਕ ਪਾਤਸ਼ਾਹ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਇਸ ਤੋਂ ਇਲਾਵਾ ਭਗਤ ਸਾਹਿਬਾਨਾਂ ਵਿੱਚੋਂ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਰਵਿਦਾਸ ਜੀ ਦੀ ਬਾਣੀ ਵੀ ਰਾਗ ਗਉੜੀ ਵਿਚ ਦਰਜ ਹੈ। ਗੁਰਬਾਣੀ ਵਿਚ ਇਸ ਰਾਗ ਦੇ ਅਧੀਨ ਲਗਭਗ ਗਿਆਰਾਂ ਹੋਰ ਕਿਸਮਾਂ ਹਨ, ਜਿਨ੍ਹਾਂ ਵਿਚ 'ਗਉੜੀ ਗੁਆਰੇਰੀ', 'ਗਉੜੀ ਦੱਖਣੀ', 'ਗਉੜੀ ਬੈਰਾਗਣਿ', 'ਗਉੜੀ ਚੇਤੀ', 'ਗਉੜੀ ਦੀਪਕੀ', 'ਗਉੜੀ ਪੂਰਬੀ ਦੀਪਕੀ', 'ਗਉੜੀ ਪੂਰਬੀ', 'ਗਉੜੀ ਮਾਝ', 'ਗਉੜੀ ਮਾਲਵਾ', 'ਗਉੜੀ ਮਾਲਾ' ਅਤੇ 'ਗਉੜੀ ਸੋਰਠਿ' ਸ਼ਾਮਲ ਹਨ।



ਇਤਿਹਾਸਕ ਤੇ ਸੰਗੀਤਕ ਪੱਖ ਤੋਂ ਇਹ ਬਹੁਤ ਪ੍ਰਾਚੀਨ ਤੇ ਪ੍ਰਸਿੱਧ ਰਾਗ ਹੈ। ਲਗਪਗ ਸੰਗੀਤ ਨਾਲ ਸਬੰਧਤ ਹਰ ਗ੍ਰੰਥ ਵਿਚ ਇਸ ਦਾ ਜ਼ਿਕਰ ਮਿਲਦਾ ਹੈ। ਗੁਰਮਤਿ ਸੰਗੀਤ ਵਿਚ ਇਸ ਨੂੰ ਸਿਰੀ ਰਾਗ ਦੀ ਰਾਗਨੀ ਵੀ ਮੰਨਿਆ ਗਿਆ ਹੈ, ਜਿਸ ਦਾ ਜ਼ਿਕਰ 'ਮਹਾਨ ਕੋਸ਼' ਦਾ ਕਰਤਾ ਵੀ ਕਰਦਾ ਹੈ। ਇਸ ਤੋਂ ਇਲਾਵਾ ਇਸ ਰਾਗ ਨੂੰ ਭੈਰਉ ਰਾਗ ਦੇ ਨੇੜੇ ਦਾ ਰਾਗ ਵੀ ਮੰਨਿਆ ਜਾਂਦਾ ਹੈ ਕਿਉਂਕਿ ਗੁਰਮਤਿ ਸੰਗੀਤ ਵਿਚ ਇਸਨੂੰ ਭੈਰਵ ਥਾਟ ਦਾ ਮੰਨਿਆ ਗਿਆ ਹੈ ਅਤੇ ਸਿੱਖ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਵੀ ਇਕ ਥਾਂ ਜ਼ਿਕਰ ਕੀਤਾ ਹੈ ਕਿ, 'ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ॥' ਮਹਾਨ ਕੋਸ਼ ਵਿਚ ਲਿਖਿਆ ਹੈ ਕਿ, 'ਇਕ ਰਾਗਨੀ, ਜੋ ਪੂਰਵ ਥਾਟ ਦੀ ਓੜਵ ਸ਼ਾੜਵ ਹੈ, ਇਸ ਵਿਚ ਸ੍ਰੀ ਰਾਗ ਦਾ ਅੰਗ ਹੈ। ਇਸ ਦੀ ਆਰੋਹ ਵਿਚ ਗਾਂਧਾਰ ਅਤੇ ਧੈਵਤ ਵਰਜਿਤ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ। ਰਿਸ਼ਭ ਅਤੇ ਧੈਵਤ ਕੋਮਲ, ਮੱਧਮ, ਤੀਵਰ ਬਾਕੀ ਸਾਰੇ ਸੁਰ ਸ਼ੁੱਧ ਹਨ। ਇਸ ਰਾਗ ਨੂੰ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਮੰਨਿਆ ਗਿਆ ਹੈ।' •

98150-24920

---

# ਸਿੱਖ ਪੰਥ ਦਾ ਸਿਰਮੌਰ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ

### ਸਭਰਾਵਾਂ ਵਿਖੇ ਅੰਗਰੇਜ਼ਾਂ ਤੇ ਸਿੱਖਾਂ ਦਰਮਿਆਨ ਹੋਏ ਯੁੱਧ ਸਮੇਂ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਮੋਰਚਿਆਂ 'ਤੇ ਜਾ ਕੇ ਆਪਣੇ ਜਵਾਨਾਂ ਨੂੰ ਹੱਲਾਸ਼ੇਰੀ ਦਿੰਦੇ। ਇਸ ਨਾਲ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ ਤੇ ਫਿਰੰਗੀਆਂ ਦੇ ਹੌਸਲੇ ਪਸਤ ਹੋਣੇ ਸ਼ੁਰੂ ਹੋ ਗਏ...



**ਜਸਪਾਲ ਸਿੰਘ ਅਟਾਰੀ**
*98146-41002*

ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਸਥਿਤ ਇਤਿਹਾਸਕ ਕਸਬਾ ਅਟਾਰੀ ਸ਼ਹੀਦਾਂ ਦੇ ਪਿੰਡ ਵਜੋਂ ਮਸ਼ਹੂਰ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ 'ਚ ਜਰਨੈਲ ਰਹੇ ਸਰਦਾਰ ਸ਼ਾਮ ਸਿੰਘ ਅਟਾਰੀ ਤੋਂ ਇਲਾਵਾ ਸਰਦਾਰ ਚਤਰ ਸਿੰਘ, ਸਰਦਾਰ ਸ਼ੇਰ ਸਿੰਘ ਆਦਿ ਵੀ ਅਟਾਰੀ ਪਿੰਡ ਨਾਲ ਸਬੰਧਤ ਸਨ। ਅਟਾਰੀ ਵਾਲੇ ਸਰਦਾਰਾਂ 'ਚੋਂ ਸਿਰਕੱਢ ਸ਼ਖ਼ਸੀਅਤ ਸ਼ਾਮ ਸਿੰਘ ਅਟਾਰੀ ਵਾਲਾ ਸਰਦਾਰ ਨਿਹਾਲ ਸਿੰਘ ਦੇ ਸਪੁੱਤਰ ਸਨ। ਸਰਦਾਰ ਸ਼ਾਮ ਸਿੰਘ ਅਟਾਰੀ ਦਾ ਜਨਮ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਕਮਾਂਡਰ ਨਿਹਾਲ ਸਿੰਘ ਦੇ ਘਰ ਅਟਾਰੀ ਵਿਖੇ 1788 ਦੇ ਲਗਪਗ ਹੋਇਆ। ਪਿੰਡ ਅਟਾਰੀ ਅੰਮ੍ਰਿਤਸਰ-ਲਾਹੌਰ ਸੜਕ 'ਤੇ ਅੰਮ੍ਰਿਤਸਰ ਤੋਂ 28 ਕਿਲੋਮੀਟਰ ਦੀ ਦੂਰੀ 'ਤੇ ਵਾਹਗਾ ਸਰਹੱਦ ਤੋਂ ਦੋ ਕਿਲੋਮੀਟਰ ਉਰ੍ਹਾਂ ਵਸਿਆ ਪੁਰਾਤਨ ਕਸਬਾ ਹੈ। ਇਥੇ ਬਣੇ ਬੁਰਜ, ਹਵੇਲੀਆਂ ਤੇ ਸਮਾਧਾਂ ਇਸ ਦੇ ਇਤਿਹਾਸਕ ਹੋਣ ਦਾ ਸਬੂਤ ਹਨ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਪਿਛੋਕੜ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਜਗਰਾਵਾਂ ਨੇੜਲੇ ਪਿੰਡ ਕਾਉਂਕੇ ਨਾਲ ਜਾ ਜੁੜਦਾ ਹੈ ਕਿਉਂਕਿ ਉਨ੍ਹਾਂ ਦੇ ਪਿਤਾ ਸਰਦਾਰ ਨਿਹਾਲ ਸਿੰਘ ਨੇ ਉੱਥੋਂ ਉੱਠ ਕੇ ਅਟਾਰੀ ਵਿਖੇ ਆ ਕੇ ਆਪਣੀ ਰਹਾਇਸ਼ ਸਥਾਪਿਤ ਕਰ ਲਈ ਸੀ।

ਸਰਦਾਰ ਸ਼ਾਮ ਸਿੰਘ ਨੇ ਛੋਟੀ ਉਮਰ 'ਚ ਹੀ ਘੋੜ ਸਵਾਰੀ, ਤੀਰਅੰਦਾਜ਼ੀ, ਤਲਵਾਰਬਾਜ਼ੀ ਆਦਿ ਜੰਗੀ ਕਰਤਬ ਸਿੱਖ ਲਏ ਤੇ ਆਪਣੇ ਪਿਤਾ ਨਾਲ ਜੰਗਾਂ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਪਿਤਾ ਦੇ ਹੁੰਦਿਆਂ ਹੀ ਸਰਦਾਰ ਸ਼ਾਮ ਸਿੰਘ ਅਟਾਰੀ ਨੇ 12 ਮਾਰਚ 1816 ਨੂੰ ਮਹਾਰਾਜਾ ਰਣਜੀਤ ਸਿੰਘ ਕੋਲੋਂ ਹੀਰਿਆਂ ਜੜੀ ਕਲਗੀ ਪ੍ਰਾਪਤ ਕਰ ਕੇ ਆਪਣੇ ਪਿਤਾ ਦਾ ਮਾਣ ਵਧਾਇਆ। ਸਰਦਾਰ ਨਿਹਾਲ ਸਿੰਘ ਅਟਾਰੀ ਨੇ 1818 'ਚ ਮਹਾਰਾਜਾ ਰਣਜੀਤ ਸਿੰਘ ਦੇ ਬਿਮਾਰ ਹੋਣ ਸਮੇਂ ਉਨ੍ਹਾਂ ਦੇ ਮੰਜੇ ਦੇ ਦੁਆਲੇ ਪਰਿਕਰਮਾ ਕਰ ਕੇ ਪਰਮਾਤਮਾ ਅੱਗੇ ਅਰਦਾਸ ਕਰ ਕੇ ਉਨ੍ਹਾਂ ਦੀ ਬਿਮਾਰੀ ਆਪਣੇ ਉੱਪਰ ਲੈ ਕੇ ਆਪਾ ਵਾਰ ਦਿੱਤਾ ਸੀ। ਮੁਲਤਾਨ ਦੀ 1818 ਦੀ ਪਹਿਲੀ ਐਸੀ ਲੜਾਈ ਸੀ, ਜਿਸ 'ਚ ਸਰਦਾਰ ਸ਼ਾਮ ਸਿੰਘ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਹਿੱਸਾ ਲਿਆ ਤੇ ਬਹਾਦਰੀ ਦੇ ਜੌਹਰ ਵਿਖਾਏ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਖ਼ੁਸ਼ ਹੋ ਕੇ ਸ਼ਹਿਜ਼ਾਦਾ ਖੜਕ ਸਿੰਘ, ਮਿਸਰ ਦੀਵਾਨ ਚੰਦ, ਸਰਦਾਰ ਦਲ ਸਿੰਘ ਨਾਲ ਉਨ੍ਹਾਂ ਨੂੰ ਵੀ ਪਿਸ਼ਾਵਰ ਦੀ ਮੁਹਿੰਮ 'ਤੇ ਭੇਜਿਆ ਤੇ ਖ਼ਾਲਸਾ ਫ਼ੌਜ ਇਹ ਜੰਗ ਜਿੱਤ ਕੇ ਪਰਤੀ ਸੀ। ਜਿੱਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਆਪਣਾ ਵਿਸ਼ੇਸ਼ ਧਿਆਨ ਕਸ਼ਮੀਰ ਜਿੱਤਣ ਵੱਲ ਲਗਾਇਆ।

ਮਈ 1819 ਵਿਚ ਇਕ ਵੱਡੀ ਫ਼ੌਜ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲੀ) ਵਿਖੇ ਇਕੱਠੀ ਹੋਈ। ਉਸ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਹਿੱਸਾ ਸਰਦਾਰ ਸ਼ਾਮ ਸਿੰਘ ਅਟਾਰੀ ਅਤੇ ਮਿਸਰ ਦੀਵਾਨ ਚੰਦ ਰੀ ਕਮਾਂਡ ਹੇਠ, ਦੂਜਾ ਸ਼ਹਿਜ਼ਾਦਾ ਖੜਕ ਸਿੰਘ ਦੀ ਸਰਦਾਰੀ ਹੇਠ ਅਤੇ ਤੀਜਾ ਮਹਾਰਾਜਾ ਰਣਜੀਤ ਸਿੰਘ ਦੇ ਆਪਣੇ ਅਧੀਨ ਸੀ। ਸਰਦਾਰ ਸ਼ਾਮ ਸਿੰਘ ਅਟਾਰੀ ਤੇ ਮਿਸਰ ਦੀਵਾਨ ਚੰਦ ਨੇ ਹੌਲੀਆਂ ਤੋਪਾਂ ਨਾਲ ਰਾਜੌਰੀ 'ਤੇ ਹੱਲਾ ਬੋਲ ਦਿੱਤਾ ਤੇ ਸਭ ਪਾਸਿਓਂ ਹੱਲਾ ਕਰ ਕੇ ਭਾਰੀ ਜੰਗ ਛੇੜ ਦਿੱਤੀ



[redacted]

ਤੇ ਕਸ਼ਮੀਰ ਫ਼ਤਹਿ ਕਰ ਲਿਆ ਗਿਆ।

ਮਾਰਚ 1822 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਮੁਹੰਮਦ ਆਜ਼ਿਮ ਬਾਰਕਜ਼ਾਈ ਆਪਣੇ ਭਰਾ ਮੁਹੰਮਦ ਦੋਸਤ ਨਾਲ ਮਿਲ ਕੇ ਪਿਸ਼ਾਵਰ ਉੱਪਰ ਹੱਲਾ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਮਹਾਰਾਜਾ ਨੇ ਖ਼ਾਲਸਾ ਫ਼ੌਜਾਂ ਨੂੰ ਅਟਕ ਵੱਲ ਕੂਚ ਕਰਨ ਦਾ ਹੁਕਮ ਦਿੱਤਾ ਤੇ ਆਪ ਅਟਕ ਕਿਲ੍ਹੇ ਦੇ ਸਾਹਮਣੇ ਦਰਿਆ ਪਾਰਲੇ ਕਿਲ੍ਹੇ ਖੈਰਾਬਾਦ ਵੱਲ ਵਧੇ। ਆਪ ਦਾ ਟਾਕਰਾ ਅਕੋਨੇ ਦੇ ਮੈਦਾਨ ਵਿਚ ਬਾਰਕਜ਼ਾਈ ਦੀਆਂ ਫ਼ੌਜਾਂ ਨਾਲ ਹੋਇਆ। ਇਸ ਲੜਾਈ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਬੜੀ ਸੂਰਬੀਰਤਾ ਦਾ ਪ੍ਰਦਰਸ਼ਨ ਕੀਤਾ ਤੇ ਅਖ਼ੀਰ ਜਿੱਤ ਖ਼ਾਲਸਾ ਫ਼ੌਜ ਦੀ ਹੋਈ। ਇਸ ਜਿੱਤ ਦੀ ਖ਼ੁਸ਼ੀ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਭਰੇ ਦਰਬਾਰ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ, ਕੰਵਰ ਸ਼ੇਰ ਸਿੰਘ ਤੇ ਸਰਦਾਰ ਜੈ ਸਿੰਘ ਨੂੰ ਸਨਮਾਨਿਤ ਕੀਤਾ ਅਤੇ ਮੋਹਰਾਂ, ਈਰਾਨੀ ਬੰਦੂਕਾਂ, ਝੰਡੇ ਤੇ ਹਾਥੀ ਇਨਾਮ ਵਜੋਂ ਦਿੱਤੇ। ਪਿਸ਼ਾਵਰ ਦੀ ਮੁਹਿੰਮ ਤੋਂ ਵਾਪਸ ਆ ਕੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਆਪਣੀ ਬੇਟੀ ਨਾਨਕੀ ਦਾ ਸਾਕ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਪੱਕਾ ਕੀਤਾ। ਨਿਉਂਦਰੇ ਦੀ ਰਸਮ 6 ਮਾਰਚ 1837 ਨੂੰ ਹੋਈ। ਬਾਅਦ ਵਿਚ ਸਰਦਾਰ ਅਟਾਰੀ ਵਾਲਾ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਰਿਸ਼ਤੇਦਾਰੀ ਹੋ ਗਈ ਅਤੇ ਲਾਹੌਰ ਦਰਬਾਰ ਵਿਚ ਉਨ੍ਹਾਂ ਦਾ ਸਤਿਕਾਰ ਵਧ ਗਿਆ।

27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਅਸਤ ਹੋਣਾ ਸ਼ੁਰੂ ਹੋ ਗਿਆ ਹੌਲੀ-ਹੌਲੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਨਾ ਸ਼ੁਰੂ ਕਰ ਦਿੱਤਾ ਅਤੇ ਡੋਗਰਾਸ਼ਾਹੀ ਆਰੰਭ ਹੋ ਗਈ। ਲਾਹੌਰ ਵਿਚ ਕਤਲਾਂ ਤੇ ਗੱਦਾਰੀਆਂ ਦਾ ਮੁਢ ਬੱਝ ਗਿਆ। ਇੱਥੋਂ ਹੀ ਸਿੱਖਾਂ ਅਤੇ ਅੰਗਰੇਜ਼ਾਂ ਵਿਚਕਾਰ ਲੜਾਈ ਦਾ ਮੁੱਢ ਬੱਝਾ। ਸਿੱਖਾਂ ਨਾਲ ਅੰਗਰੇਜ਼ਾਂ ਦੀ ਪਹਿਲੀ ਪੜਾਈ ਸਮੇਂ ਅੰਗਰੇਜ਼ ਫ਼ੌਜ 'ਚ 44000 ਜਵਾਨ ਤੇ 100 ਤੋਪਾਂ ਸਨ। ਅੰਗਰੇਜ਼ ਮੁਲਤਾਨ ਉੱਤੇ ਚੜ੍ਹਾਈ ਕਰਨ ਲੱਗੇ। ਸਿੱਖ ਫ਼ੌਜਾਂ ਦਾ ਕਮਾਂਡਰ-ਇਨ-ਚੀਫ਼ ਤੇਜਾ ਸਿੰਘ ਤੇ ਵਜ਼ੀਰ ਲਾਲ ਸਿੰਘ ਸਨ। ਇਨ੍ਹਾਂ ਦੋਹਾਂ ਨੂੰ ਲਾਲਚ ਦੇ ਕੇ ਅੰਗਰੇਜ਼ਾਂ ਨੇ ਆਪਣਾ ਨਾਲ ਮਿਲਾ ਲਿਆ। ਜਿਸ ਕਾਰਨ ਸਿੱਖ ਫ਼ੌਜ ਦੀ ਯੋਜਨਾ ਉਨ੍ਹਾਂ ਦੋਹਾਂ ਨੇ ਸਫ਼ਲ ਨਾ ਹੋਣ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੇ ਦੇਹਾਂਤ ਤੋਂ ਬਾਅਦ ਲਾਹੌਰ ਦਰਬਾਰ ਦਾ ਕੰਮਕਾਜ ਮਹਾਰਾਣੀ ਜਿੰਦ ਕੌਰ ਦੀ ਦੇਖਰੇਖ ਹੇਠ ਸੀ। ਮਹਾਰਾਣੀ ਨੇ 10 ਘੋੜ ਸਵਾਰਾਂ ਦੇ ਹੱਥ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਭੇਜੇ ਸੁਨੇਹੇ ਵਿਚ ਆਖਿਆ ਕਿ ਉਹ ਲਾਹੌਰ ਵੱਲ ਵਧ ਰਹੀਆਂ ਬਰਤਾਨਵੀ ਫ਼ੌਜਾਂ ਨੂੰ ਰੋਕਣ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਨੇ ਖ਼ਾਲਸਾ ਫ਼ੌਜ ਦੀ ਕਮਾਂਡ ਸੰਭਾਲੀ ਤੇ ਫ਼ੌਜ ਨੂੰ ਅੰਗਰੇਜ਼ਾਂ ਵਿਰੁੱਧ ਸਭਰਾਵਾਂ ਵਿਖੇ ਲੜਾਈ ਦੇ ਮੈਦਾਨ ਵਿਚ ਆਣ ਟੱਕਰੇ।

10 ਫਰਵਰੀ 1846 ਨੂੰ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੇ ਸਿੱਖ ਫ਼ੌਜ ਨੂੰ ਵੰਗਾਰਿਆ। ਅੰਗਰੇਜ਼ਾਂ ਨੇ ਤੋਪਾਂ ਨਾਲ ਸਿੱਖਾਂ ਦੇ ਮੋਰਚਿਆਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਗੋਲਿਆਂ ਦਾ ਜਵਾਬ ਗੋਲਿਆਂ ਨਾਲ ਮਿਲਣ 'ਤੇ ਲੜਾਈ ਭਖ਼ ਗਈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਸਭ ਮੋਰਚਿਆਂ 'ਤੇ ਆਪ ਜਾ ਕੇ ਜਵਾਨਾਂ ਨੂੰ ਹੱਲਾਸ਼ੇਰੀ ਦੇ ਰਹੇ ਸਨ। ਇਸ ਤਰ੍ਹਾਂ ਫ਼ੌਜ ਅੰਦਰ ਵਿਸ਼ਵਾਸ ਤੇ ਜੋਸ਼ ਵਧਿਆ। ਸਿੱਖ ਫ਼ੌਜ ਦੇ ਜੈਕਾਰਿਆਂ ਨੇ ਫਿਰੰਗੀਆਂ ਦੇ ਹੌਸਲੇ ਪਸਤ ਕਰ ਦਿੱਤੇ। ਅੰਗਰੇਜ਼ ਮੈਦਾਨ 'ਚੋਂ ਭੱਜਣੇ ਸ਼ੁਰੂ ਹੋ ਗਏ ਪਰ ਗੱਦਾਰ ਲਾਲ ਸਿੰਘ ਤੇ ਤੇਜਾ ਸਿੰਘ ਨੇ ਸਿੱਖ ਫ਼ੌਜ ਨੂੰ ਅਸਲਾ ਤੇ ਗੋਲਾ-ਬਾਰੂਦ ਸਪਲਾਈ ਕਰਨ ਤੋਂ ਰੋਕਣ ਲਈ ਸਤਲੁਜ ਦਰਿਆ ਦਾ ਬੇੜੀਆਂ ਵਾਲਾ ਪੁਲ ਤੋੜ ਦਿੱਤਾ। ਅਸਲਾ-ਬਾਰੂਦ ਮੁੱਕਣ 'ਤੇ ਸਿੱਖ ਫ਼ੌਜਾਂ ਦਾ ਅੰਗਰੇਜ਼ਾਂ ਨੇ ਵੱਡਾ ਨੁਕਸਾਨ ਕੀਤਾ। ਲਾਲ ਸਿੰਘ ਤੇ ਤੇਜਾ ਸਿੰਘ ਨੇ ਕੌਮ ਨਾਲ ਹੋਰ ਗੱਦਾਰੀ ਕਰਦਿਆਂ ਅਸਲੇ ਦੀਆਂ ਜਿਹੜੀਆਂ ਪੇਟੀਆਂ ਲੜਾਈ ਦੇ ਮੈਦਾਨ ਵਿਚ ਭੇਜੀਆਂ ਗਈਆਂ ਸਨ, ਉਨ੍ਹਾਂ 'ਚ ਗੋਲੀ-ਸਿੱਕੇ ਦੀ ਬਜਾਏ ਰੇਤ ਤੇ ਸਰ੍ਹੋਂ ਨਿਕਲੀ। ਉੱਥੇ ਕਵੀ ਸ਼ਾਹ ਮੁਹੰਮਦ ਨੇ ਲਿਖਿਆ ਹੈ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ। ਉਸ ਦਾ ਇਸ਼ਾਰਾ ਮਹਾਰਾਜਾ ਰਣਜੀਤ ਸਿੰਘ ਵੱਲ ਹੈ, ਜਿਸ ਦੇ ਜਿਉਂਦਿਆਂ ਫਿਰੰਗੀ ਪੰਜਾਬ ਦੀ ਧਰਤੀ 'ਤੇ ਪੈਰ ਧਰਨ ਤੋਂ ਵੀ ਕੰਬਦੇ ਸਨ। ਅਖ਼ੀਰ ਫਿਰੰਗੀ ਫ਼ੌਜਾਂ ਦੀਆਂ ਗੋਲੀਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦਾ ਸਰੀਰ ਛਾਨਣੀ ਕਰ ਦਿੱਤਾ ਅਤੇ ਮੈਦਾਨ-ਏ-ਜੰਗ ਵਿਚ ਉਹ ਸ਼ਹਾਦਤ ਦਾ ਜਾਮ ਪੀ ਗਏ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਦੇ ਸਨਮਾਨ ਵਜੋਂ ਪਿੰਡ ਅਟਾਰੀ ਵਿਖੇ ਉਨ੍ਹਾਂ ਦੇ ਵਾਰਿਸਾਂ ਵੱਲੋਂ ਇਕ ਸ਼ਾਨਦਾਰ ਸਮਾਰਕ ਉਸਾਰਿਆ ਗਿਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਟਰੱਸਟ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 10 ਫਰਵਰੀ ਨੂੰ ਸਮਾਧਾਂ ਅਟਾਰੀ ਵਿਖੇ 172ਵਾਂ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। •



# ਡੂੰਘੀਆਂ ਖੱਡਾਂ ਤੇ ਉੱਚੇ ਟਿੱਲਿਆਂ 'ਤੇ ਵਸਿਆ ਸੰਤੋਰਿਨੀ ਦੀਪ

ਸੰਤੋਰਿਨੀ ਕੁਦਰਤ ਦੀ ਖ਼ੂਬਸੂਰਤੀ 'ਚ ਸਮੇਟਿਆ ਹੋਇਆ ਇਕ ਦੀਪ ਹੈ। ਇਥੇ ਚਾਰੇ ਪਾਸੇ ਡੂੰਘੀਆਂ ਖੱਡਾਂ ਤੇ ਟਿੱਲੇ ਹਨ। ਇਸ ਦੀ ਉਚਾਈ 200 ਤੋਂ 400 ਮੀਟਰ ਤਕ ਹੈ। ਲਾਵੇ ਨਾਲ ਬਣੇ ਟਿੱਲੇ ਦੇ ਸ਼ਿਖ਼ਰ ਨੇ ਜਿੱਥੇ ਲਾਵੇ ਦਾ ਧੂਸਰ ਰੰਗ ਲਿਆ ਹੈ, ਉੱਥੇ ਫਿਰਾ ਤੇ ਓਈਆ ਜਿਹੇ ਦੀਪ ਪੂਰੀ ਤਰ੍ਹਾਂ ਆਕਰਸ਼ਕ ਹਨ। ਪੂਰਾ ਸੰਤੋਰਿਨੀ ਹੀ ਲੁਭਾਉਣੇ ਦ੍ਰਿਸ਼ਾਂ ਤੇ ਪੁਰਾਤਨ ਸਥਾਨਾਂ ਨਾਲ ਸੈਲਾਨੀਆਂ ਨੂੰ ਆਕਰਸ਼ਿਤ ਕਰਦਾ ਹੈ। ਇਸ ਨੂੰ ਰੋਮਾਂਟਿਕ ਸਥਾਨ ਨਾਲ ਜਾਣਿਆ ਜਾਂਦਾ ਹੈ। ਹਨੀਮੂਨ ਲਈ ਨਵ-ਵਿਆਹੇ ਜੋੜੇ ਤੇ ਮਸ਼ਹੂਰ ਹਸਤੀਆਂ ਇਥੇ ਆਉਂਦੀਆਂ ਹੀ ਰਹਿੰਦੀਆਂ ਹਨ। ਗ੍ਰੀਸ ਤੋਂ ਕਰੀਬ 200 ਕਿਲੋਮੀਟਰ ਦੂਰ ਏਜ਼ੀਅਨ ਸਾਗਰ ਦੇ ਦੱਖਣ 'ਚ ਸਥਿਤ ਇਹ ਦੀਪ ਤੁਹਾਨੂੰ ਉਦੋਂ ਹੋਰ ਆਕਰਸ਼ਿਤ ਕਰਦਾ ਹੈ, ਜਦੋਂ ਤੁਸੀਂ ਉੱਥੇ ਸਮੁੰਦਰ ਦੇ ਰਸਤੇ ਰਾਹੀ ਪਹੁੰਚਦੇ ਹੋ, ਕਿਉਂਕਿ ਉੱਥੇ ਤੁਸੀਂ ਜਵਾਲਾਮੁਖੀ ਨਾਲ ਬਣੇ ਖੱਡੇ, ਜਿਸ 'ਚ ਸਮੁੰਦਰ ਦਾ ਪਾਣੀ ਭਰ ਗਿਆ ਹੈ,ਉਸ 'ਚੋਂ ਲੰਘੋਗੇ।

## ਫਿਰਾ

ਨੀਲੇ ਡੋਮ ਵਾਲੇ ਗਿਰਜਾਘਰਾਂ ਦਾ ਸ਼ਹਿਰ ਸੰਤੋਰਿਨੀ ਦੀ ਰਾਜਧਾਨੀ ਫਿਰਾ ਸੰਘਣੇ ਸਫ਼ੈਦ ਘਰਾਂ 'ਤੇ ਛੱਤਾਂ, ਛੋਟੇ ਚੌਰਾਹੇ ਅਤੇ ਖੱਡਾਂ ਦੇ ਮੁਹਾਣ 'ਤੇ ਬਣੇ ਨੀਲੇ ਡੋਮ ਵਾਲੇ ਗਿਰਜਾਘਰਾਂ ਨਾਲ ਬਣਿਆ ਸ਼ਹਿਰ ਹੈ। ਇਹ ਕੇਲਡੇਰਾ ਤੋਂ 300 ਮੀਟਰ ਉਚਾਈ 'ਤੇ ਹੈ। ਕੇਲਡੇਰਾ ਸਕਾਲਾ ਬੰਦਰਗਾਹ ਨਾਲ ਲੱਗਿਆ ਹੈ। ਫਿਰਾ ਤਕ ਪਹੁੰਚਣ ਲਈ ਜਾਂ ਤਾਂ ਤਹਾਨੂੰ ਪੈਦਲ 587 ਪੌੜੀਆਂ ਚੜ੍ਹਨਾ ਪਵੇਗਾ ਜਾਂ ਫਿਰ ਕੇਵਲ ਕਾਰ 'ਤੇ ਜਾਣਾ ਹੋਵੇਗਾ। ਕੇਵਲ ਕਾਰ ਤੁਹਾਨੂੰ ਐਥੀਨਿਓਸ ਛੱਡੇਗੀ, ਜਿੱਥੋਂ ਸੜਕ ਮਾਰਗ ਤੋਂ ਫਿਰਾ ਦੀ ਦੂਰੀ 17 ਕਿਲੋਮੀਟਰ ਹੈ। ਉੱਥੇ ਹੀ ਜਹਾਜ਼ ਤੁਹਾਨੂੰ ਕੇਲਡੇਰਾ ਛੱਡੇਗਾ। ਇਥੋਂ ਹੀ ਯਾਤਰੀਆਂ ਨੂੰ ਸਕਾਲਾ ਲਿਜਾਇਆ ਜਾਂਦਾ ਹੈ। ਇਹ ਹੁਣ ਮੁੱਖ ਸੈਰ-ਸਪਾਟਾ ਸਥਾਨ ਹੀ ਹੈ, ਜਿੱਥੇ ਭਵਨਾਂ ਨੂੰ ਹੋਟਲ, ਰੈਸਟੋਰੈਂਟਾਂ, ਕੈਫੇ, ਦੁਕਾਨਾਂ 'ਚ ਬਦਲ ਦਿੱਤਾ ਗਿਆ ਹੈ।

## ਓਈਆ

ਸੰਤੋਰਿਨੀ ਦੇ ਉੱਤਰੀ ਮੁਹਾਣੇ 'ਤੇ ਫਿਰੇ ਦੀ ਬੰਦਰਗਾਹ ਤੋਂ 12 ਕਿ.ਮੀ. ਉਪਰ ਓਈਆ ਸਫ਼ੈਦ ਘਰਾਂ ਵਾਲਾ ਇਕ ਬਹੁਤ ਹੀ ਖ਼ੂਬਸੂਰਤ ਪਿੰਡ ਹੈ। ਇਥੇ ਘਰਾਂ ਨੂੰ ਹੁਣ ਪੂਲ ਵਾਲੇ ਹੋਟਲਾਂ 'ਚ ਬਦਲ ਦਿੱਤਾ ਗਿਆ ਹੈ। ਇੱਥੋਂ ਕਾਲਡੇਰਾ ਦਿਖਾਈ ਦਿੰਦਾ ਹੈ। ਇਹ ਵੀ ਸੈਲਾਨੀਆਂ ਦੀ ਜਗ੍ਹਾ ਹੀ ਹੈ, ਪਰ ਇਥੇ ਅਮੀਰ ਸੈਲਾਨੀ ਹੀ ਆਉਂਦੇ ਹਨ। ਅਮਾਊਦੀ ਖਾੜੀ ਦੇ ਤਿੱਖੇ ਮੋੜਾਂ ਤੇ ਘੁੰਮਣਘੇਰੀ ਵਾਲੇ ਰਸਤਿਆਂ ਨੂੰ ਹੋ ਕੇ ਇਥੇ ਪਹੁੰਚਿਆ ਜਾਂਦਾ ਹੈ। ਇੱਥੋਂ ਦੇ ਸੂਰਜ ਛਿਪਣ ਦਾ ਨਜ਼ਾਰਾ ਪੂਰੇ ਦੀਪ ਦੇ ਸੈਲਾਨੀਆਂ ਨੂੰ ਹਰ ਸ਼ਾਮ ਇਥੇ ਖਿੱਚ ਲਿਆਉਂਦਾ ਹੈ। ਕਾਲਡੇਰਾ ਤੋਂ ਟਿੱਲੇ 'ਤੇ ਬਣੇ ਫੁੱਟਪਾਥ 'ਤੇ ਚੱਲ ਕੇ ਵੀ ਤੁਸੀਂ ਓਈਆ ਪਹੁੰਚ ਸਕਦੇ ਹੋ। ਇਸ 'ਚ ਤਕਰੀਬਨ ਤਿੰਨ ਘੰਟੇ ਲੱਗਦੇ ਹਨ।

### ਸੰਤੋਰਿਨੀ 'ਚ ਕਿੱਥੇ ਠਹਿਰੋ

ਜੇ ਤੁਸੀਂ ਇਥੋਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਦੇਖਣ ਆਏ ਹੋ ਤਾਂ ਕਾਲਡੇਰਾ ਅਤੇ ਏਜੀਅਨ ਸਮੁੰਦਰ 'ਤੇ ਹੈ ਤਾਂ ਤੁਹਾਨੂੰ ਓਈਆ ਜਾਂ ਫਿਰਾ 'ਚ ਠਹਿਰਨਾ ਚਾਹੀਦਾ। ਇਹ ਸ਼ਹਿਰ ਟਿੱਲਿਆਂ ਦੇ ਸਿਖ਼ਰ 'ਤੇ ਹੈ, ਜੋ ਸਮੁੰਦਰ ਦੇ ਉੱਪਰ ਹੈ, ਇਥੋਂ ਸੁੰਦਰ ਦ੍ਰਿਸ਼, ਛੋਟੀਆਂ ਸੜਕਾਂ, ਪਹਾੜੀ ਖੇਤ ਦਿਖਾਈ ਦਿੰਦੇ ਹਨ।

- ਦਿ ਨਿਊ ਫਿਲੂਟੋਰਾ- ਓਈਆ
- ਸੇਲੇਸਟੀਆ ਗਰੈਂਡ ਇਨ ਫਿਰਾ
- ਕੋਸਟਾ ਮੇਰਿਨਾ ਵਿਲਾ-ਫਿਰਾ
- ਗਰੈਂਡ ਵਿਊ ਹੋਟਲ ਮੇਗਾਲੋਚੋਰੀ, ਫਿਰਾ
- ਸਸਤੇ ਹੋਟਲ
- ਐਨੀਮੋਮੀਅਲ ਹੋਟਲ- ਓਈਆ
- ਹੋਟਲ ਕਾਵਾਲਾਰੀ - ਫਿਰਾ
- ਪੈਂਸੀਓਨ ਜਹਾਰੋਓਲਾ - ਫਿਰਾ



## ਕਾਲਡੇਰਾ

ਕਰੀਬ 3600 ਸਾਲ ਪਹਿਲਾਂ ਜਵਾਲਾਮੁਖੀ ਵਿਸਫੋਟ ਨਾਲ ਬਣੇ ਕਰੇਟਰ 'ਚ ਸਮੁੰਦਰੀ ਪਾਣੀ ਭਰਨ ਨਾਲ ਇਹ ਸਥਾਨ ਬਣਿਆ ਹੈ। ਇਸ ਦੇ ਮੱਧ 'ਚ ਦੋ ਦੀਪ ਹਨ, ਜਿੱਥੇ ਗਰਮ ਪਾਣੀ ਤੇ ਗੈਸ ਨਿਕਲਦੀ ਹੈ। ਕਈ ਏਜੰਸੀਆਂ ਕਿਸ਼ਤੀਆਂ ਨਾਲ ਕਾਲਡੇਰਾ ਦਾ ਇਕ ਦਿਨ ਦਾ ਟੂਰ ਕਰਵਾਉਂਦੀਆਂ ਹਨ। ਇਥੋਂ ਸੰਤੋਰਿਨੀ ਦਾ ਦ੍ਰਿਸ਼ ਦਿਲਚਸਪ ਹੁੰਦਾ ਹੈ।

## ਅਕਰੋਟਿਰੀ ਪੁਰਾ ਤੇ ਲਾਲ ਬੀਚ

ਅੱਜ ਦੇ ਅਕਰੋਟਿਰੀ ਪਿੰਡ ਦੇ ਕੋਲ, ਜੋ ਫਿਰਾ ਤੋਂ 12 ਕਿ. ਮੀ ਦੂਰ ਇਕ ਸਥਾਨ ਹੈ, ਜੋ ਲਾਵਾ 'ਚ ਸਮਾ ਗਿਆ। ਇਹ ਈਸਾ ਪੂਰਵ 26ਵੀਂ ਸਦੀ ਦੀ ਗੱਲ ਹੈ। ਇਸ ਤੋਂ ਕਾਲਡੇਰਾ ਬਣਿਆ। ਖੋਜਾਰਥੀਆਂ ਤੋਂ ਪਤਾ ਚੱਲਦਾ ਹੈ ਕਿ ਸੰਤੋਰਿਨੀ ਵਿਸਫੋਟ ਤੋਂ ਪਹਿਲਾਂ ਜਹਾਜ਼ਾਂ ਅਤੇ ਵਪਾਰ ਕਾਰਨ ਕਾਫ਼ੀ ਖ਼ੁਸ਼ਹਾਲ ਦੀਪ ਸੀ।

ਉੱਤਰੀ ਅਫ਼ਰੀਕਾ ਨੂੰ ਉਸ ਦੇ ਕੰਧ ਚਿੱਤਰਾਂ ਨਾਲ ਜਾਣਿਆ ਜਾਂਦਾ ਹੈ। ਇਨ੍ਹਾਂ 'ਚੋਂ ਹੁਣ ਕਈ ਏਥੈਂਸ ਦੇ ਮਿਊਜ਼ੀਅਮ 'ਚ ਹਨ। ਇਨ੍ਹਾਂ ਹੀ ਕੰਧ ਚਿੱਤਰਾਂ ਨਾਲ ਇੱਥੋਂ ਦੇ ਘਰ ਸਜੇ ਹੋਏ ਸੀ। ਕਈ ਸਾਲਾਂ ਤਕ ਬੰਦ ਰਹਿਣ ਤੋਂ ਬਾਅਦ 2012 'ਚ ਅਕਰੋਟਿਰੀ ਦੇ ਲੋਕਾਂ ਲਈ ਫਿਰ ਤੋਂ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਕੋਲ ਹੀ ਲਾਲ ਬੀਚ ਹੈ, ਜੋ ਰੇਡਫਿਲਕ ਦੀਵਾਰ ਦੇ ਥੱਲੇ ਹੈ। ਅਕਰੋਟਿਰੀ ਤੋਂ ਇਸ ਨੂੰ ਦੇਖਿਆ ਜਾ ਸਕਦਾ ਹੈ।

## ਪ੍ਰਾਚੀਨ ਥਿਰਾ

ਦੱਖਣੀ-ਪੂਰਬੀ ਤੱਟ 'ਤੇ ਪ੍ਰਾਚੀਨ ਥਿਰਾ ਹੈ, ਜੋ ਈਸਾ ਪੂਰਵ ਨਵੀਂ ਸਦੀ ਦਾ ਹੈ। ਇਥੇ ਤੁਸੀਂ ਯੂਨਾਨਕਾਲੀਨ ਮੰਦਿਰਾਂ ਤੇ ਹੋਰ ਅਕ੍ਰਿਤੀਆਂ ਨੂੰ ਦੇਖ ਸਕਦੇ ਹੋ। ਇਸ ਦੇ ਨਾਲ ਹੀ ਰੋਮਨ ਤੇ ਪ੍ਰਾਚੀਨ ਯੂਨਾਨੀ ਸਾਮਰਾਜ ਭਵਨਾਂ ਦੀ ਨੀਂਹ ਵੀ ਦਿਖਾਈ ਦਿੰਦੀ ਹੈ। ਫਿਰਾ ਦੇ ਮਿਊਜ਼ੀਅਮ 'ਚ ਇਸ ਨੂੰ ਰੱਖਿਆ ਗਿਆ ਹੈ।

## ਪੁਰਾਤਤਵ ਅਜਾਇਬਘਰ ਫਿਰਾ

ਫਿਰਾ ਦੀ ਕੇਬਲ ਕਾਰ ਦੇ ਉਪਰੀ ਸਟੇਸ਼ਨ ਕੋਲ ਛੋਟਾ ਜਿਹਾ ਪੁਰਾਤਤਵ ਅਜਾਇਬਘਰ ਹੈ, ਜਿਸ 'ਚ ਥਿਰਾ 'ਚ ਮਿਲੀਆਂ ਪੁਰਾਤਨ ਵਸਤਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ 'ਚ ਦਿਹਾਤੀ, ਯੂਨਾਨਕਾਲੀਨ, ਰੋਮਨ ਤੇ ਯੂਨਾਨੀ ਸਮਰਾਜ ਕਾਲ ਦੀਆਂ ਵਸਤਾਂ ਸ਼ਾਮਿਲ ਹਨ।

## ਪੂਰਵ ਇਤਿਹਾਸਕ ਅਜਾਇਬਘਰ ਫਿਰਾ

ਇਥੇ ਅਕਰੋਟਿਰੀ ਪੁਰਾਤਨ ਸਥਾਨਾਂ ਤੋਂ ਮਿਲੀਆਂ ਵਸਤਾਂ ਹਨ। ਕਈ ਲੋਕਾਂ ਲਈ ਬਲੂ ਮੰਕੀ, ਕੰਧ ਚਿੱਤਰ ਹਨ। ਹੋਰ ਆਰਟ ਵਰਕ 'ਚ ਸੰਗਮਰਮਰ ਦੀਆਂ ਵਸਤਾਂ, ਰੰਗੀਨ ਚੀਨੀ ਮਿੱਟੀ ਦੇ ਬਰਤਨ, ਉਪਕਰਨ ਤੇ ਹਥਿਆਰ ਹਨ। ਇਹ ਫਿਰਾ ਦੇ 150 ਦੇ ਮੈਟਰੋਪੋਲਿਸ ਚਰਚ ਦੇ ਕੋਲ ਹੈ।

## ਪਾਇਰੋਗਸ

ਫਿਰਾ ਤੋਂ ਪਹਿਲਾਂ 1800 'ਚ ਸੰਤੋਰਿਨੀ ਦੀ ਰਾਜਧਾਨੀ ਪਾਇਰੋਗਸ ਸੀ। ਇਹ ਸਫ਼ੈਦ ਘਰਾਂ ਦਾ ਸ਼ਹਿਰ ਹੈ, ਜਿਸ 'ਚ ਮੱਧਕਾਲੀਨ ਪਹਾੜੀ ਦੁਰਗ ਦੇ ਖੰਡਰਾਂ ਨੂੰ ਬਣਾਇਆ ਗਿਆ ਹੈ। 2004 ਤੋਂ ਪਹਿਲਾਂ ਸੈਲਾਨੀ ਇਸ ਤੋਂ ਅਨਜਾਣ ਸਨ। ਇਸ ਤੋਂ ਬਾਅਦ ਜਦੋਂ ਇਥੇ ਛੋਟੇ ਹੋਟਲ ਅਤੇ ਰੈਸਟੋਰੈਂਟ ਖੁੱਲ੍ਹੇ ਤਾਂ ਸੈਲਾਨੀ ਪਹੁੰਚਣ ਲੱਗੇ। ਇਹ ਫਿਰਾ ਤੋਂ 8 ਕਿ. ਮੀ ਦੂਰ ਦੀਪ ਦੇ ਮੱਧ 'ਚ ਹੈ।

## ਇਲਿਆਸ ਮਠ

ਪਾਇਰਗੋਸ ਤੋਂ ਇਕ ਸੜਕ ਪ੍ਰੋਫਿਟਿਸ ਇਲਿਆਸ (584 ਮੀਟਰ) ਤਕ ਜਾਂਦੀ ਹੈ। ਇਹ ਸੰਤੋਰਿਨੀ ਦਾ ਹੀ ਉਚਿੱਤ ਸਥਾਨ ਹੈ। ਇਥੋਂ ਦੀਪ ਦਾ ਮਨਮੋਹਰਕ ਨਜ਼ਾਰਾ ਅਤੇ ਸਮੁੰਦਰੀ ਦ੍ਰਿਸ਼ ਦਿਖਾਈ ਦਿੰਦੇ ਹਨ। ਇਹ ਇਲਿਆਸ ਦਾ ਮੱਠ ਹੈ, ਜੋ ਲੋਕਾਂ ਲਈ ਖੁੱਲ੍ਹਿਆ ਹੈ। ਇਸ ਦੇ ਅੰਦਰ ਇਕ ਚਰਚ ਹੈ। ਇਥੇ ਕੁਲਪਿਤਾ ਗ੍ਰੇਗੋਰੀ ਪੰਚਿਮ ਦੀ ਮਾਈਟਰ (ਪਾਦਰੀ ਦੀ ਟੋਪੀ) ਅਤੇ ਅਧਿਕਾਰੀ ਦੰਡ ਰੱਖਿਆ ਹੈ। ਇਸ ਨੂੰ 1821 'ਚ ਕਾਸਲਟੇਨਟਾਈਨੋਪੋਲ 'ਚ ਤੁਰਕੀਆਂ ਨੇ ਫਾਂਸੀ ਦੇ ਦਿੱਤੀ ਸੀ। ਤੁਰਕ ਕਾਲ 'ਚ ਇਥੇ ਇਕ ਗੁਪਤ ਸਕੂਲ ਵੀ ਚਲਾਇਆ ਜਾਂਦਾ ਸੀ।

## ਪੇਰੀਸਾ ਬੀਚ

ਸੰਤੋਰਿਨੀ ਦੇ ਦੱਖਣੀ ਪੂਰਬੀ ਤੱਟ 'ਤੇ ਲੋਕਪ੍ਰਿਯ ਬੀਚ ਹੈ। ਇਹ ਪੇਰਿਸਾ ਅਤੇ ਪੇਰੀਵੋਲੋਸ ਪਿੰਡਾਂ ਵਿਚਕਾਰ ਹੈ। ਇਸ ਦਾ ਤੱਟ ਛੇ ਕਿਲੋਮੀਟਰ 'ਚ ਫੈਲਿਆ ਹੋਇਆ ਹੈ। ਇਸ 'ਤੇ ਜਵਾਲਾਮੁਖੀ ਦੀ ਕਾਲੀ ਰੇਤ, ਸਮੁੰਦਰੀ ਭੋਜਨ, ਮਧੂਸ਼ਾਲਾ ਤੇ ਕੈਫੇ ਹੈ। ਇਸ ਤੋਂ ਫਿਰਾ 2 ਕਿਲੋਮੀਟਰ ਦੂਰ ਹੈ।

## ਕਿਵੇਂ ਕਰੋ ਯਾਤਰਾ

ਇਥੇ ਇਕੱਲੇ ਘੁੰਮਣ ਦੀ ਬਜਾਇ ਗਾਈਡ ਨਾਲ ਘੁੰਮਣਾ ਜ਼ਿਆਦਾ ਸੌਖਾ ਹੋਵੇਗਾ, ਕਿਉਂਕਿ ਉਹ ਇਥੋਂ ਦਾ ਇਤਿਹਾਸ ਵੀ ਦੱਸਦੇ ਜਾਂਦੇ ਹਨ। ਨਾਲ ਹੀ ਇਥੋਂ ਦੀ ਸੰਸਕ੍ਰਿਤ ਦੀ ਵੀ ਜਾਣਕਾਰੀ ਦਿੰਦੇ ਹਨ। ਇਥੇ ਟੂਰ ਪੈਕੇਜ 'ਚ ਹੋਟਲ ਤੋਂ ਲਿਆਉਣਾ-ਛੱਡਣਾ ਵੀ ਸ਼ਾਮਿਲ ਹੁੰਦਾ ਹੈ। ਇਸ ਨਾਲ ਤੁਹਾਡਾ ਪੈਸਾ ਤੇ ਸਮਾਂ ਵੀ ਬਚੇਗਾ।

## ਸੈਰ-ਸਪਾਟਾ ਥਾਵਾਂ ਨੂੰ ਦੇਖਣਾ

ਸੰਤੋਰਿਨੀ ਦੇ ਇਤਿਹਾਸ ਨੂੰ ਜਾਣਨਾ, ਸੁੰਦਰ ਪਿੰਡਾਂ ਦੀ ਸੈਰ, ਓਈਆ ਦਾ ਸੂਰਜ ਛਿਪਣ ਦਾ ਨਜ਼ਾਰਾ ਦੇਖਣਾ, ਪ੍ਰੰਪਰਿਕ ਪਿੰਡਾਂ ਦੀ ਯਾਤਰਾ ਕਰਵਾਈ ਜਾਂਦੀ ਹੈ। ਅਕਰੋਟਿਰੀ, ਪਾਇਰਗੋਸ ਅਤੇ ਓਈਆ ਦਾ ਸੂਰਜ ਛਿਪਣਾ ਦੇਖਣ ਦੇ ਨਾਲ ਜੇ ਤੁਸੀਂ ਆਪਣੀ ਪਸੰਦ ਦੀ ਜਗ੍ਹਾ ਦੇਖਣਾ ਚਾਹੁੰਦੇ ਹੋ ਤਾਂ ਤੁਹਾਨੂੰ ਨਿੱਜੀ ਕਸਟਮ ਟੂਰ ਲੈਣਾ ਪਵੇਗਾ ਜੋ ਤੁਹਾਡੀ ਪਸੰਦ ਦਾ ਹੁੰਦਾ ਹੈ। ਇਹ ਤੁਹਾਡੀ ਪਸੰਦ ਦੇ ਸਥਾਨਾਂ 'ਤੇ ਆਪਣੇ ਹਿਸਾਬ ਨਾਲ ਤੁਹਾਡਾ ਸਮਾਂ ਬਿਤਾ ਸਕਦੇ ਹਨ। ਇਸ 'ਚ ਕਰੂਜ਼ਸ਼ਿਪ 'ਚ ਯਾਤਰਾ ਅਤੇ ਬੰਦਰਗਾਹ ਤੋਂ ਲੈਣਾ-ਛੱਡਣਾ ਵੀ ਸ਼ਾਮਿਲ ਹੈ। •

---

**ਨਾਗ ਟਿੱਬਾ ਤੋਂ ਗੜ੍ਹਵਾਲ ਖੇਤਰ ਦੀਆਂ ਬਰਫ਼ ਨਾਲ ਢਕੀਆਂ ਉੱਚੀਆਂ ਪਹਾੜੀਆਂ ਦਿਖਾਈ ਦਿੰਦੀਆਂ ਹਨ। ਇਥੇ ਪਹੁੰਚਣ ਲਈ ਦੇਵਲਸਾਰੀ ਤੇ ਪੰਤਵਾਰੀ ਪਿੰਡ ਤੋਂ ਦੋ ਮਾਰਗ ਜ਼ਿਆਦਾ ਪ੍ਰਚਲਿਤ ਹਨ...**



# ਟ੍ਰੈਕਿੰਗ ਦਾ ਰੋਮਾਂਚ ਨਾਗ ਟਿੱਬਾ ਟਰੈਕ

ਨਾਗ ਟਿੱਬਾ ਉੱਤਰਾਖੰਡ ਦੇ ਟਿਹਰੀ ਗੜ੍ਹਵਾਲ ਜ਼ਿਲ੍ਹੇ 'ਚ ਸਥਿਤ ਇਕ ਚੋਟੀ ਦਾ ਨਾਂ ਹੈ। ਟਿੱਬਾ ਇਕ ਉੱਚੀ ਚੋਟੀ ਨੂੰ ਕਹਿੰਦੇ ਹਨ। ਨਾਗ ਟਿੱਬਾ ਤੋਂ ਕੁਝ ਪਹਿਲਾਂ ਨਾਗ ਦੇਵਤਾ ਦਾ ਇਕ ਮੰਦਿਰ ਹੈ, ਜਿਸ ਪ੍ਰਤੀ ਸਥਾਨਕ ਲੋਕਾਂ ਦੀ ਬਹੁਤ ਮਾਨਤਾ ਹੈ। ਲੋਕਾਂ ਦਾ ਮੰਨਣਾ ਹੈ ਕਿ ਨਾਗ ਦੇਵਤਾ ਉਨ੍ਹਾਂ ਦੇ ਪਸ਼ੂਆਂ ਦੀ ਰੱਖਿਆ ਕਰਦੇ ਹਨ। ਸਥਾਨਕ ਲੋਕ ਨਾਗ ਟਿੱਬਾ ਨੂੰ ਜੰਡੀ ਵੀ ਕਹਿੰਦੇ ਹਨ। ਨਾਗ ਟਿੱਬਾ ਤੋਂ ਸੂਰਜ ਚੜ੍ਹਨ ਤੇ ਸੂਰਜ ਛਿਪਣ ਦੇ ਸੁੰਦਰ ਨਜ਼ਾਰੇ ਦਿਸਦੇ ਹਨ। ਸਰਦੀਆਂ 'ਚ ਇਥੇ ਬਰਫ਼ ਵੀ ਪੈਂਦੀ ਹੈ। ਨਾਗ ਟਿੱਬਾ ਤੋਂ ਗੜ੍ਹਵਾਲ ਖੇਤਰ ਦੀਆਂ ਜ਼ਿਆਦਾਤਰ ਬਰਫ਼ ਨਾਲ ਢਕੀਆਂ ਉੱਚੀਆਂ ਪਹਾੜੀਆਂ ਦਿਖਾਈ ਦਿੰਦੀਆਂ ਹਨ। ਇਥੋਂ ਤਕ ਪਹੁੰਚਣ ਲਈ ਦੋ ਮਾਰਗ ਜ਼ਿਆਦਾ ਪ੍ਰਚਲਿਤ ਹਨ, ਇਕ ਦੇਵਲਸਾਰੀ ਪਿੰਡ ਤੇ ਦੂਸਰਾ ਪੰਤਵਾਰੀ ਪਿੰਡ ਤੋਂ। ਇਨ੍ਹਾਂ ਦੋਵਾਂ ਥਾਵਾਂ ਤੋ ਹੀ ਟ੍ਰੈਕਿੰਗ ਕਰਦਿਆਂ ਨਾਗ ਟਿੱਬਾ ਤਕ ਪਹੁੰਚਿਆ ਜਾ ਸਕਦਾ ਹੈ।

## ਦਿੱਲੀ ਤੋਂ ਪੰਤਵਾਰੀ ਪਿੰਡ :

ਸਵੇਰੇ-ਸਵੇਰੇ ਕੁਝ ਦੋਸਤਾਂ ਨਾਲ ਦਿੱਲੀ ਤੋਂ ਨਾਗ ਟਿੱਬਾ ਟਰੈਕਿੰਗ ਲਈ ਨਿਕਲ ਗਏ ਅਤੇ ਨਾਲ ਜ਼ਰੂਰੀ ਸਾਮਾਨ ਵੀ ਰੱਖ ਲਿਆ, ਜਿਵੇਂ ਟੈਂਟ, ਸਲੀਪਿੰਗ ਬੈਗ ਅਤੇ ਮੈਟ। ਵੈਸੇ ਇਹ ਸਾਰਾ ਸਾਮਾਨ ਪੰਤਵਾਰੀ ਪਿੰਡ ਤੋਂ ਕਿਰਾਏ 'ਤੇ ਵੀ ਮਿਲ ਜਾਂਦਾ ਹੈ, ਪਰ ਅਸੀਂ ਨਾਲ ਲਿਜਾਣਾ ਹੀ ਜ਼ਰੂਰੀ ਸਮਝਿਆ। ਅਸੀਂ ਦਿੱਲੀ ਕਰਨਾਲ ਰੋਡ ਤੋਂ ਹੁੰਦੇ ਹੋਏ ਇੰਦਰੀ-ਯਮੁਨਾਨਗਰ-ਪਾਉਂਟਾ ਸਾਹਿਬ ਗੁਰਦੁਆਰੇ ਹੁੰਦੇ ਹੋਏ ਵਿਕਾਸ ਨਗਰ ਪਹੁੰਚੇ। ਇਸੇ ਹੀ ਰੋਡ 'ਤੇ ਯਮੁਨਾ ਬ੍ਰਿਜ ਆਉਂਦਾ ਹੈ। ਇਥੋਂ ਹੀ ਥੋੜ੍ਹਾ ਅੱਗੇ ਇਕ ਰਸਤਾ ਮਨਸੂਰੀ ਲਈ ਨਿਕਲ ਜਾਂਦਾ ਹੈ। ਕੁਝ ਲੋਕ ਦਿੱਲੀ-ਮੇਰਠ-ਰੁੜਕੀ-ਦੇਹਰਾਦੂਨ-ਮਨਸੂਰੀ ਹੁੰਦੇ ਹੋਏ ਵੀ ਨਾਗ ਟਿੱਬਾ ਪਹੁੰਚਦੇ ਹਨ। ਯਮੁਨਾ ਪੁਲ਼ ਤੋਂ ਕੁਝ ਦੂਰੀ 'ਤੇ ਨੈਨਬਾਗ਼ ਦੀ ਇਕ ਜਗ੍ਹਾ ਹੈ। ਇੱਥੋਂ ਹੀ ਪੰਤਵਰੀ ਪਿੰਡ ਲਈ ਰਸਤਾ ਅਲੱਗ ਹੋ ਜਾਂਦਾ ਹੈ। ਲਗਪਗ ਸ਼ਾਮ ਨੂੰ ਸੱਤ ਵਜੇ ਪੰਤਵਰੀ ਪਹੁੰਚੇ। ਇਥੇ ਜ਼ਿਆਦਾ ਸੁਵਿਧਾਵਾਂ ਵਾਲੇ ਹੋਟਲ ਨਹੀਂ ਹਨ, ਕਿਉਂਕਿ ਇਥੇ ਕੇਵਲ ਟ੍ਰੈਕਰ ਹੀ ਆਉਂਦੇ ਹਨ। ਅਸੀਂ ਉਪਰ ਨਾਗ ਟਿੱਬਾ ਤਕ ਜਾਣ ਲਈ ਇਕ ਵਿਅਕਤੀ ਨਾਲ ਗੱਲ ਕਰ ਲਈ। ਉਹ 700 ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਘੋੜੇ ਨਾਲ ਉੱਪਰ ਤਕ ਸਾਮਾਨ ਪਹੁੰਚਾਉਣ ਲਈ ਤਿਆਰ ਹੋ ਗਿਆ। ਵੈਸੇ, ਇਥੇ ਰਸਤੇ ਲਈ ਗਾਈਡ ਵੀ ਮਿਲ ਜਾਂਦੇ ਹਨ, ਜੋ 800 ਰੁਪਏ ਦੇ ਹਿਸਾਬ ਨਾਲ ਰੋਜ਼ਾਨਾ ਲੈਂਦਾ ਹੈ।

## ਪੰਤਵਰੀ ਤੋਂ ਨਾਗ ਦੇਵਤਾ ਮੰਦਿਰ ਤਕ ਟ੍ਰੈਕਿੰਗ

ਅਗਲੇ ਦਿਨ ਸਵੇਰੇ ਜਲਦੀ ਉੱਠ ਕੇ ਬਾਜ਼ਾਰ ਤੋਂ ਖਾਣ-ਪੀਣ ਦਾ ਸਾਮਾਨ ਅਤੇ ਰਾਸ਼ਨ ਖ਼ਰੀਦਿਆ। ਬਾਕੀ ਸਾਮਾਨ ਘੋੜੇ ਵਾਲੇ ਨੇ ਖ਼ੁਦ ਇਕੱਠਾ ਕਰ ਲਿਆ। ਫਿਰ ਦੁਪਹਿਰ ਤਕ ਅਸੀਂ ਸਾਰੇ ਨਾਗ ਟਿੱਬਾ ਟ੍ਰੈਕਿੰਗ ਲਈ ਨਿਕਲ ਗਏ। ਟ੍ਰੈਕਿੰਗ ਦਾ ਪਹਿਲਾ ਨਿਯਮ ਇਹ ਹੁੰਦਾ ਹੈ ਕਿ ਆਪਣੇ ਬੈਗ 'ਚ ਜ਼ਰੂਰਤ ਦਾ ਸਾਮਾਨ ਰੱਖੋ, ਤਾਂ ਕਿ ਵਾਰ-ਵਾਰ ਕਿਸੇ ਤੋਂ ਮੰਗਣਾ ਨਾ ਪਵੇ, ਜਿਵੇਂ ਪਾਣੀ, ਖਾਣ ਲਈ ਡਰਾਈ ਫਰੂਟ ਆਦਿ। ਆਪਣੇ ਬੈਗ 'ਚ ਜ਼ਰੂਰੀ ਸਾਮਾਨ ਤੇ ਕੱਪੜੇ ਵੀ ਰੱਖ ਲਓ, ਕਿਉਂਕਿ ਇਹ ਸਾਮਾਨ ਤੁਹਾਡੀ ਪਿੱਠ 'ਤੇ ਹੀ ਹੁੰਦਾ ਹੈ। ਇਸ ਲਈ ਜ਼ਿਆਦਾ ਭਾਰਾ ਬੈਗ ਵੀ ਤਹਾਨੂੰ ਪ੍ਰੇਸ਼ਾਨ ਕਰ ਸਕਦਾ ਹੈ। ਹੁਣ ਚੜ੍ਹਾਈ ਇਕਦਮ ਸਿੱਧੀ ਹੋ ਗਈ ਸੀ। ਥੋੜ੍ਹਾ ਜਿਹਾ ਚੱਲਣ 'ਤੇ ਹੀ ਸਾਹ ਚੜ੍ਹਨ ਲੱਗਾ। ਥੋੜ੍ਹਾ ਰੁਕਦਿਆਂ ਅਤੇ ਆਰਾਮ ਕਰਦਿਆਂ ਅਸੀਂ ਇਕ ਛੋਟੇ ਬੁਗਿਆਲ 'ਚ ਪਹੁੰਚੇ। ਉਤਰਾਖੰਡ 'ਚ ਘਾਹ ਦੇ ਮੈਦਾਨ ਨੂੰ ਬੁਗਿਆਲ ਕਹਿੰਦੇ ਹਨ। ਇੱਥੇ ਆਪਣੇ ਨਾਲ ਲਿਆਂਦਾ ਖਾਣਾ ਖਾਣ ਤੋਂ ਬਾਅਦ ਉੱਥੋਂ ਹੀ ਨੇੜੇ ਤੋਂ ਪਾਣੀ ਲੈ ਆਏ। ਥੋੜ੍ਹੀ ਦੇਰ ਆਰਾਮ ਕਰਨ ਤੋਂ ਬਾਅਦ ਅਸੀ ਅੱਗੇ ਚੱਲ ਪਏ। ਹੁਣ ਰਸਤਾ ਦਰੱਖ਼ਤਾਂ ਵਿੱਚੋਂ ਹੋ ਕੇ ਲੰਘ ਰਿਹਾ ਸੀ। ਇਥੇ ਦੋ ਹਿਮਾਲੀਅਨ ਰੇਡ ਫਾਕਸ ਵੀ ਦਿਸੀਆਂ। ਕੁਝ ਸਮੇਂ ਬਾਅਦ ਅਸੀਂ ਇਕ ਵੱਡੇ ਮੈਦਾਨ 'ਚ ਪਹੁੰਚੇ, ਜੋ ਸਾਡਾ ਅੱਜ ਦਾ ਪੜਾਅ ਸੀ, ਅਸੀਂ ਟੈਂਟ ਲਗਾ ਲਏ। ਅੱਗ ਜਲਾ ਲਈ ਤਾਂ ਕਿ ਖਾਣਾ ਬਣ ਸਕੇ ਅਤੇ ਜੰਗਲੀ ਜਾਨਵਰ ਵੀ ਨੇੜੇ ਨਾ ਆ ਸਕਣ। ਨੇੜੇ ਹੀ ਨਾਗ ਦੇਵਤਾ ਦਾ ਮੰਦਿਰ ਵੀ ਬਣਿਆ ਹੋਇਆ ਹੈ। ਅਸੀਂ ਸਾਰੇ ਉਥੇ ਜਾ ਕੇ ਦਰਸ਼ਨ ਵੀ ਕਰ ਆਏ। ਪੰਤਵਰੀ ਤੋਂ ਨਾਗ ਦੇਵਤਾ ਮੰਦਿਰ ਤਕ ਪਹੁੰਚਣ ਲਈ ਤਕਰੀਬਨ ਪੰਜ ਘੰਟੇ ਲੱਗੇ ਅਤੇ ਅੱਜ ਅਸੀਂ ਸਾਰੇ ਸੱਤ-ਅੱਠ ਕਿਲੋਮੀਟਰ ਪੈਦਲ ਚੱਲੇ ਸੀ, ਜਿਥੋਂ ਪੰਤਵਰੀ ਪਿੰਡ ਲਗਪਗ 1700 ਮੀਟਰ ਉਚਾਈ 'ਤੇ ਹੈ, ਉਥੇ ਹੀ ਨਾਗ ਦੇਵਤਾ ਦੀ ਉਚਾਈ ਲਗਪਗ 2620 ਮੀਟਰ ਹੈ। ਇਥੋਂ ਸੂਰਜ ਛਿਪਣ ਦਾ ਨਜ਼ਾਰਾ ਦੇਖਦਿਆਂ ਹੀ ਬਣਦਾ ਹੈ। ਦੇਰ ਰਾਤ ਤਕ ਕਿੱਸੇ-ਕਹਾਣੀਆਂ ਦਾ ਦੌਰ ਚੱਲਿਆ ਅਤੇ ਫਿਰ ਸੌਣ ਲਈ ਸਾਰੇ ਆਪਣੇ ਟੈਂਟਾਂ 'ਚ ਚਲੇ ਗਏ।

## ਨਾਗ ਦੇਵਤਾ ਮੰਦਿਰ ਤੋਂ ਨਾਗ ਟਿੱਬਾ:

ਅਗਲੇ ਦਿਨ ਸਾਰੇ ਜਲਦੀ ਉਠ ਗਏ। ਦੇਖਿਆ ਤਾਂ ਅਜੇ ਵੀ ਅੱਗ ਸੁਲਗ ਰਹੀ ਸੀ। ਕੁਝ ਹੋਰ ਲੱਕੜੀਆਂ ਉਸ 'ਤੇ ਰੱਖ ਕੇ ਅੱਗ ਬਾਲ਼ ਦਿੱਤੀ। ਠੰਢ ਬਹੁਤ ਲੱਗ ਰਹੀ ਸੀ। ਸਵੇਰ ਦੀ ਚਾਹ ਬਣਾ ਕੇ ਪੀਤੀ ਅਤੇ ਨਾਗ ਟਿੱਬਾ ਵੱਲ ਅੱਗੇ ਵਧੇ। ਨਾਗ ਦੇਵਤਾ ਮੰਦਿਰ ਤੋਂ ਨਾਗ ਟਿੱਬਾ ਤਕਰੀਬਨ ਦੋ ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਕਾਫ਼ੀ ਚੜ੍ਹਾਈ ਵਾਲਾ ਰਸਤਾ ਹੈ। ਹੁਣ ਇਥੇ ਬਰਫ਼ ਪਈ ਹੋਈ ਦਿਸ ਰਹੀ ਸੀ। ਬਰਫ਼ 'ਤੇ ਕੁਝ ਪੰਜਿਆਂ ਦੇ ਨਿਸ਼ਾਨ ਬਣੇ ਹੋਏ ਸਨ, ਜੋ ਸ਼ਾਇਦ ਭਾਲੂ ਦੇ ਹੋ ਸਕਦੇ ਹਨ। ਲਗਪਗ ਡੇਢ ਘੰਟੇ ਤਕ ਪੈਦਲ ਚੱਲਣ ਤੋਂ ਬਾਅਦ ਅਸੀਂ ਨਾਗ ਟਿੱਬਾ ਚੋਟੀ 'ਤੇ ਪਹੁੰਚ ਗਏ। ਨਾਗ ਟਿੱਬਾ ਦੀ ਉਚਾਈ ਲਗਪਗ 3020 ਮੀਟਰ ਹੈ। ਉੱਪਰ ਕਾਫ਼ੀ ਬਰਫ਼ ਪਈ ਹੋਈ ਸੀ। ਨਾਗ ਟਿੱਬਾ ਤੋਂ ਹਿਮਾਲਿਆ ਦੀਆਂ ਬਰਫ਼ ਨਾਲ ਭਰੀਆਂ ਪਹਾੜੀਆਂ ਦਾ ਖ਼ੂਬਸੂਰਤ ਨਜ਼ਾਰਾ ਦਿਸ ਰਿਹਾ ਸੀ। ਇਥੇ ਆ ਕੇ ਮਨ ਖ਼ੁਸ਼ ਸੀ, ਜਿਵੇਂ ਕੁਝ ਪਾ ਲਿਆ ਹੋਵੇ। ਇਥੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਅਸੀ ਥੱਲੇ ਵੱਲ ਚੱਲ ਪਏ ਅਤੇ ਦੁਪਹਿਰ ਤਕ ਪੰਤਵਰੀ ਪਹੁੰਚ ਗਏ, ਜਿਥੋਂ ਅਸੀਂ ਵਾਪਸ ਆਪਣੇ ਘਰਾਂ ਲਈ ਨਿਕਲ ਗਏ।

## ਕੁਝ ਜ਼ਰੂਰੀ ਸੁਝਾਅ

ਨਾਗ ਟਿੱਬਾ ਜਾਣ ਤੋਂ ਪਹਿਲਾਂ ਤੁਸੀਂ ਸਵੇਰ ਦੀ ਸੈਰ ਅਤੇ ਦੌੜ ਲਾਗਉਣਾ ਸ਼ੁਰੂ ਕਰੋ ਤਾਂ ਕਿ ਪਹਾੜ 'ਤੇ ਚੜ੍ਹਨ ਦੌਰਾਨ ਕੋਈ ਔਖਿਆਈ ਨਾ ਹੋਵੇ। ਗਰਮ ਜੈਕੇਟ, ਇਨਰ ਅਤੇ ਟੋਪੀ ਆਪਣੇ ਬੈਗ 'ਚ ਜ਼ਰੂਰ ਰੱਖੋ। ਜ਼ਰੂਰੀ ਦਵਾਈਆਂ ਅਤੇ ਟਾਰਚ ਵੀ ਨਾਲ ਰੱਖ ਲਓ। ਕੁਝ ਡਰਾਈ ਫਰੂਟ ਅਤੇ ਬਿਸਕੁਟ ਵੀ ਆਪਣੇ ਕੋਲ ਰੱਖੋ। •

### ਕਿਵੇਂ ਪਹੁੰਚੇ

ਨਾਗ ਟਿੱਬਾ ਟਰੈਕ ਲਈ ਪਹਿਲਾਂ ਦੇਵਲਸਾਰੀ ਜਾਂ ਫਿਰ ਪੰਤਵਰੀ ਪਹੁੰਚਣਾ ਹੋਵੇਗਾ। ਇਹ ਦੋਵੇਂ ਥਾਵਾਂ ਹੀ ਸੜਕ ਮਾਰਗ ਨਾਲ ਜੁੜੀਆਂ ਹਨ। ਆਪਣੀ ਗੱਡੀ 'ਤੇ ਵੀ ਜਾਇਆ ਜਾ ਸਕਦਾ ਜਾਂ ਫਿਰ ਬੱਸ ਜਾਂ ਟੈਕਸੀ 'ਤੇ ਵੀ ਪਹੁੰਚ ਸਕਦੇ ਹੋ। ਇਥੋਂ ਸਭ ਤੋਂ ਨੇੜੇ ਰੇਲਵੇ ਸਟੇਸ਼ਨ ਦੇਹਰਾਦੂਨ ਦਾ ਹੀ ਹੈ। ਦਿੱਲੀ ਤੋਂ ਦੋਵਾਂ ਥਾਵਾਂ 'ਤੇ ਪਹੁੰਚਣ ਲਈ ਸੱਤ-ਅੱਠ ਘੰਟੇ ਲੱਗਦੇ ਹਨ। ਪੰਤਵਰੀ ਲਈ ਵਿਕਾਸਨਗਰ-ਯਮੁਨੋਤਰੀ ਮਾਰਗ ਤੋਂ ਜਾਣਾ ਹੋਵੇਗਾ, ਜਦੋਂਕਿ ਦੇਵਲਸਾਰੀ ਲਈ ਮਨਸੂਰੀ, ਧਨੋਲਟੀ ਰੋਡ ਤੋਂ। ਦੇਵਲਸਾਰੀ ਵੱਲ ਟ੍ਰੈਕਿੰਗ ਲਈ ਮਨਸੂਰੀ ਵਣ ਵਿਭਾਗ ਤੋਂ ਮਨਜ਼ੂਰੀ ਲੈਣੀ ਪਵੇਗੀ। ਜਦੋਂਕਿ ਪੰਤਵਰੀ ਵੱਲ ਜਾਣ ਲਈ ਕੋਈ ਮਨਜ਼ੂਰੀ ਦੀ ਲੋੜ ਨਹੀਂ।



### ਕਦੋਂ ਜਾਓ

ਨਾਗ ਟਿੱਬਾ ਟਰੈਕ ਬਹੁਤ ਲੋਕਪ੍ਰਿਯਤਾ ਹੋ ਚੁੱਕਿਆ ਹੈ, ਕਿਉਂਕਿ ਇਹ ਸੌਖੀ ਸ਼੍ਰੇਣੀ ਦੀ ਟ੍ਰੈਕਿੰਗ 'ਚ ਆਉਂਦਾ ਹੈ। ਇਹ ਕੇਵਲ ਦੋ ਦਿਨ ਦਾ ਹੀ ਟਰੈਕ ਹੈ। ਇਸ ਲਈ ਸਾਰੀਆਂ ਟਰੈਵਲਜ਼ ਕੰਪਨੀਆਂ ਪੂਰਾ ਸਾਲ ਕਰਾਉਂਦੀਆਂ ਹਨ, ਪਰ ਮੌਨਸੂਨ ਦੇ ਮਹੀਨੇ ਨੂੰ ਛੱਡ ਕੇ ਕਦੇ ਵੀ ਜਾ ਸਕਦੇ ਹੋ।

---

# ਯਾਦਗਾਰੀ ਹੈ ਓਨਿਕ ਕਾਸਲ ਦੀ ਜ਼ਿਆਰਤ

**ਉੱਤਰੀ ਇੰਗਲੈਂਡ ਦੇ ਕੁਝ ਵਿਸ਼ੇਸ਼ ਅਸਥਾਨਾਂ 'ਚ ਨਾਰਥੰਬਰਲੈਂਡ ਖੇਤਰ ਦੇ ਕਈ ਕਿਲ੍ਹੇ ਸ਼ਾਮਲ ਹਨ ਜਿਨ੍ਹਾਂ ਦਾ ਹਰੇਕ ਪੱਥਰ, ਹਰ ਕਮਰਾ ਅਤੇ ਇਥੋਂ ਤਕ ਕਿ ਚਾਹ-ਕੱਪ ਵੀ ਇਕ ਅਣਸੁਣੀ ਕਹਾਣੀ ਕਹਿੰਦਾ ਜਾਪਦਾ ਹੈ...**



• ਸੀਮਾ ਆਨੰਦ ਚੋਪੜਾ

ਗਰਮ ਰੁੱਤ 'ਚ ਸਾਨੂੰ ਓਨਿਕ ਕਾਸਲ ਨੂੰ ਦੇਖਣ ਦਾ ਮੌਕਾ ਮਿਲਿਆ। ਕਿਲ੍ਹੇ ਦੇ ਆਲੇ ਦੁਆਲੇ ਬਣੀ ਖਾਈ ਨੂੰ, ਇਕ ਤੰਗ ਪੁਲ਼ ਰਾਹੀਂ ਪਾਰ ਕਰ ਕੇ ਸਾਨੂੰ 700 ਵਰਗ ਪੁਰਾਣੇ ਗੌਰਵਸ਼ਾਲੀ ਕਿਲ੍ਹੇ ਦੀ ਪਹਿਲੀ ਝਲਕ ਨਜ਼ਰ ਆਈ। ਅਸੀਂ ਸ਼ੇਰ ਦੇ ਮੂੰਹ ਵਾਲੇ ਦੁਆਰ ਰਾਹੀਂ ਕਿਲ੍ਹੇ ਅੰਦਰ ਦਾਖ਼ਲ ਹੋਏ ਅਤੇ ਇਸ ਤਰ੍ਹਾਂ ਅਨੋਖੀਆਂ ਕਲਾਕ੍ਰਿਤੀਆਂ ਦੇ ਸੰਗ੍ਰਹਿ ਤੋਂ ਲੈ ਕੇ ਪ੍ਰਸਿੱਧ ਅੰਗਰੇਜ਼ੀ ਨਾਵਲ ਅਤੇ ਫਿਲਮੀ ਪਾਤਰ ਹੈਰੀ-ਪਾਟਰ ਦੀਆਂ ਜਾਦੂਈ ਸ਼ਕਤੀਆਂ ਖੋਜਣ ਦੀ ਯਾਤਰਾ ਸ਼ੁਰੂ ਹੋਈ। ਓਨਿਕ ਕਿਲ੍ਹੇ 'ਚ ਪ੍ਰਸਿੱਧ ਹੈਰੀ-ਪਾਟਰ ਫਿਲਮ ਦੀ ਸ਼ੂਟਿੰਗ ਕੀਤੀ ਗਈ ਸੀ। ਇਥੇ ਹੀ ਆਸਕਰ- ਨਾਮਜ਼ਦ ਫਿਲਮ ਐਲਿਜ਼ਬੇਥ, ਨੂੰ ਵੀ ਫਿਲਮਾਇਆ ਗਿਆ ਸੀ।

ਓਨਿਕ ਕਿਲ੍ਹੇ ਦੀ ਅੰਦਰਲੀ ਕੰਧ 'ਤੇ ਸਾਨੂੰ ਇਕ ਵਿਸ਼ਾਲ ਹੋਰਡਿੰਗ ਦਿਸੀ ਜਿਸ 'ਤੇ ਨਾਰਥੰਬਰਲੈਂਡ ਖੇਤਰ ਦੇ ਵਰਤਮਾਨ ਡਿਊਕ ਅਤੇ ਇੱਚੈਸ ਦੀਆਂ ਆਕ੍ਰਸ਼ਕ ਫੋਟੋ ਛਪੀਆਂ ਸਨ ਅਤੇ ਉਨ੍ਹਾਂ ਦੀ ਮਨਮੋਹਕ ਮੁਸਕਰਾਹਟ ਅਤੇ ਨਾਲ ਲਿਖਿਆ ਸੰਦੇਸ਼, ਆਉਣ ਵਾਲਿਆਂ ਦਾ ਸਵਾਗਤ ਕਰ ਰਿਹਾ ਸੀ। ਸੰਦੇਸ਼ 'ਚ ਆਉਣ ਵਾਲਿਆਂ ਦਾ ਸਵਾਗਤ ਕੀਤਾ ਗਿਆ ਸੀ ਜੋ ਉਨ੍ਹਾਂ ਦੇ 700 ਸਾਲ ਪੁਰਾਣੇ ਘਰ ਨੂੰ ਦੇਖਣ ਆਏ ਸਨ ਅਤੇ ਅੱਜ ਇਹ 21ਵੀਂ ਸਦੀ ਦਾ 'ਵਰਕਿੰਗ ਕਾਸਲ' ਹੈ, ਇਥੇ ਉਹ ਖ਼ੁਦ ਪਰਿਵਾਰ ਸਮੇਤ ਰਹਿੰਦੇ ਸਨ। ਅਖ਼ੀਰ 'ਚ ਉਨ੍ਹਾਂ ਦੇ ਦਸਤਖ਼ਤ ਵੀ ਸਨ। ਓਨਿਕ ਕਿਲ੍ਹਾ ਸਿਰਫ਼ ਰੋਚਕ ਇਤਿਹਾਸ ਦਾ ਹਿੱਸਾ ਹੀ ਨਹੀਂ ਹਨ ਪ੍ਰੰਤੂ ਉਸ ਨਾਲ ਜੁੜੀਆਂ ਕਈ ਕਹਾਣੀਆਂ ਓਨਿਕ ਦੁਰਗ 'ਚ ਰਹਿਣ ਵਾਲੇ ਰਾਜ ਪਰਿਵਾਰ ਦੇ ਖ਼ਜ਼ਾਨਿਆਂ ਵੱਲ ਅਤੇ ਉਨ੍ਹਾਂ ਦੇ ਸਟਾਈਲਿਸ਼ ਸੰਗ੍ਰਹਿਆਂ ਦੀਆਂ ਹਨ। ਮਿਡਲ ਗੇਟਵੇ 'ਤੇ ਫੋਟੋਗ੍ਰਾਫੀ ਕਰ ਅਸੀਂ ਦੁਰਗ ਦੇ ਸਟੇਟ-ਰੂਮਜ਼ ਦੀਆਂ ਟਿਕਟਾਂ ਖ਼ਰੀਦੀਆਂ।

ਹੁਣ ਸਾਡੇ ਸਾਹਮਣੇ ਜੋ ਸ਼ਾਨਦਾਰ ਕਿਲ੍ਹਾ ਸੀ ਉਹ 18ਵੀਂ ਸਦੀ ਤਕ ਖੰਡਰ ਬਣ ਗਿਆ ਸੀ ਜਿਸ ਨੂੰ ਦੁਰਗ ਦੇ ਰਾਜ-ਪਰਿਵਾਰ ਦੇ ਵੰਸਜ਼ ਡਿਊਕ ਅਤੇ ਇੱਚੈਸ ਆਫ ਨਾਰਥੰਬਰਲੈਂਡ-ਪਹਿਲੇ, ਐਲਿਜ਼ਬੈਥ-ਪਰਸੀ-ਸੇਮੋਰ ਅਤੇ ਉਨ੍ਹਾਂ ਦੇ ਪਤੀ ਨੇ ਮੁੜ ਨਿਰਮਾਣ ਕਰਵਾਇਆ। ਯੂਰਪ ਦੇ ਪ੍ਰਸਿੱਧ ਆਰਕੀਟੈਕਟ ਦੀ ਸਹਾਇਤਾ ਨਾਲ ਸੌ ਸਾਲਾਂ ਤਕ ਰਿਸਟੋਰੇਸ਼ਨ ਕਾਰਜ ਹੋਇਆ। ਅੰਤ 'ਚ ਸ਼ਾਨਦਾਰ ਇੰਟੀਰੀਅਰ ਵਾਲਾ ਕਿਲ੍ਹਾ ਬਣ ਕੇ ਤਿਆਰ ਹੋਇਆ, ਜਿਸ ਦੀ ਯਾਤਰਾ ਅਸੀਂ ਸ਼ੁਰੂ ਕਰਨ ਵਾਲੇ ਸਾਂ। ਇਸ ਕੰਮ 'ਚ ਰੋਮਨ-ਆਰਕੀਟੈਕਟ ਅਤੇ ਪੁਰਾਤਤਵ-ਮਾਹਿਰ, 'ਕਨਾਇਨਾ' ਨੇ ਵਿਸ਼ੇਸ਼ ਯੋਗਦਾਨ ਦਿੱਤਾ, ਜਿਸ ਨੇ ਇਟਲੀ ਦੇ ਕਈ ਪੁਰਾਣੇ ਰੋਮਨ ਮਹਿਲਾਂ ਨੂੰ ਵੀ ਪੁਨਰ ਨਿਰਮਤ ਕੀਤਾ ਸੀ।

## ਇਤਿਹਾਸ

ਓਨਿਕ ਕਿਲ੍ਹਾ ਦਾ ਟਰੂਰ ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਪਾਠਕਾਂ ਨਾਲ ਉਸ ਦਾ ਸੰਖੇਪ ਇਤਿਹਾਸ ਸਾਂਝਾ ਕਰਨਾ ਚਾਹੁੰਦੀ ਹਾਂ। ਸ਼ੁਰੂ 'ਚ, ਓਨਿਕ ਕਿਲ੍ਹਾ ਨੂੰ ਇਸ ਖੇਤਰ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ। ਇਸ ਵਿਸ਼ੇਸ਼ ਕਾਰਜ ਲਈ ਓਨਿਕ ਕਿਲ੍ਹੇ ਦੇ ਪਿੱਛੇ ਵਗਦੀ ਪ੍ਰਾਚੀਨ ਓਨ-ਨਦੀ ਦੇ ਨੇੜੇ, ਇਕ ਸੜਕ ਵੀ ਬਣਾਈ ਗਈ ਸੀ। ਓਨ-ਨਦੀ ਤੋਂ ਹੀ ਦੁਰਗ ਦਾ ਨਾਂ ਰਖਿਆ ਗਿਆ ਹੈ। ਦੂਜੀ ਸਦੀ 'ਚ ਲਿਖੀ ਪੁਸਤਕ 'ਦਿ ਜੌਗਰਾਫੀ ਵਾਈ ਗਰੀਕ ਸਕਾਲਰ-ਪਟੋਲਮੀ' 'ਚ ਵੀ ਇੰਗਲੈਂਡ ਦੀ ਓਨ-ਨਦੀ ਦਾ ਜ਼ਿਕਰ ਹੈ ਜੋ ਉਸ ਦੀ ਪ੍ਰਾਚੀਨਤਾ ਸਿੱਧ ਕਰਦਾ ਹੈ। ਰਿਕਾਰਡਜ਼ ਅਨੁਸਾਰ 1096 'ਚ ਓਨਿਕ ਦੇ ਬੈਰਨ (ਉਹ ਵਿਅਕਤੀ ਜਿਸ ਨੂੰ ਲਾਰਡ ਦੀ ਉਪਲੱਬਧੀ ਪ੍ਰਾਪਤ ਹੋਵੇ) 'ਵੇਸੀ' ਨੇ ਇਥੇ ਪਹਿਲੇ ਕਿਲ੍ਹੇ ਦੀ ਸਥਾਪਨਾ ਕੀਤੀ ਜੋ ਖ਼ੁਦ ਫਰਾਂਸ ਦੇਸ਼ ਤੋਂ ਆਏ ਨੋਰਮਨ ਹਮਲਾਵਰ ਸਨ। ਫਿਰ 14ਵੀਂ ਸਦੀ ਪਿੱਛੋਂ ਇਹ ਦੁਰਗ-ਪਰਸੀ-ਪਰਿਵਾਰ ਕੋਲ ਰਿਹਾ ਜਿਨ੍ਹਾਂ ਦੇ ਵੰਸਜ਼, ਵਰਤਮਾਨ ਦੇ 'ਡਿਊਕ ਆਫ ਨਾਰਥੰਬਰਲੈਂਡ' ਦਾ ਟਾਈਟਲ ਨਾਲ ਸਨਮਾਨਿਤ ਹਨ।

## ਸਟੇਟਰੂਮਜ਼

ਸੰਖੇਪ ਇਤਿਹਾਸ ਜਾਣਨ ਪਿੱਛੋਂ ਅਸੀਂ ਓਨਿਕ-ਦੁਰਗ ਦਾ ਟੂਰ ਸ਼ੁਰੂ ਕੀਤਾ। ਸਭ ਤੋਂ ਪਹਿਲਾਂ ਅਸੀਂ ਔਲਕਿਕ ਚੇਪਲ (ਛੋਟਾ ਨਿੱਜੀ ਚਰਚ) 'ਚ ਦਾਖ਼ਲ ਹੋਏ, ਜਿਸ ਨੂੰ 19ਵੀਂ ਸਦੀ 'ਚ ਓਨਿਕ ਕਿਲ੍ਹੇ 'ਚ ਜੋੜਿਆ ਗਿਆ ਸੀ। ਪਰਸੀ ਰਾਜ ਪਰਿਵਾਰ, ਸਦੀਆਂ ਤੋਂ ਚਰਚ ਦੇ ਪਾਦਰੀ, ਕਲਰਚੀ ਅਤੇ ਵਿਦਵਾਨਾਂ ਦਾ ਸਹਾਇਕ ਅਤੇ ਹਿਤਕਾਰੀ ਰਿਹਾ ਹੈ। ਦੂਜੇ ਪਾਸੇ ਧਾਰਮਿਕ ਅਨੁਸ਼ਠਾਨਾਂ ਦੇ ਨਾਲ-ਨਾਲ ਉਨ੍ਹਾਂ ਨੇ ਪਰਸੀ-ਪਰਿਵਾਰ ਦਾ ਘਰੇਲੂ-ਲੇਖਾ ਅਤੇ ਲਾਇਬ੍ਰੇਰੀ ਦਾ ਕਾਰਜਭਾਰ ਵੀ ਸੰਭਾਲਿਆ ਸੀ। ਚੇਪਲ 'ਚ ਦੋ ਤਰ੍ਹਾਂ ਦੇ ਆਰਕੀਟੈਕਚਰ ਦੇ ਮਿਸ਼ਰਣ ਹਨ ਜਿਨ੍ਹਾਂ ਨੇ ਸਾਨੂੰ ਖਿੱਚਿਆ-ਅੰਗਰੇਜ਼ੀ-ਵਿਕਰੀਅਨ ਨੋਥਿਕ-ਆਰਟ ਅਤੇ ਨਾਲ ਹੀ ਇਟੈਲੀਅਨ-ਆਰਟ।

ਇਸ ਤੋਂ ਪਿੱਛੋਂ ਅਸੀਂ ਬਹੁਤ ਦਿਲਖਿੱਚ ਲਾਇਬ੍ਰੇਰੀ 'ਚ ਗਏ ਜੋ 16ਵੀਂ ਸਦੀ ਤੋਂ ਅੱਜ ਤਕ ਦੀਆਂ ਪੁਸਤਕਾਂ ਦੀ ਵਿਸ਼ਾਲ ਲਾਇਬ੍ਰੇਰੀ ਹੈ। ਲਾਇਬ੍ਰੇਰੀ ਦੀ ਵਿਸ਼ੇਸ਼ ਖਿੱਚ ਹੈ-ਓਕ ਲੱਕੜੀ ਦੇ ਬੁਕ-ਸ਼ੈਲਫ, ਫਰਨੀਚਰ, ਉਸ ਦੀ ਅਨੋਖੀ ਛੱਤ, ਟ੍ਰਾਫੋ ਕਲੈਕਸ਼ਨ, ਬੈਰੋਮੀਟਰ ਅਤੇ ਹੋਰ ਰੁੱਤ ਸਬੰਧੀ ਯੰਤਰ (ਹਵਾ-ਗਤੀ, ਵਰਖਾ-ਮਾਤਰਾ, ਤਾਪਮਾਨ) ਵੈਦਰ-ਗੇਜ ਜਾਂ ਰੁੱਤ ਉਪਕਰਣਾਂ ਦਾ ਸੰਗ੍ਰਹਿ, ਅਸੀਂ ਅਕਸਰ ਭਾਰਤੀ ਅਤੇ ਵਿਦੇਸ਼ੀ, ਮੱਧਕਾਲੀਨ ਮਹਿਲਾਂ 'ਚ ਪਹਿਲਾਂ ਵੀ ਦੇਖਿਆ ਸੀ। ਇਸ ਤੋਂ ਇਲਾਵਾ ਪ੍ਰਸਿੱਧ ਨਾਟਕਕਾਰ ਸ਼ੈਕਸਪੀਅਰ ਅਤੇ ਵਿਗਿਆਨੀ ਨਿਊਟਨ ਦੇ 'ਬਸਟ' (ਸਰੀਰ ਦੇ ਉਪਰਲੇ ਹਿੱਸੇ ਦੀ ਮੂਰਤੀ) ਦੇਖਣਯੋਗ ਹੈ। ਸ਼ੈਕਸਪੀਅਰ ਨੇ 9ਵੀਂ ਅਰਲ-ਪਰਸੀ (ਪਰਿਵਾਰ ਦਾ ਵਿਸ਼ੇਸ਼ ਵਿਅਕਤੀ ਜਿਸ ਨੂੰ ਅਰਲ ਦੀ ਉਪਾਧੀ ਪ੍ਰਾਪਤ ਹੋਈ ਸੀ) ਦੇ ਸਮੇਂ ਵੀ ਪ੍ਰਸਿੱਧ ਪਲੇਅ 'ਰੋਮੀਓ ਐਂਡ ਜਿਊਲੀਅਟ' ਲਿਖਿਆ ਸੀ। ਦੂਜੇ ਪਾਸੇ, ਨਾਰਥੰਬਰਲੈਂਡ ਦੇ ਪਹਿਲੇ ਡਿਊਕ ਅਤੇ ਇੱਚੈਸ ਦੇ ਜੀਵਨਕਾਲ 'ਚ, ਨਿਊਟਨ ਨੇ ਲਾਅ ਆਫ ਮੋਸ਼ਨ ਦੀ ਮਹੱਤਵਪੂਰਨ ਵਿਗਿਆਨਕ ਖੋਜ ਕੀਤੀ ਸੀ।

ਇਸ ਤੋਂ ਬਾਅਦ ਅਸੀਂ ਸੈਲੂਨ ਅਤੇ ਡਰਾਇੰਗ ਰੂਮ ਵੱਲ ਗਏ ਜੋ ਇਕ-ਦੂਜੇ ਦੇ ਬਿਲਕੁਲ ਨਾਲ ਸਨ ਅਤੇ ਇਕ ਦੂਜੇ ਦੇ ਅਨੁਕੂਲ ਹਨ। ਕਮਰਿਆਂ ਦੇ ਦਰਵਾਜ਼ੇ, ਛੱਤ, ਖਿੜਕੀਆਂ, ਫਰਨੀਚਰ, ਫਾਇਰ-ਪਲੇਸ ਆਦਿ, ਸਾਰੀਆਂ ਵਸਤੂਆਂ 'ਚ ਧਨ ਅਤੇ ਖ਼ੁਸ਼ਹਾਲੀ ਦੀ ਗੂੰਜ ਹੈ ਜੋ ਫੈਸ਼ਨੇਬਲ ਇਟੈਲੀਅਨ ਆਰਟ ਦਾ ਦਰਪਣ ਵੀ ਹਨ ਅਤੇ ਜਿਨ੍ਹਾਂ ਨੂੰ ਰੋਮਨ ਸ਼ਿਲਪਕਾਰਾਂ ਨੇ ਸਿਰੇ ਚੜ੍ਹਾਇਆ। ਇਟਲੀ ਦੇ ਵੈਟੀਕੇਨ ਪੈਲੇਸ ਨੂੰ ਸਜਾਉਣ ਵਾਲੇ ਪ੍ਰਸਿੱਧ ਰੋਮਨ ਆਰਟਿਸਟ 'ਮੈਨਟੋਵੈਨੀ' ਨੇ ਓਨਿਕ ਕਿਲ੍ਹੇ ਸਜਾਵਟ ਦਾ ਕਾਰਜ ਵੀ ਕੀਤਾ ਸੀ। ਹੋਰ ਦੇਖਣਯੋਗ ਵਸਤੂਆਂ ਸਨ ਪਿਕਚਰ ਫਰੇਮਜ਼, ਹਾਥੀ ਦੰਦ ਦੀਆਂ ਵਸਤੂਆਂ ਅਤੇ ਸਜਾਵਟੀ ਸ਼ੀਸ਼ੇ।

ਇਸ ਤੋਂ ਬਾਅਦ ਅਸੀਂ ਕਾਪਰ-ਗ੍ਰੀਨ ਡਾਈਨਿੰਗ ਹਾਲ 'ਚ ਪ੍ਰਵੇਸ਼ ਕੀਤੇ ਜਿੱਥੇ ਪਹਿਲਾਂ ਤੋਂ ਵੀ ਸਥਾਨਕ ਇੰਗਲਿਸ਼ ਸਕੂਲ ਦੇ ਬੱਚੇ ਆਏ ਹੋਏ ਸਨ। ਉਨ੍ਹਾਂ ਦਾ ਆਪਣੀ ਟੀਚਰ ਨਾਲ ਰੋਚਕ ਵਾਰਤਾਲਾਪ ਚੱਲ ਰਿਹਾ ਸੀ। ਟੀਚਰ ਨੇ ਹੱਸਦੇ ਹੋਏ ਇੰਨੇ ਵੱਡੇ ਡਾਈਨਿੰਗ ਹਾਲ ਵੱਲ ਦੇਖਦੇ ਹੋਏ ਪੁੱਛਿਆ ਕਿ,' ਡਿਊਕ ਅਤੇ ਉਸ ਦੇ ਰਾਜ-ਮਹਿਮਾਨ ਇਕ ਕਮਰੇ 'ਚ ਕੀ-ਕੀ ਖਾਂਦੇ ਹੋਣਗੇ?' ਸਾਰੇ ਬੱਚੇ ਚੁੱਪ ਹੋ ਗਏ ਤਾਂ, ਆਤਵਿਸ਼ਵਾਸ ਨਾ ਭਰੀ ਇਕ ਨੰਨ੍ਹੀ ਆਵਾਜ਼ ਨੇ ਜਵਾਬ ਦਿੱਤਾ,'ਕੇਕ ਅਤੇ ਕੇਕ ਹੀ ਕੇਕ'। ਸਾਰੇ ਪਾਸੇ ਹਾਸੇ ਦੀ ਲਹਿਰ ਦੌੜ ਗਈ। ਨਾਲ ਹੀ ਸਾਨੂੰ ਦੱਸਿਆ ਗਿਆ ਕਿ ਹੁਣੇ ਜਿਹੇ ਲੰਘੇ ਹਫਤੇ 'ਚ ਡਾਈਨਿੰਗ-ਹਾਲ 'ਚ ਵਿਸ਼ੇਸ਼ ਸਮਾਰੋਹ ਕੀਤਾ ਗਿਆ ਸੀ ਜੋ ਕਿ ਵਰਤਮਾਨ ਡਿਊਕ ਐਂਚ ਇੱਚੈਸ ਦੀ ਦੂਜੀ ਪੁੱਤਰੀ ਨਾਲ ਸਬੰਧਤ ਸੀ।

ਇਹ ਕਮਰਾ ਦਾ ਮੱਧਕਾਲ ਤੋਂ ਇਥੇ ਬਣਿਆ ਹੋਇਆ ਹੈ ਪ੍ਰੰਤੂ 18 ਵੀ ਸਦੀ ਪਿੱਛੋਂ ਇਸ ਨੂੰ ਸੁੰਦਰ ਢੰਗ ਨਾਲ ਪੁਨਰ ਨਿਰਮਾਣ ਕੀਤਾ ਗਿਆ ਅਤੇ ਪ੍ਰਤੀਦਿਨ ਪਰਸੀ-ਰਾਜ ਪਰਿਵਾਰ ਦੁਆਰਾ, ਭੋਜਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਸੀ।

## ਯੂਰੋਪੀਅਨ-ਪੋਰਸਲੇਨ ਸੰਗ੍ਰਹਿ

ਸ਼ਾਨਦਾਰ ਓਨਿਕ ਕਿਲ੍ਹੇ ਦੇ ਬਾਹਰ ਜਾਂਦੇ ਹੋਏ ਅਸੀਂ ਇਕ ਪੈਸੇਜ ਵਰਗੇ ਖੇਤਰ 'ਚੋਂ ਲੰਘੇ ਜਿੱਥੇ ਕੱਚ ਦੀਆਂ ਚਮਕਦੀਆਂ ਅਲਮਾਰੀਆਂ 'ਚ ਚਕਾਚੌਂਧ ਕਰਨ ਵਾਲਾ ਨਾਰਥੰਬਰਲੈਂਡ ਚਾਇਨਾ (ਚੀਨੀ ਦੇ ਬਰਤਨ ਅਤੇ ਵਸਤੂਆਂ) ਦਾ ਗੌਰਵਸ਼ਾਲੀ ਸੰਗ੍ਰਹਿਆਂ ਦੇ ਪ੍ਰਦਰਸ਼ਨ ਹਨ- ਮੀਸਨ, ਪੈਰਿਸ ਅਤੇ ਚੇਲਸੀ-ਪੋਰਸਲੇਨ ਜਿਨ੍ਹਾਂ ਦੇ ਪ੍ਰੇਰਣਾ ਸਰੋਤ ਯੂਰਪੀਅਨ-ਪੋਰਸਲੇਨ ਸੰਗ੍ਰਹਿ ਹਨ, ਜੋ 17 ਵੀਂ ਅਤੇ 18ਵੀਂ ਸਦੀ ਦੇ ਯੂਰਪ ਦੇ ਮਹਿਲਾਂ 'ਚ ਡਿਸਪਲੇ 'ਤੇ ਹਨ। ਉੱਥੇ ਸਜੇ ਡਿਨਰ-ਸੈੱਟਜ਼ ਅਤੇ ਟੀ-ਸੈੱਟ ਦੀ ਬਾਰੀਕੀ ਅਤੇ ਹਸਤਕਲਾ ਸ਼ਲਾਘਾਯੋਗ ਹੈ। ਬੀਤੇ ਯੁਗਾਂ 'ਚ ਇਸ ਪੈਸੇਜ ਨੂੰ ਸਟੇਟਰੂਮਜ਼ ਦੀ ਸਰਵਿਸ ਲਈ ਵਰਤਿਆ ਜਾਂਦਾ ਸੀ। ਵਿਕਾਸ-ਮਾਰਗ ਵੱਲ ਜਾਂਦੇ ਹੋਏ ਸਾਨੂੰ ਦੱਸਿਆ ਗਿਆ ਕਿ ਸਟੇਟ-ਰੂਮਜ਼ ਅਤੇ ਹੋਰ ਸ਼ਾਨਦਾਰ ਸੰਗ੍ਰਹਿਆਂ ਨੂੰ ਇਕੱਠਾ ਕਰਨ 'ਚ ਕਈ ਸਾਲ ਲੱਗ ਗਏ। ਇਸ 'ਚ ਮਹੱਤਵਪੂਰਨ ਗੱਲ ਇਹ ਸੀ ਕਿ ਪਰਸੀ-ਪਰਿਵਾਰ ਨੇ ਸਦਾ ਆਰਟਿਸਟ, ਸ਼ਿਲਪਕਾਰਾਂ ਅਤੇ ਦਸਤਕਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਕਲਾ ਪ੍ਰਸ਼ੰਸਕ ਰਹੇ।

## ਇਨਰ-ਵੈਲੀ

ਓਕਟੇਗੋਨਲ-ਟਾਵਰ ਤੋਂ ਅਸੀਂ ਬਾਹਰ ਆ ਕੇ ਓਨਿਕ-ਕਾਸਲ ਦੇ ਹਰੇ ਭਰੇ ਢਲਾਨਾਂ ਵਾਲੇ ਖੇਤਾਂ 'ਚ ਪਹੁੰਚੇ ਜਿਸ ਨੂੰ ਕਿਲ੍ਹੇ ਦੇ ਪ੍ਰੰਪਰਿਕ ਨਾਂ, ਇਨਰ-ਵੈਲੀ ਨਾਲ ਜਾਣਿਆ ਜਾਂਦਾ ਹੈ। ਨਾਲ ਦੇ ਦੋ ਟਾਵਰਜ਼ (ਮੀਨਾਰਾਂ) 'ਚ ਦੋ ਪ੍ਰਦਰਸ਼ਨੀਆਂ ਦੇਖਣ ਪਿੱਛੋਂ ਅਸੀਂ ਤੰਗ ਰਸਤੇ 'ਰੈਮਪਾਰਟ-ਵਾਰਕ' 'ਤੇ ਪਹੁੰਚੇ ਜਿਸ ਉੱਪਰ ਨੀਲਮ ਵਰਗਾ ਆਕਾਸ਼ ਸੀ। 'ਰੈਮਪਾਰਟ ਵਾਕ' ਓਨਿਕ ਦੁਰਗ ਦੀ ਬਾਹਰੀ ਦੀਵਾਰ ਨਾਲ ਹਨ ਜਿਸ ਪਿੱਛੋਂ ਸ਼ਾਨਦਾਰ ਦ੍ਰਿਸ਼ ਹੈ ਏਮਰੈਲਡ ਰਤਨ ਵਰਗੀ ਹਰੀ ਢਾਲਣ ਜਿਵੇਂ ਦੂਰ ਹੇਠਾਂ ਪ੍ਰਾਚੀਨ ਨਦੀ-ਓਨ ਨਾਲ ਮਿਲਨ ਕਰਦੀ ਹੈ।

## ਆਊਟਰ- ਵੈਲੀ

ਓਨਿਕ ਕਿਲ੍ਹੇ ਦਾ ਯਾਤਰਾ ਦੇ ਆਖ਼ਰੀ ਭਾਗ 'ਚ ਅਸੀਂ ਦੁਰਗ ਦੇ ਬਾਹਰੀ ਭਾਗ-ਆਊਟਰ ਵੈਲੀ ਵੱਲ ਚੱਲ ਪਏ। ਉੱਥੇ ਹਰੇ ਘਾਹ 'ਤੇ ਕਈ ਵਿਦਿਆਰਥੀ ਅਤੇ ਉਨ੍ਹਾਂ ਦੇ ਟੀਚਰ, ਹੈਰੀ ਪਾਟਰ ਨਾਟਕ ਦਾ ਅਭਿਆਸ ਕਰਦੇ ਹੋਏ ਦਿਖਾਈ ਦਿੱਤੇ। ਹੈਰੀ-ਪਾਟਰ ਨਾਮੀ ਪਾਤਰ ਦੇ ਨਾਵਲ ਨਵੀਂ ਪੀੜ੍ਹੀ ਦੇ ਫੇਵਰਿਟ ਹਨ ਅਤੇ ਸਾਰੇ ਨਾਵਲਾਂ 'ਤੇ ਅਧਾਰਿਤ, ਹਾਲੀਵੁੱਡ-ਮੂਵੀਜ਼ ਵੀ ਬਣ ਚੁੱਕੀਆਂ ਹਨ ਜੋ ਸੁਪਰ ਹਿਟਸ ਹਨ। 'ਹੈਰੀ ਪਾਟਰ ਐਂਡ ਦਾ ਫਿਲੌਸਫਰਜ਼ ਸਟੋਨ' ਅਤੇ 'ਦਿ ਚੈਂਬਰ ਆਫ ਸੀਕ੍ਰੇਟਸ' ਫਿਲਮਾਂ ਦੀ ਸ਼ੂਟਿੰਗ, ਓਨਿਕ-ਕਾਸਲ 'ਚ ਹੋਈ ਹੈ। ਕਾਸਲ ਦੇ ਬਾਹਰ ਅਤੇ ਅੰਦਰ ਦੇ ਦ੍ਰਿਸ਼, ਹੈਰੀ ਪਾਟਰ ਫਿਲਮਾਂ 'ਚ ਦਰਸਾਏ ਜਾਂਦੇ ਹਨ ਜਿਨ੍ਹਾਂ ਕਾਰਨ ਜ਼ਿਆਦਾਤਰ ਸੈਲਾਨੀ ਵੀ ਓਨਿਕ-ਕਾਸਲ ਵੱਲ ਖਿੱਚੇ ਆਉਂਦੇ ਹਨ। ਹੈਰੀ ਪਾਟਰ ਵਰਗੇ ਜਾਦੂਈ ਝਾੜੂ ਫੜੀ ਕਈ ਨੌਜਵਾਨ ਕਲਾਕਾਰ ਪਲੇਅ ਦਾ ਅਭਿਆਸ ਕਰਦੇ ਦਿਸੇ। ਇਥੇ ਕਈ ਹੋਰ ਹਿਟ ਫਿਲਮਾਂ ਦੀ ਸ਼ੂਟਿੰਗ ਹੋਈ ਹੈ ਜਿਸ 'ਚੋਂ ਅਹਿਮ 'ਰੌਬਿਨ ਹੁਡ ਅਤ ਆਈਵਨ ਹਨ।

## ਕੈਫੇ

ਆਊਟਰ-ਵੈਲੀ ਤੋਂ ਚਲਦੇ ਹੋਏ ਜਦੋਂ ਅਸੀਂ ਓਨਿਕ ਕਾਸਲ ਦੇ ਕੈਫੇ ਵੱਲ ਜਾ ਰਹੇ ਸੀ ਤਾਂ ਮਾਰਗ 'ਚ ਕੋਚ-ਹਾਊਸ ਦਿਸਿਆ ਜਿੱਥੇ 18ਵੀਂ ਸਦੀ ਤੋਂ ਵੱਖਰੇ ਰਾਜਸੀ ਕੋਚ (ਘੋੜਾ ਗੱਡੀਆਂ) ਰੱਖੇ ਜਾਂਦੇ ਹਨ। ਅਸੀਂ ਉਤਸੁਕਤਾ ਨਾਲ ਉਸ ਰਾਇਲ ਕੋਚ ਨੂੰ ਦੇਖਿਆ ਜੋ ਪਿਛਲੇ ਹਫਤੇ ਵਰਤਮਾਨ ਡਿਊਕ ਦੀ ਪੁੱਤਰੀ ਦੇ ਵਿਆਹ ਸਮਾਗਮ 'ਚ ਵਰਤੀ ਗਈ ਸੀ। ਕੋਰਟ ਯਾਰਡ ਕੈਫੇ ਦਾ ਵਾਤਾਵਰਨ ਸਵਾਗਤਯੋਗ ਸੀ। ਚਾਹ ਪੀਂਦੇ ਹੋਏ ਅਸੀਂ ਓਨਿਕ ਕਾਸਲ 'ਚ ਹੋ ਰਹੀਆਂ ਮਨੋਰੰਜਕ ਖੇਡਾਂ ਦੇ ਵਿਸ਼ੇ 'ਚ ਜਾਣਕਾਰੀ ਲਈ।

## ਓਨਿਕ ਬਾਗ਼

ਆਪਣੀ ਇਕ ਦਿਨਾ ਓਨਿਕ ਕਿਲ੍ਹੇ ਦੀ ਯਾਤਰਾ ਦੇ ਅੰਤ 'ਚ ਅਸੀਂ ਓਨਿਕ ਗਾਰਡਨ ਪਹੁੰਚੇ ਜੋ ਸਥਾਨਕ ਲੋਕਾਂ ਅਤੇ ਸੈਲਾਨੀਆਂ 'ਚ ਲੋਕਪ੍ਰਿਯ ਹੈ। 18ਵੀਂ ਸਦੀ ਦੇ ਬਾਅਦ ਵੀ ਦੁਰਗ ਦੇ ਬਾਹਰ ਇਨ੍ਹਾਂ ਬਾਗ਼ਾਂ ਦਾ ਵਿਕਾਸ ਕੀਤਾ ਗਿਆ ਅਤੇ 21ਵੀਂ ਸਦੀ ਆਉਣ ਤਕ, ਇਨ੍ਹਾਂ 'ਚ ਕਈ ਸਕਾਰਾਤਮਕ ਅਤੇ ਦਿਲਖਿੱਚ ਤਬਦੀਲੀਆਂ ਕੀਤੀਆਂ ਗਈਆਂ। 2002 ਤੋਂ ਬਾਗ਼ ਦੇ ਫੁਹਾਰੇ ਅਤੇ ਲਾਈਟਾਂ, ਇਸ ਦੀ ਮੁੱਖ ਖਿੱਚ ਹਨ। ਓਨਿਕ-ਗਾਰਡਨ ਦੀ ਓਪਨਿੰਗ, ਇੰਗਲੈਂਡ ਦੇ ਰਾਜ-ਪਰਿਵਾਰ ਦੇ ਰਾਜਕੁਮਾਰ ਚਾਰਲਸ ਨੇ ਕੀਤੀ ਹੈ।

ਓਨਿਕ ਕਾਸਲ ਅਤੇ ਬਾਗ਼ ਦੀ ਯਾਤਰਾ ਤੋਂ ਮੁੜਦੇ ਸਮੇਂ ਮਨ 'ਚ ਵਿਚਾਰ ਆਇਆ ਕਿ ਭਾਰਤ ਦੇ ਅਣਗਿਣਤ ਕਿਲ੍ਹਿਆਂ ਅਤੇ ਮਹਿਲਾਂ ਨੂੰ ਵੀ ਤਾਂ ਓਨਿਕ ਕਾਸਲ ਦੇ ਬਰਾਬਰ ਸੈਲਾਨੀਆਂ ਦੇ ਨਾਲ-ਨਾਲ ਗਤੀਵਿਧੀ ਕੇਂਦਰ ਬਣਾਇਆ ਜਾ ਸਕਦਾ ਹੈ। ਫਿਲਮ ਸ਼ੂਟਿੰਗ ਦੇ ਇਲਾਵਾ, ਕਾਸਲ ਦੇ ਕੁਝ ਹਿੱਸਿਆਂ ਨੂੰ ਸਕੂਲਾਂ ਅਤੇ ਯੂਨੀਵਰਸਿਟੀਆਂ ਦੁਆਰਾ ਵਿੱਦਿਆ ਕੇਂਦਰਾਂ ਦੇ ਰੂਪ 'ਚ ਵਰਤੋਂ ਕੀਤੀ ਜਾ ਰਹੀ ਹੈ। ਇਥੇ ਸਮੇਂ-ਸਮੇਂ 'ਤੇ ਪ੍ਰਦਰਸ਼ਨੀਆਂ ਵੀ ਲਾਈਆਂ ਜਾਂਦੀਆਂ ਹਨ। •



# ਨੰਗਲ ਝੀਲ ’ਤੇ ਉੱਤਰੀ ਭਾਰਤ ਦਾ ਪਹਿਲਾ ਗਿਲਾਸ ਬ੍ਰਿਜ ਬਣੇਗਾ: ਭਗਵੰਤ ਸਿੰਘ ਮਾਨ

**➢ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਨਾਲ ਨੰਗਲ ਦੇ ਵਿਕਾਸ ਵਿੱਚ ਲਿਆਂਦੀ ਤੇਜ਼ੀ ➢ 23 ਕਰੋੜ ਰੁਪਏ ਦੀ ਲਾਗਤ ਨਾਲ ਕਾਰਗਿਲ ਸ਼ਹੀਦ ਕੈਪਟਨ ਅਮੋਲ ਕਾਲੀਆ ਦੇ ਨਾਮ ’ਤੇ ਸੈਂਟਰ ਆਫ਼ ਐਕਸੀਲੈਂਸ ਬਣਾਇਆ ਜਾਵੇਗਾ: ਮੁੱਖ ਮੰਤਰੀ**



**ਨੰਗਲ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨੰਗਲ ਨੂੰ ਆਧੁਨਿਕ ਬੁਨਿਆਦੀ ਢਾਂਚੇ, ਹੁਨਰ ਵਿਕਾਸ ਅਤੇ ਸੈਰ-ਸਪਾਟੇ ਦੇ ਕੇਂਦਰ ਵਜੋਂ ਵਿਕਸਤ ਕਰਨ ਦੇ ਯਤਨਾਂ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 75 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟ ਦੀ ਸ਼ੁਰੂਆਤ ਕੀਤੀ, ਜਿਸ ਤਹਿਤ ਉੱਤਰੀ ਭਾਰਤ ਦਾ ਪਹਿਲਾ ਗਲਾਸ ਬ੍ਰਿਜ, ਕਾਰਗਿਲ ਸ਼ਹੀਦ ਕੈਪਟਨ ਅਮੋਲ ਕਾਲੀਆ ਦੇ ਨਾਮ ’ਤੇ 23 ਕਰੋੜ ਰੁਪਏ ਦਾ ਸੈਂਟਰ ਆਫ਼ ਐਕਸੀਲੈਂਸ ਅਤੇ ਸਿੱਖਿਆ ਬੁਨਿਆਦੀ ਢਾਂਚੇ ਵਿੱਚ ਵੱਡੇ ਪੱਧਰ ’ਤੇ ਅੱਪਗ੍ਰੇਡੇਸ਼ਨ ਕਰਨਾ ਸ਼ਾਮਲ ਹਨ।

ਮੁੱਖ ਮੰਤਰੀ ਨੇ ਇਹਨਾਂ ਪਹਿਲਕਦਮੀਆਂ ਨੂੰ ਵਿਕਾਸ ਵਿੱਚ ਸਾਲਾਂ ਤੋਂ ਆਈ ਖੜੋਤ ਨੂੰ ਦੂਰ ਕਰਨ ਪ੍ਰਤੀ ਫੈਸਲਾਕੁੰਨ ਕਦਮ ਦੱਸਦਿਆਂ ਇੱਕ ਅਜਿਹੇ ਪ੍ਰਸ਼ਾਸਨਿਕ ਮਾਡਲ ਦੀ ਰੂਪਰੇਖਾ ਦਿੱਤੀ ਜਿਸ ਵਿੱਚ ਰੋਬੋਟਿਕਸ, ਇਲੈਕਟ੍ਰਿਕ ਵਾਹਨ, ਸੂਰਜੀ ਤਕਨਾਲੋਜੀ ਅਤੇ ਡਰੋਨ ਸਿਖਲਾਈ ਵਰਗੇ ਅਤਿ-ਆਧੁਨਿਕ ਖੇਤਰਾਂ ਵਿੱਚ ਉਦਯੋਗ ਪੱਖੀ ਹੁਨਰ ਸਿਖਲਾਈ, ਔਰਤਾਂ ਲਈ ਤਕਨੀਕੀ ਸਿੱਖਿਆ ਤੱਕ ਪਹੁੰਚ ਅਤੇ ਪੰਜਾਬ ਦੀ ਖੇਤੀਬਾੜੀ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਲਈ ਭਾਖੜਾ ਨਹਿਰ ਦੇ ਬਰਾਬਰ ਵੱਡੇ ਪੱਧਰ ’ਤੇ ਪਾਣੀ ਪ੍ਰਦਾਨ ਕਰਨਾ ਸ਼ਾਮਲ ਹੈ।

ਇਸ ਕਦਮ ਨੂੰ ਸਿਆਸੀ ਵਿਰੋਧ ਨਾਲ ਜੋੜਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਦੀ ਸਰਪ੍ਰਸਤੀ ਅਤੇ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਕਮਜ਼ੋਰ ਕਰਨ ਵਾਲਿਆਂ ਨੂੰ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਨੌਕਰੀਆਂ, ਸਿੱਖਿਆ ਅਤੇ ਬੁਨਿਆਦੀ ਢਾਂਚੇ ’ਤੇ ਕੇਂਦਰਿਤ ਇਮਾਨਦਾਰ ਸ਼ਾਸਨ ਦੇ ਮਾਡਲ ਵੱਲ ਨਿਰਣਾਇਕ ਤੌਰ ’ਤੇ ਅੱਗੇ ਵਧ ਰਹੇ ਹਨ।

ਲੋਕਾਂ ਨੂੰ 75 ਕਰੋੜ ਰੁਪਏ ਦੇ ਵਿਕਾਸ ਕਾਰਜ ਸਮਰਪਿਤ ਕਰਨ ਉਪਰੰਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਅਕਾਲੀਆਂ ’ਤੇ ਪੀੜ੍ਹੀਆਂ ਦੀ ਨਸਲਕੁਸ਼ੀ ਦਾ ਮੁਕੱਦਮਾ ਦਰਜ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੇ ਨਸ਼ਿਆਂ ਦੇ ਵਪਾਰ ਨੂੰ ਸਰਪ੍ਰਸਤੀ ਦਿੱਤੀ ਸੀ ਅਤੇ ਉਨ੍ਹਾਂ ਦੇ ਲੰਬੇ ਕੁਸ਼ਾਸਨ ਦੌਰਾਨ ਨਸ਼ਿਆਂ ਦੇ ਵਪਾਰ ਨੇ ਆਪਣੇ ਪੈਰ ਪਸਾਰੇ ਸਨ। ਇਨ੍ਹਾਂ ਆਗੂਆਂ ਦੇ ਹੱਥ ਆਪਣੇ ਸਰਕਾਰੀ ਵਾਹਨਾਂ ਵਿੱਚ ਸੂਬੇ ਵਿੱਚ ਸਪਲਾਈ ਕੀਤੇ ਜਾਣ ਵਾਲੇ ਨਸ਼ਿਆਂ ਦਾ ਸ਼ਿਕਾਰ ਹੋਏ ਲੱਖਾਂ ਨੌਜਵਾਨਾਂ ਦੇ ਖੂਨ ਨਾਲ ਰੰਗੇ ਹੋਏ ਹਨ। ਇਹ ਪਾਪ ਮੁਆਫ਼ ਨਹੀਂ ਕੀਤੇ ਜਾ ਸਕਦੇ ਅਤੇ ਇਹਨਾਂ ਆਗੂਆਂ ਨੂੰ ਲੋਕਾਂ ਵੱਲੋਂ ਉਨ੍ਹਾਂ ਦੇ ਗੁਨਾਹਾਂ ਲਈ ਕਦੇ ਵੀ ਮੁਆਫ਼ ਨਹੀਂ ਕੀਤਾ ਜਾ ਸਕਦਾ।

ਅਕਾਲੀ ਲੀਡਰਸ਼ਿਪ ’ਤੇ ਵਰ੍ਹਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ÷ਇਹ ਮੌਕਾਪ੍ਰਸਤ ਆਗੂ ਹਨ ਜੋ ਆਪਣੀ ਸਹੂਲਤ ਅਤੇ ਨਿੱਜੀ ਸਿਆਸੀ ਹਿੱਤਾਂ ਅਨੁਸਾਰ ਗਿਰਗਿਟ ਵਾਂਗ ਆਪਣਾ ਰੰਗ ਅਤੇ ਪੱਖ ਬਦਲਦੇ ਹਨ। ਉਨ੍ਹਾਂ ਨੇ ਲੰਬੇ ਸਮੇਂ ਤੋਂ ਆਪਣੇ ਆਪ ਨੂੰ ਕਿਸਾਨ ਕਹਿ ਕੇ ਲੋਕਾਂ ਨੂੰ ਮੂਰਖ ਬਣਾਇਆ ਹੈ ਪਰ ਕੀ ਉਹ ਦੱਸ ਸਕਦੇ ਹਨ ਕਿ ਕੋਈ ਵੀ ਅਨਾਜ ਉਤਪਾਦਕ ਸੁੱਖ ਵਿਲਾਸ ਵਰਗਾ ਵੱਡਾ ਬੇੜਾ ਅਤੇ ਗੁੜਗਾਓਂ ਵਿੱਚ ਇੱਕ ਆਲੀਸ਼ਾਨ ਹੋਟਲ ਕਿਵੇਂ ਬਣਾ ਸਕਦਾ ਹੈ? ਇਹ ਸਭ ਕੁਝ ਆਪਣੇ ਨਿੱਜੀ ਸਿਆਸੀ ਲਾਭਾਂ ਲਈ ਸੂਬੇ ਅਤੇ ਇਸ ਦੇ ਲੋਕਾਂ ਦੇ ਹਿੱਤਾਂ ਨੂੰ ਵੇਚ ਕੇ ਬਣਾਇਆ ਗਿਆ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ÷ਸੁਖਬੀਰ ਸਿੰਘ ਬਾਦਲ ਨੇ ਜਨਤਾ ਵਿੱਚ ਆਪਣਾ ਵਿਸ਼ਵਾਸ ਗੁਆ ਦਿੱਤਾ ਹੈ ਅਤੇ ਰੈਲੀਆਂ ਵਿੱਚ ਭੀੜ ਦਿਖਾਉਣ ਲਈ ਪੈਸੇ ਦੇ ਕੇ ਬੁਲਾਏ ਗਏ ਵਰਕਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਹਰ ਅਕਾਲੀ ਰੈਲੀ ਵਿੱਚ ਉਹੀ ਭੀੜ ਮੌਜੂਦ ਹੁੰਦੀ ਹੈ। ਸੂਬਾ ਸਰਕਾਰ ਵੱਲੋਂ ਕੀਤੇ ਗਏ ਬੇਮਿਸਾਲ ਕੰਮਾਂ ਕਾਰਨ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਚੁੱਕੇ ਹਨ ਜਿਸ ਕਾਰਨ ਉਹ ਬੇਬੁਨਿਆਦ ਅਤੇ ਤਰਕਹੀਣ ਬਿਆਨ ਦੇ ਰਹੇ ਹਨ। ਅਜਿਹੇ ਬਿਆਨਾਂ ਦੇ ਆਧਾਰ ’ਤੇ ਹੀ ਸਾਬਕਾ ਉਪ ਮੁੱਖ ਮੰਤਰੀ ਸੱਤਾ ਵਿੱਚ ਵਾਪਸੀ ਦੇ ਸੁਪਨੇ ਦੇਖ ਰਹੇ ਹਨ ਜੋ ਕਦੇ ਵੀ ਸੰਭਵ ਨਹੀਂ ਹੋਵੇਗਾ।

ਪਿਛਲੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, ÷ਸਾਬਕਾ ਉਪ ਮੁੱਖ ਮੰਤਰੀ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਆਪਣੇ ਸ਼ਾਸਨ ਦੌਰਾਨ ਵੱਡੇ ਪੱਧਰ ’ਤੇ ਵਿਕਾਸ ਕਾਰਜ ਕੀਤੇ ਪਰ ਕੋਟਕਪੂਰਾ, ਬਹਿਬਲ ਕਲਾਂ ਅਤੇ ਹੋਰ ਥਾਵਾਂ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ’ਬੇਅਦਬੀ’ ਹੋਈ ਅਤੇ ਬੇਕਸੂਰਾਂ ਨੂੰ ਮਾਰਿਆ ਗਿਆ, ਬਾਰੇ ਚੁੱਪ ਕਿਉਂ ਬੈਠੇ ਹਨ। ਇਹ ਸਾਰੀਆਂ ਘਟਨਾਵਾਂ ਉਨ੍ਹਾਂ ਦੇ ਸ਼ਾਸਨ ਦੌਰਾਨ ਵਾਪਰੀਆਂ। ਉਹ ਇਨ੍ਹਾਂ ’ਬੇਅਦਬੀ’ ਦੀਆਂ ਘਟਨਾਵਾਂ ਨੂੰ ਭੁੱਲ ਗਏ ਹਨ ਅਤੇ ਵਿਸ਼ਵਾਸ ਕਰਦੇ ਹਨ ਕਿ ਲੋਕ ਵੀ ਇਨ੍ਹਾਂ ਨੂੰ ਭੁੱਲ ਜਾਣਗੇ, ਪਰ ਲੋਕ ਇਸ ਨੂੰ ਕਦੇ ਨਹੀਂ ਭੁੱਲਣਗੇ। ਉਨ੍ਹਾਂ ਦਾ ਪਰਿਵਾਰ ਇਸ ਵਿੱਚ ਸ਼ਾਮਲ ਸੀ। ਉਨ੍ਹਾਂ ਦੀ ’ਪੰਜਾਬ ਬਚਾਓ ਯਾਤਰਾ’ ਅਸਲ ਵਿੱਚ ’ਪਰਿਵਾਰ ਬਚਾਓ ਯਾਤਰਾ’ ਹੈ। 15 ਸਾਲ ਸੂਬੇ ਨੂੰ ਲੁੱਟਣ ਤੋਂ ਬਾਅਦ ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਪੰਜਾਬ ਨੂੰ ਕਿਸ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅਕਾਲੀਆਂ ਨੇ ਸੂਬੇ ਨੂੰ ਬੁਰੀ ਤਰ੍ਹਾਂ ਲੁੱਟਿਆ ਹੈ, ਪੰਜਾਬੀਆਂ ਦੀ ਮਾਨਸਿਕਤਾ ਨੂੰ ਭਾਵਨਾਤਮਕ ਤੌਰ ’ਤੇ ਕੁਚਲਿਆ ਹੈ ਅਤੇ ਮਾਫੀਆ ਨੂੰ ਸਰਪ੍ਰਸਤੀ ਦਿੱਤੀ ਹੈ।

ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, ÷ਲੋਕ ਅਕਾਲੀਆਂ ਅਤੇ ਬਾਦਲ ਪਰਿਵਾਰ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂ ਹਨ, ਇਸ ਲਈ ਲੋਕ ਹੁਣ ਉਨ੍ਹਾਂ ਦੇ ਝਾਂਸੇ ਵਿੱਚ ਨਹੀਂ ਆਉਣਗੇ। ਜਿਨ੍ਹਾਂ ਆਗੂਆਂ ਦੇ ਘਰਾਂ ਤੱਕ ਪਹਿਲਾਂ ਨਹਿਰਾਂ ਜਾਂਦੀਆਂ ਸਨ, ਉਨ੍ਹਾਂ ਨੇ ਕਦੇ ਇਸ ਦੀ ਪਰਵਾਹ ਨਹੀਂ ਕੀਤੀ। ਸੁਖਬੀਰ ਸਿੰਘ ਬਾਦਲ ਇੱਕ ਕਾਨਵੈਂਟ ਸਕੂਲ ਵਿੱਚ ਪੜ੍ਹੇ-ਲਿਖੇ ਆਗੂ ਹਨ ਜੋ ਪੰਜਾਬ ਦੀ ਮੁੱਢਲੀ ਭੂਗੋਲਿਕ ਸਥਿਤੀ ਤੋਂ ਪੂਰੀ ਤਰ੍ਹਾਂ ਅਣਜਾਣ ਹਨ ਪਰ ਫਿਰ ਵੀ ਉਹ ਸੂਬੇ ’ਤੇ ਰਾਜ ਕਰਨਾ ਚਾਹੁੰਦੇ ਹਨ।

ਵਿਆਪਕ ਸਿਆਸੀ ਦਾਅਵਿਆਂ ’ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ, ÷ਜਿਨ੍ਹਾਂ ਨੇ ਪਾਣੀ ਦੇ ਰਾਖੇ ਹੋਣ ਦਾ ਦਾਅਵਾ ਕੀਤਾ ਸੀ, ਉਨ੍ਹਾਂ ਨੇ ਹੀ ਇਸ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ’ਬਾਣੀ’ ਦੇ ਸੇਵਾਦਾਰ ਵਜੋਂ ਪੇਸ਼ ਕੀਤਾ ਉਹ ਹੀ ਬੇਅਦਬੀ ਨੂੰ ਰੋਕਣ ਵਿੱਚ ਅਸਫਲ ਰਹੇ। ਇਸੇ ਤਰ੍ਹਾਂ ਦੇਸ਼ ਨੂੰ ਚਲਾਉਣ ਵਾਲੇ ਜੁਮਲੇਬਾਜ਼ ਆਗੂ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਦੇਸ਼ ਦੇ ਹਰ ਨਾਗਰਿਕ ਦੇ ਖਾਤੇ ਵਿੱਚ 15 ਲੱਖ ਰੁਪਏ ਭੇਜਣ ਦਾ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ ਅਤੇ ਲੋਕ, ਖਾਸ ਕਰਕੇ ਔਰਤਾਂ ਗੈਰ-ਯੋਜਨਾਬੱਧ ਨੀਤੀਆਂ ਕਾਰਨ ਦੁਖੀ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਕਾਂਗਰਸ ਵਿੱਚ ਹਰ ਆਗੂ ਮੁੱਖ ਮੰਤਰੀ ਬਣਨਾ ਚਾਹੁੰਦਾ ਹੈ। ਉਨ੍ਹਾਂ ਕੋਲ ਵਰਕਰਾਂ ਨਾਲੋਂ ਵੱਧ ਮੁੱਖ ਮੰਤਰੀ ਦੇ ਚਿਹਰੇ ਹਨ। ਇਸੇ ਕਰਕੇ ਉਨ੍ਹਾਂ ਦੇ ਚੋਟੀ ਦੇ ਆਗੂ ਨੇ ਹਾਲ ਹੀ ਵਿੱਚ ਇੱਕ ਰੈਲੀ ਦੌਰਾਨ ਉਨ੍ਹਾਂ ਨੂੰ ਜਨਤਕ ਤੌਰ ’ਤੇ ਫਿਟਕਾਰ ਲਗਾਈ ਸੀ। ਕਾਂਗਰਸ ਇੱਕ ਵੰਡਿਆ ਹੋਇਆ ਘਰ ਹੈ ਜੋ ਅੰਦਰੂਨੀ ਝਗੜੇ ਕਾਰਨ ਢਹਿ ਜਾਵੇਗਾ ਪਰ ਫਿਰ ਵੀ ਇਸਦੇ ਆਗੂ ਸੱਤਾ ਵਿੱਚ ਵਾਪਸ ਆਉਣ ਦੇ ਸੁਪਨੇ ਦੇਖਦੇ ਰਹਿੰਦੇ ਹਨ।

ਲੀਡਰਸ਼ਿਪ ਸਬੰਧੀ ਮੁੱਦਿਆਂ ’ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, ਇਹ ਬਦਕਿਸਮਤੀ ਦੀ ਗੱਲ ਹੈ ਕਿ ਕਾਂਗਰਸ ਦੇ ਚੋਟੀ ਦੇ ਆਗੂ ਜੋ ਝਗੜੇ ਕਰ ਰਹੇ ਆਪਣੇ ਸੂਬਾਈ ਆਗੂਆਂ ਨੂੰ ਇੱਕਜੁੱਟ ਕਰਨ ਲਈ ਆਉਂਦੇ ਹਨ, ਨੂੰ ਉਨ੍ਹਾਂ ਦਾ ਨਾਮ ਵੀ ਉਚਾਰਨਾ ਨਹੀਂ ਆਉਂਦਾ। ਇਨ੍ਹਾਂ ਆਗੂਆਂ ਦਾ ਪੰਜਾਬ ਲਈ ਕੋਈ ਦ੍ਰਿਸ਼ਟੀਕੋਣ ਨਹੀਂ ਹੈ। ਉਨ੍ਹਾਂ ਦਾ ਇੱਕੋ ਇੱਕ ਉਦੇਸ਼ ਸੱਤਾ ਵਿੱਚ ਆ ਕੇ ਸੂਬੇ ਦੀ ਦੌਲਤ ਨੂੰ ਲੁੱਟਣਾ ਹੈ ਪਰ ਉਨ੍ਹਾਂ ਦੇ ਸੁਪਨੇ ਕਦੇ ਪੂਰੇ ਨਹੀਂ ਹੋਣਗੇ। ਪਹਿਲਾਂ ਇਹ ਰਵਾਇਤੀ ਪਾਰਟੀਆਂ ਸੱਤਾ ਹਾਸਲ ਕਰਨ ਲਈ ਆਪਣੀ ਵਾਰੀ ਦੀ ਉਡੀਕ ਕਰਦੀਆਂ ਸਨ ਪਰ ਹੁਣ ਝਾੜੂ ਨੇ ਇਹਨਾਂ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਹੈ।

ਲੋਕ-ਪੱਖੀ ਪਹਿਲਕਦਮੀਆਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਪੰਜਾਬ ਦੇ ਸਾਰੇ 65 ਲੱਖ ਪਰਿਵਾਰਾਂ ਨੂੰ ਸਿਹਤ ਕਾਰਡ ਜਾਰੀ ਕੀਤੇ ਜਾ ਰਹੇ ਹਨ। ਇਸ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਪ੍ਰਦਾਨ ਕੀਤਾ ਜਾ ਰਿਹਾ ਹੈ ਅਤੇ 30 ਲੱਖ ਤੋਂ ਵੱਧ ਲਾਭਪਾਤਰੀ ਪਹਿਲਾਂ ਹੀ ਸਿਹਤ ਕਾਰਡ ਪ੍ਰਾਪਤ ਕਰ ਚੁੱਕੇ ਹਨ। ਇਸ ਯੋਜਨਾ ਤਹਿਤ ਲਗਭਗ 2 ਲੱਖ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਚੁੱਕਾ ਹੈ ਅਤੇ ਲੋਕਾਂ ਨੂੰ ਇਸ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ।

ਬਿਜਲੀ ਅਤੇ ਸਿੰਚਾਈ ਖੇਤਰ ਵਿੱਚ ਕੀਤੇ ਸੁਧਾਰਾਂ ਨੂੰ ਉਜਾਗਰ ਕਰਦਿਆਂ ਉਨ੍ਹਾਂ ਅੱਗੇ ਕਿਹਾ, ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੋਨੇ ਦੇ ਸੀਜ਼ਨ ਦੌਰਾਨ ਖੇਤਾਂ ਦੇ ਟਿਊਬਵੈੱਲਾਂ ਨੂੰ ਅੱਠ ਘੰਟੇ ਤੋਂ ਵੱਧ ਨਿਰਵਿਘਨ ਬਿਜਲੀ ਦਿੱਤੀ ਜਾ ਰਹੀ ਹੈ।ਸੂਬੇ ਵਿੱਚ 6,900 ਕਿਲੋਮੀਟਰ ਲੰਮੇ 18,349 ਖਾਲਿਆਂ ਨੂੰ ਬਹਾਲ ਕੀਤਾ ਗਿਆ ਹੈ ਤਾਂ ਜੋ ਨਹਿਰੀ ਪਾਣੀ ਸੂਬੇ ਦੇ ਦੂਰ-ਦਰਾਡੇ ਦੇ ਖੇਤਰਾਂ ਤੱਕ ਪਹੁੰਚਾਇਆ ਜਾ ਸਕੇ ਅਤੇ ਇਸ ਨਾਲ ਕਿਸਾਨਾਂ ਨੂੰ ਬਹੁਤ ਫਾਇਦਾ ਹੋਇਆ ਹੈ। ਪਹਿਲੀ ਵਾਰ, ਕਿਸਾਨਾਂ ਨੂੰ ਸਿੰਚਾਈ ਲਈ ਦਿਨ ਵੇਲੇ ਬਿਜਲੀ ਮਿਲ ਰਹੀ ਹੈ ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਬਦਲ ਰਹੀ ਹੈ।

ਵਿੱਤੀ ਜ਼ਿੰਮੇਵਾਰੀ ਅਤੇ ਔਰਤਾਂ ਦੀ ਭਲਾਈ ਬਾਰੇ ਪੰਜਾਬ ਦੇ ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਲੋਕਾਂ ਦੀ ਭਲਾਈ ਲਈ ਵਰਤਿਆ ਜਾ ਰਿਹਾ ਹੈ। ਮਾਵਾਂ ਧੀਆਂ ਸਤਿਕਾਰ ਯੋਜਨਾ ਤਹਿਤ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ ਭਾਈਚਾਰੇ ਦੀਆਂ ਔਰਤਾਂ ਨੂੰ 1500 ਰੁਪਏ ਦਿੱਤੇ ਜਾਣਗੇ। ਇਹ ਯੋਜਨਾ ਔਰਤਾਂ ਨੂੰ ਸੁਤੰਤਰ ਅਤੇ ਸਸ਼ਕਤ ਬਣਾ ਕੇ ਉਨ੍ਹਾਂ ਦੇ ਵਿਕਾਸ ’ਤੇ ਇੱਕ ਮਹੱਤਵਪੂਰਨ ਪ੍ਰਭਾਵ ਪਾਵੇਗੀ।

ਔਰਤਾਂ ਦੇ ਸਸ਼ਕਤੀਕਰਨ ’ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਔਰਤਾਂ ਦੀ ਭਲਾਈ, ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨ ਅਤੇ ਫੈਸਲਾ ਲੈਣ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣ ਲਈ ਉਨ੍ਹਾਂ ਦੀ ਵਿੱਤੀ ਸੁਤੰਤਰਤਾ ਨੂੰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ। ਇਸ ਯੋਜਨਾ ਨਾਲ 97 ਫ਼ੀਸਦ ਤੋਂ ਵੱਧ ਔਰਤਾਂ ਨੂੰ ਲਾਭ ਹੋਣ ਦੀ ਉਮੀਦ ਹੈ, ਜੋ ਇਸ ਨੂੰ ਦੇਸ਼ ਵਿੱਚ ਸਭ ਤੋਂ ਵਿਆਪਕ ਮਹਿਲਾ-ਕੇਂਦ੍ਰਿਤ ਸਮਾਜਿਕ ਸੁਰੱਖਿਆ ਪਹਿਲਕਦਮੀਆਂ ਵਿੱਚੋਂ ਇੱਕ ਬਣਾਉਂਦੀ ਹੈ। ਇਹ ਔਰਤਾਂ ਲਈ ਆਰਥਿਕ ਸਹਾਇਤਾ ਨੂੰ ਯਕੀਨੀ ਬਣਾਉਣ ਵੱਲ ਮਹੱਤਵਪੂਰਨ ਕਦਮ ਦਰਸਾਉਂਦਾ ਹੈ ਅਤੇ ਔਰਤਾਂ ਲਈ ਅਸਲ ਵਿੱਤੀ ਆਜ਼ਾਦੀ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।

ਰੋਜ਼ਗਾਰ ’ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਸੂਬੇ ਦੇ ਨੌਜਵਾਨਾਂ ਨੂੰ 65,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਸਾਰੀਆਂ ਨੌਕਰੀਆਂ ਬਿਨਾਂ ਕਿਸੇ ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਨੂੰ ਨਜ਼ਰਅੰਦਾਜ ਕਰਕੇ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ ’ਤੇ ਦਿੱਤੀਆਂ ਗਈਆਂ ਹਨ। ਇਹ ਕਦਮ ਨੌਜਵਾਨਾਂ ਨੂੰ ਪੰਜਾਬ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਭਾਈਵਾਲ ਬਣਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਨੰਗਲ ਇੱਕ ਪਵਿੱਤਰ ਧਰਤੀ ਹੈ ਅਤੇ ਮੈਂ ਇਸ ਦੇ ਲੋਕਾਂ ਦੀ ਸੇਵਾ ਕਰਨ ਲਈ ਭਾਗਸ਼ਾਲੀ ਮਹਿਸੂਸ ਕਰਦਾ ਹਾਂ। ਇਹ ਹੈਰਾਨੀ ਵਾਲੀ ਗੱਲ ਹੈ ਕਿ ਪਿਛਲੀਆਂ ਸਰਕਾਰਾਂ ਦੀਆਂ ਅਸਫਲਤਾਵਾਂ ਕਾਰਨ ਸਤਲੁਜ ਦਰਿਆ ਦੇ ਨਾਲ ਰਹਿਣ ਵਾਲੇ ਲੋਕਾਂ ਨੂੰ ਵੀ ਖੇਤੀਬਾੜੀ ਅਤੇ ਪੀਣ ਯੋਗ ਪਾਣੀ ਤੋਂ ਵਾਂਝਾ ਰੱਖਿਆ ਗਿਆ ਸੀ। ਪਹਿਲੀ ਵਾਰ ਸੂਬੇ ਵਿੱਚ ਜਲ ਸਰੋਤਾਂ ਨੂੰ ਸਹੀ ਢੰਗ ਨਾਲ ਵਰਤਿਆ ਗਿਆ ਹੈ। ਭਾਖੜਾ ਨਹਿਰ ਦੀ ਸਮਰੱਥਾ 9,500 ਕਿਊਸਿਕ ਹੈ, ਪਰ ਸਾਡੇ ਯਤਨਾਂ ਰਾਹੀਂ ਇਸ ਦੀ ਸਪਲਾਈ ਨੂੰ 11,000 ਕਿਊਸਿਕ ਤੱਕ ਵਧਾ ਦਿੱਤੀ ਗਈ ਹੈ। ਇੱਕ ਤਰ੍ਹਾਂ ਅਸੀਂ ਇੱਕ ਇੰਚ ਵੀ ਜ਼ਮੀਨ ਪ੍ਰਾਪਤ ਕੀਤੇ ਬਿਨਾਂ ਇੱਕ ਨਵੀਂ ਭਾਖੜਾ ਨਹਿਰ ਬਣਾਈ ਹੈ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਪਾਣੀ ਦੀ ਹਰ ਬੂੰਦ ਦਾ ਹਿਸਾਬ ਰੱਖਿਆ ਗਿਆ ਹੈ।

ਹੋਰ ਯਤਨਾਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ, ÷ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ ਲਈ ਨਹਿਰੀ ਪ੍ਰਣਾਲੀ ਨੂੰ ਮੁੜ ਸੁਰਜੀਤ ਕਰਨ ਲਈ 6,500 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਪਹਿਲੀ ਵਾਰ 1,444 ਪਿੰਡ ਨਹਿਰੀ ਪਾਣੀ ਪ੍ਰਾਪਤ ਕਰ ਰਹੇ ਹਨ। ਅਸੀਂ ਪੰਜਾਬ ਦੇ ਪਾਣੀ ਦੀ ਹਰ ਬੂੰਦ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਾਂ ਅਤੇ ਕੋਈ ਹੋਰ ਰਾਜ ਇਸਨੂੰ ਜ਼ਬਰਦਸਤੀ ਨਹੀਂ ਲੈ ਸਕਦਾ।

# ਮੋਹਾਲੀ ਪ੍ਰੈਸ ਕਲੱਬ ਦੀ ਗਵਰਨਿੰਗ ਬਾਡੀ ਭੰਗ, ਚੋਣ 5 ਅਪ੍ਰੈਲ ਨੂੰ

**ਮੁਹਾਲੀ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਪ੍ਰੈਸ ਕਲੱਬ ਦੀ ਅੱਜ ਸਾਲਾਨਾ ਜਨਰਲ ਬਾਡੀ ਮੀਟਿੰਗ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ 67 ਦੇ ਕਰੀਬ ਰੈਗੂਲਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੌਰਾਨ ਸਮੂਹ ਹਾਜ਼ਰ ਮੈਂਬਰਾਨ ਨੂੰ ਕਲੱਬ ਦੀਆਂ ਸਾਲਾਨਾ ਗਤੀਵਿਧੀਆਂ ਸਬੰਧੀ ਹਾਊਸ ਨੂੰ ਜਾਣੂੰ ਕਰਵਾਇਆ ਗਿਆ।

ਇਸ ਮੌਕੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਵਲੋਂ ਹਾਊਸ ਦੀ ਸਰਬਸੰਮਤੀ ਨਾਲ ਮੌਜੂਦਾ ਕਾਰਜਕਾਰਨੀ ਭੰਗ ਕਰਕੇ 5 ਅਪ੍ਰੈਲ 2026 ਨੂੰ ਕਲੱਬ ਦੀਆਂ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਸਬੰਧੀ ਕਲੱਬ ਦੇ ਕੈਸ਼ੀਅਰ ਰਾਜੀਵ ਤਨੇਜਾ ਵਲੋਂ ਕਲੱਬ ਦੀ 2025-26 ਵਿੱਤੀ ਸਾਲ ਦੇ ਲੇਖੇ-ਜੋਖੇ ਦੀ ਰਿਪੋਰਟ ਪੇਸ਼ ਕੀਤੀ ਗਈ। ਉਪਰੰਤ ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ ਵਲੋਂ ਕਲੱਬ ਦੀਆਂ ਸਾਲਾਨਾ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਉਤੇ ਵਿਚਾਰ ਕਰਦਿਆਂ ਜਨਰਲ ਬਾਡੀ ਨੇ ਦੋਹਾਂ ਰਿਪੋਰਟਾਂ ਨੂੰ ਬਿਨਾਂ ਕਿਸੇ ਸੋਧ ਤੋਂ ਬਿਨਾਂ ਵਿਰੋਧ ਦੇ ਪਾਸ ਕਰ ਦਿੱਤਾ। ਇਸ ਮੌਕੇ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ ਨੇ ਮੌਜੂਦਾ ਜਨਰਲ ਬਾਡੀ ਨੂੰ ਭੰਗ ਕਰਨ ਦਾ ਐਲਾਨ ਕੀਤਾ ਅਤੇ ਅਗਲੀ ਗਵਰਨਿੰਗ ਬਾਡੀ ਦੀ ਸਥਾਪਤੀ ਲਈ ਚੋਣ 5 ਅਪ੍ਰੈਲ 2026 ਨੂੰ ਕਰਵਾਉਣ ਦਾ ਮਤਾ ਪਾਸ ਕੀਤਾ ਗਿਆ।

ਇਸ ਮੌਕੇ ਸਰਬਸੰਮਤੀ ਨਾਲ ਹਰਿੰਦਰਪਾਲ ਸਿੰਘ ਹੈਰੀ ਨੂੰ ਮੁੱਖ ਚੋਣ ਕਮਿਸ਼ਨਰ ਅਤੇ ਕੁਲਵਿੰਦਰ ਸਿੰਘ ਬਾਵਾ ਤੇ ਗੁਰਮੀਤ ਸਿੰਘ ਰੰਧਾਵਾ ਨੂੰ ਨਿਰਪੱਖ ਚੋਣਾਂ ਕਰਵਾਉਣ ਲਈ ਚੋਣ ਕਮਿਸ਼ਨਰ ਦੀ ਜ਼ਿੰਮੇਵਾਰੀ ਸੌਂਪੀ ਗਈ।

ਇਸ ਮੌਕੇ ਗਵਰਨਿੰਗ ਬਾਡੀ ਦੇ ਮੈਂਬਰਾਨ ਸੀ. ਮੀਤ ਪ੍ਰਧਾਨ ਸੁਸ਼ੀਲ ਗਰਚਾ, ਮੀਤ ਪ੍ਰਧਾਨ ਮਨਜੀਤ ਸਿੰਘ ਚਾਨਾ ਤੇ ਵਿਜੇ ਪਾਲ, ਜੁਆਇੰਟ ਸਕੱਤਰ ਡਾ. ਰਵਿੰਦਰ ਕੌਰ ਅਤੇ ਵਿਜੇ ਕੁਮਾਰ, ਜਥੇਬੰਦਕ ਸਕੱਤਰ ਨੀਲਮ ਠਾਕੁਰ ਤੋਂ ਇਲਾਵਾ ਮੈਂਬਰਾਨ ਵੈਟਰਨ ਪੱਤਰਕਾਰ ਪਾਲ ਸਿੰਘ ਕੰਸਾਲਾ ਤੇ ਅਮਰਜੀਤ ਸਿੰਘ ਤੋਂ ਇਲਾਵਾ ਕੁਲਵਿੰਦਰ ਸਿੰਘ ਬਾਵਾ, ਅਜਾਇਬ ਔਜਲਾ, ਬਲਜੀਤ ਸਿੰਘ ਮਰਵਾਹਾ, ਗੁਰਪ੍ਰੀਤ ਸਿੰਘ ਨਿਆਮੀਆਂ, ਸੁਖਵਿੰਦਰ ਸਿੰਘ ਮਨੌਲੀ, ਹਰਦੇਵ ਚੌਹਾਨ, ਰਾਜਿੰਦਰ ਸਿੰਘ ਤੱਗੜ, ਮੰਗਤ ਸਿੰਘ ਸੈਦਪੁਰ, ਅਰੁਣ ਸ਼ਰਮਾ, ਨੇਹਾ ਵਰਮਾ, ਰਣਜੀਤ ਧਾਲੀਵਾਲ, ਗੁਰਨਾਮ ਸਾਗਰ, ਧਰਮਿੰਦਰ ਸਿੰਗਲਾ, ਦਵਿੰਦਰ ਸਿੰਘ, ਹਰਮਿੰਦਰ ਸਿੰਘ ਨਾਗਪਾਲ, ਅਮਰਦੀਪ ਸੈਣੀ, ਮਲਕੀਤ ਸਿੰਘ ਸੈਣੀ, ਰਾਜੀਵ ਸਚਦੇਵਾ, ਕੁਲਵੰਤ ਕੋਟਲੀ, ਗੌਤਮ ਬਾਂਸਲ, ਪ੍ਰਿਤਪਾਲ ਸਿੰਘ ਸੋਢੀ, ਵਿਨੋਦ ਸ਼ਰਮਾ, ਅਨਿਲ ਕੁਮਾਰ ਗਰਗ, ਸੰਦੀਪ ਬਿੰਦਰਾ, ਰਾਕੇਸ਼ ਹਮਪਾਲ, ਰਿਤਿਸ਼ ਨਾਹਰ, ਰਮੇਸ਼ ਸੱਚਦੇਵਾ, ਡੀ.ਐਨ. ਸਿੰਘ, ਤਰਲੋਚਨ ਸਿੰਘ, ਜਤਿੰਦਰਪਾਲ ਸਿੰਘ, ਰਵਿੰਦਰ ਕੁਮਾਰ, ਅਮਰਪਾਲ ਸਿੰਘ ਨੂਰਪੁਰੀ, ਸਾਗਰ ਪਾਹਵਾ, ਸਮੇਤ ਹੋਰ ਕਲੱਬ ਮੈਂਬਰ ਹਾਜ਼ਰ ਸਨ।

# ਸੂਬੇ ’ਚ ਪ੍ਰੀ ਐਸ.ਆਈ.ਆਰ. ਗਤੀਵਿਧੀ ਤਹਿਤ ਕੁੱਲ ਵੋਟਰਾਂ ’ਚੋਂ 72.26 ਫੀਸਦੀ ਦੀ ਸਫ਼ਲਤਾਪੂਰਵਕ ਮੈਪਿੰਗ




**ਜਲੰਧਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੋਣ ਕਮਿਸ਼ਨਰ ਡਾ. ਐਸ.ਐਸ. ਸੰਧੂ ਵੱਲੋਂ ਅੱਜ ਇਥੇ ਪ੍ਰੀ ਐਸ.ਆਈ.ਆਰ. ਮੈਪਿੰਗ ਦੀ ਪ੍ਰਗਤੀ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਗਿਆ।

ਇਸ ਮੌਕੇ ਉਨ੍ਹਾਂ ਨਾਲ ਮੁੱਖ ਚੋਣ ਅਧਿਕਾਰੀ, ਪੰਜਾਬ ਅਨਿੰਦਿਤਾ ਮਿੱਤਰਾ ਵੀ ਮੌਜੂਦ ਸਨ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ, ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਸਮੇਤ ਦੋਵਾਂ ਜ਼ਿਲ੍ਹਿਆਂ ਦੇ ਈ.ਆਰ.ਓਜ਼ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਚੋਣ ਕਮਿਸ਼ਨਰ ਨੇ ਕਿਹਾ ਕਿ ਵੋਟਰ ਸੂਚੀਆਂ ਨੂੰ ਸ਼ੁੱਧ ਅਤੇ ਤਰੁੱਟੀ ਰਹਿਤ ਬਣਾਉਣ ਲਈ ਭਾਰਤ ਚੋਣ ਕਮਿਸ਼ਨ ਵੱਲੋਂ ਜੰਗੀ ਪੱਧਰ ’ਤੇ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਚੱਲ ਰਹੀ ਪ੍ਰੀ ਐਸ.ਆਈ.ਆਰ. ਮੈਪਿੰਗ ਦਾ ਜਾਇਜ਼ਾ ਲੈਂਦਿਆਂ ਇਸ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਰੋਜ਼ਾਨਾ ਦੇ ਆਧਾਰ ’ਤੇ ਪ੍ਰੀ ਐਸ.ਆਈ.ਆਰ. ਮੈਪਿੰਗ ਦੀ ਸਮੀਖਿਆ ਕੀਤੀ ਜਾਵੇ, ਤਾਂ ਜੋ ਕਿਸੇ ਵੀ ਕਿਸਮ ਦੀ ਦੇਰੀ ਜਾਂ ਕਮੀ ਨੂੰ ਤੁਰੰਤ ਦੂਰ ਕੀਤਾ ਜਾ ਸਕੇ। ਉਨ੍ਹਾਂ ਘੱਟ ਮੈਪਿੰਗ ਵਾਲੇ ਪੋਲਿੰਗ ਬੂਥਾਂ ’ਤੇ ਵਿਸ਼ੇਸ਼ ਤਵਜੋਂ ਦੇਣ ਦੀ ਹਦਾਇਤ ਵੀ ਕੀਤੀ।

ਉਨ੍ਹਾਂ ਵਿਧਾਨ ਸਭਾ ਹਲਕਾ ਵਾਰ ਪ੍ਰੀ ਐਸ.ਆਈ.ਆਰ. ਮੈਪਿੰਗ ਦੀ ਸਮੀਖਿਆ ਕਰਦਿਆਂ ਮੈਪਿੰਗ ਨਾਲ ਜੁੜੀਆਂ ਚੁਣੌਤੀਆਂ ਤੇ ਉਨ੍ਹਾਂ ਹੱਲਾਂ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਈ.ਆਰ.ਓਜ਼ ਨੂੰ ਹਦਾਇਤ ਕੀਤੀ ਕਿ ਇਸ ਮਹੱਤਵਪੂਰਨ ਕੰਮ ਨੂੰ ਤਰਜੀਹ ਦੇ ਆਧਾਰ ’ਤੇ ਮੁਕੰਮਲ ਕੀਤਾ ਜਾਵੇ। ਇਸ ਤੋਂ ਇਲਾਵਾ ਅਜਿਹੇ ਬੀ.ਐਲ.ਓਜ਼, ਜਿਨ੍ਹਾਂ ਦੀ ਕਾਰਗੁਜ਼ਾਰੀ ਘੱਟ ਹੈ, ਨਾਲ ਰਾਬਤਾ ਕਰਕੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਵੇ, ਤਾਂ ਜੋ ਮੈਪਿੰਗ ਵਿੱਚ ਤੇਜ਼ੀ ਲਿਆਉਂਦਿਆਂ ਨਿਰਧਾਰਤ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

ਚੋਣ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਨੂੰ ਆਪਣੇ ਹੌਸਲੇ, ਹਿੰਮਤ ਅਤੇ ਉੱਦਮੀ ਸੋਚ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪ੍ਰੀ ਐਸ.ਆਈ.ਆਰ. ਮੈਪਿੰਗ ਦੇ ਕੰਮ ਵਿੱਚ ਵੀ ਸੂਬਾ ਮੋਹਰੀ ਬਣ ਕੇ ਉੱਭਰੇਗਾ।

ਮੁੱਖ ਚੋਣ ਅਧਿਕਾਰੀ, ਪੰਜਾਬ ਅਨਿੰਦਿਤਾ ਮਿੱਤਰਾ ਨੇ ਜਾਣੂ ਕਰਵਾਇਆ ਕਿ ਸੂਬੇ ਵਿੱਚ ਪ੍ਰੀ ਐਸ.ਆਈ.ਆਰ. ਗਤੀਵਿਧੀ ਤਹਿਤ ਕੁੱਲ ਵੋਟਰਾਂ ਵਿੱਚੋਂ 72.26 ਫੀਸਦੀ ਦੀ ਸਫ਼ਲਤਾਪੂਰਵਕ ਮੈਪਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪ੍ਰੀ ਐਸ.ਆਈ.ਆਰ. ਮੈਪਿੰਗ ਦੀ ਨਿਯਮਿਤ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਜ਼ਿਲ੍ਹਾ ਚੋਣ ਅਫ਼ਸਰਾਂ ਨੂੰ ਵੀ ਪੋਲਿੰਗ ਬੂਥ ਵਾਈਜ਼ ਨਿਗਰਾਨੀ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਨਿੰਦਰ ਕੌਰ ਤੋਂ ਇਲਾਵਾ ਜਲੰਧਰ ਅਤੇ ਕਪੂਰਥਲ਼ਾ ਜ਼ਿਲ੍ਹਿਆਂ ਦੇ ਈ.ਆਰ.ਓਜ਼ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਅਹਿਮ ਉਦਯੋਗਿਕ ਸੁਧਾਰਾਂ ਦਾ ਐਲਾਨ; ਮੰਤਰੀ ਮੰਡਲ ਨੇ ਫ੍ਰੀਹੋਲਡ ਅਤੇ ਉਦਯੋਗਿਕ ਬੁਨਿਆਦੀ ਢਾਂਚੇ ਦੇ ਪ੍ਰਬੰਧਨ ਲਈ ਲੀਜ਼ਹੋਲਡ ਸਬੰਧੀ ਅਹਿਮ ਸੋਧਾਂ ਨੂੰ ਪ੍ਰਵਾਨਗੀ ਦਿੱਤੀ: ਸੰਜੀਵ ਅਰੋੜਾ

**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਸਥਾਨਕ ਸਰਕਾਰਾਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੀਜ਼ਹੋਲਡ ਉਦਯੋਗਿਕ ਪਲਾਟਾਂ ਅਤੇ ਸ਼ੈੱਡਾਂ ਨੂੰ ਫ੍ਰੀਹੋਲਡ ਵਿੱਚ ਬਦਲਣ ਲਈ ਨੀਤੀ ਵਿੱਚ ਅਹਿਮ ਸੁਧਾਰਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਫ੍ਰੀਹੋਲਡ ਪਲਾਟ ਧਾਰਕਾਂ ਲਈ ਅਲਾਟਮੈਂਟ ਤੋਂ ਬਾਅਦ ਦੀਆਂ ਸੇਵਾਵਾਂ ਨੂੰ ਵਿਆਪਕ ਤੌਰ ’ਤੇ ਤਰਕਸੰਗਤ ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਉਦਯੋਗਿਕ ਖੇਤਰ ਦੇ ਭਾਈਵਾਲਾਂ ਨਾਲ ਵਿਆਪਕ ਸਲਾਹ-ਮਸ਼ਵਰੇ ਅਤੇ ਸਮੂਹ ਮੰਤਰੀਆਂ ਦੀਆਂ ਸਿਫ਼ਾਰਸ਼ਾਂ ਤੋਂ ਬਾਅਦ ਕੀਤੇ ਗਏ ਇਹ ਸੁਧਾਰ ਕਾਰੋਬਾਰ ਕਰਨ ਦੀ ਆਸਾਨ ਨੂੰ ਹੋਰ ਮਜ਼ਬੂਤ ਕਰਨ ਅਤੇ ਇੱਕ ਪਾਰਦਰਸ਼ੀ, ਨਿਵੇਸ਼ਕ ਪੱਖੀ ਉਦਯੋਗਿਕ ਈਕੋਸਿਸਟਮ ਬਣਾਉਣ ਪ੍ਰਤੀ ਸਰਕਾਰ ਦੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਦੇ ਹਨ।

ਮੁੱਖ ਸੁਧਾਰ: ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਤਬਾਦਲਾ

ਮੁੱਖ ਫੈਸਲਿਆਂ ’ਤੇ ਚਾਨਣਾ ਪਾਉਂਦਿਆਂ ਸੰਜੀਵ ਅਰੋੜਾ ਨੇ ਕਿਹਾ: ਸਿਰਫ਼ 5 ਫੀਸਦ ਤਬਾਦਲਾ ਫੀਸ ਨਿਰਧਾਰਤ ਕੀਤੀ ਗਈ ਹੈ। 30 ਅਪ੍ਰੈਲ, 2026 ਤੱਕ ਕੀਤੇ ਗਏ ਤਬਾਦਲਿਆਂ ਲਈ ਸਟੈਂਪ ਡਿਊਟੀ ’ਤੇ 100 ਫੀਸਦ ਛੋਟ। ਜਿੱਥੇ ਅਣ-ਅਰਜਿਤ ਵਾਧਾ ਧਾਰਾ ਲਾਗੂ ਨਹੀਂ ਹੈ, ਉੱਥੇ ਖਰਚਿਆਂ ਦੀ ਛੋਟ ਰਾਹੀਂ ਮਹੱਤਵਪੂਰਨ ਰਾਹਤ। ਵਿਸ਼ੇਸ਼ ਮਾਮਲਿਆਂ ਵਿੱਚ, ਵਾਰ-ਵਾਰ ਲੱਗਣ ਵਾਲੀ ਫੀਸ ਲਈ ਇਕੋਂ ਫੀਸ ਲਾਗੂ ਕੀਤੀ ਗਈ ਹੈ। ਕਈ ਸੇਵਾਵਾਂ ਲਈ ਸਾਲਾਨਾ ਨਵੀਨੀਕਰਨ ਖਰਚੇ ਬੰਦ ਕਰ ਦਿੱਤੇ ਗਏ ਹਨ।

ਤੁਰੰਤ ਤਬਾਦਲੇ ਨੂੰ ਉਤਸ਼ਾਹਿਤ ਕਰਨ ਅਤੇ ਪੁਰਾਣੇ ਮੁੱਦਿਆਂ ਦੇ ਨਿਪਟਾਰੇ ਲਈ: ਲੰਬਿਤ ਤਬਾਦਲੇ ਅਤੇ ਪਰਿਵਰਤਨ ਸਬੰਧੀ ਮਾਮਲਿਆਂ ਦਾ ਸਮਾਂਬੱਧ ਨਿਪਟਾਰਾ। ਤੁਰੰਤ ਤਬਾਦਲੇ ਲਈ ਯਕਮੁਸ਼ਤ ਸਟੈਂਪ ਡਿਊਟੀ ਵਿੱਚ ਛੋਟ।

ਕਾਗਜੀ ਕਾਰਵਾਈ ਨੂੰ ਸਰਲ ਬਣਾਉਣਾ:

ਮੌਰਗੇਜ ਲੀਜ਼ ਡੀਡਜ਼ ਦੇ ਮਾਮਲੇ ਵਿੱਚ ਬੈਂਕ ਪੱਤਰ ਹੀ ਕਾਫ਼ੀ ਹੈ

ਅਣਅਰਜਿਤ ਵਾਧੇ ਦੀ ਧਾਰਾ ’ਤੇ ਸਪੱਸ਼ਟਤਾ ਚਰਕੋਂਣੇ ਉਦਯੋਗਿਕ ਮੁੱਦਿਆਂ ਦਾ ਨਿਪਟਾਰਾ ਕਰਦਿਆਂ ਮੰਤਰੀ ਨੇ ਸਪੱਸ਼ਟ ਕੀਤਾ:

ਜਿੱਥੇ ਟਾਇਟਲ ਦਸਤਾਵੇਜ਼ਾਂ ਵਿੱਚ ਧਾਰਾ ਮੌਜੂਦ ਨਹੀਂ ਹੈ, ਉੱਥੇ ਕੋਈ ਅਣ-ਅਰਜਿਤ ਵਾਧਾ ਨਹੀਂ ਲਿਆ ਜਾਵੇਗਾ:

ਪਰਿਵਾਰਕ ਤਬਾਦਲੇ, ਵਿਰਾਸਤ, ਜਾਂ ਮੌਤ ਦੇ ਮਾਮਲਿਆਂ ਵਿੱਚ ਜਿੱਥੇ ਪਲਾਟ ਪਹਿਲਾਂ ਹੀ ਨੋਟੀਫਿਕੇਸ਼ਨ ਤੋਂ ਪਹਿਲਾਂ ਫ੍ਰੀਹੋਲਡ ਵਿੱਚ ਬਦਲ ਗਏ ਹਨ।



ਉਨ੍ਹਾਂ ਅੱਗੇ ਕਿਹਾ, ਇਸ ਨਾਲ ਵਧੇਰੇ ਸਪੱਸ਼ਟਤਾ ਯਕੀਨੀ ਬਣਾਈ ਗਈ ਹੈ ਅਤੇ ਉਦਯੋਗਪਤੀਆਂ ਨੂੰ ਗੈਰ-ਵਾਜਬ ਵਿੱਤੀ ਦੇਣਦਾਰੀ ਤੋਂ ਬਚਾਇਆ ਗਿਆ ਹੈ।

ਕਾਰੋਬਾਰ ਕਰਨ ਵਿੱਚ ਅਸਾਨੀ ਸਬੰਧੀ ਮੁੱਖ ਸੁਧਾਰ (ਪੀਐਸਆਈਈਸੀ) ਇੱਕ ਕ੍ਰਾਂਤੀਕਾਰੀ ਕਦਮ ਵਜੋਂ:

ਸੇਵਾਵਾਂ ਨੂੰ ਲਾਜ਼ਮੀ ਅਤੇ ਵਿਕਲਪਿਕ ਸ਼੍ਰੇਣੀਆਂ ਵਿੱਚ ਮੁੜ ਵਰਗੀਕ੍ਰਿਤ ਕੀਤਾ ਗਿਆ

18 ਸੇਵਾਵਾਂ ਨੂੰ ਲਾਜ਼ਮੀ ਤੋਂ ਵਿਕਲਪਿਕ ਵਿੱਚ ਤਬਦੀਲ ਕੀਤਾ ਗਿਆ

ਨੋਟਰਾਈਜ਼ਡ ਹਲਫਨਾਮਿਆਂ ਨੂੰ ਸਵੈ-ਘੋਸ਼ਣਾ ਨਾਲ ਬਦਲਿਆ ਗਿਆ

ਪ੍ਰਵਾਨਗੀਆਂ ਵਿੱਚ ਤੇਜ਼ੀ ਲਿਆਉਣ ਲਈ ਅਸਟੇਟ ਅਫਸਰਾਂ ਨੂੰ ਅਧਿਕਾਰ ਸੌਂਪੇ ਗਏ

ਸ੍ਰੀ ਅਰੋੜਾ ਨੇ ਕਿਹਾ, ਇਸ ਨਾਲ ਪਾਲਣਾ ਸਬੰਧੀ ਬੋਝ ਨੂੰ ਮਹੱਤਵਪੂਰਨ ਤੌਰ ’ਤੇ ਘੱਟ ਕੀਤਾ ਗਿਆ ਹੈ ਅਤੇ ਫ੍ਰੀਹੋਲਡ ਤਬਾਦਲੇ ਨੂੰ ਉਦਯੋਗਾਂ ਲਈ ਬੇਹੱਦ ਫਾਇਦੇਮੰਦ ਬਣਾਉਂਦਾ ਹੈ।

ਪੰਜਾਬ ਕਾਮਨ ਇੰਫਰਾਸਟਰੱਕਚਰ (ਰੈਗੂਲੇਸ਼ਨ ਅਤੇ ਮੈਂਟੇਨੈਂਸ) ਅਮੈਂਡਮੈਂਟ ਬਿੱਲ, 2026

ਮੰਤਰੀ ਮੰਡਲ ਨੇ ਉਦਯੋਗਿਕ ਬੁਨਿਆਦੀ ਢਾਂਚੇ ਨੂੰ ਆਧੁਨਿਕ ਬਣਾਉਣ ਲਈ ਇੱਕ ਅਹਿਮ ਸੋਧ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।

ਮੁੱਖ ਨੁਕਤੇ:

1. ਏਕੀਕ੍ਰਿਤ ਅਤੇ ਪਾਰਦਰਸ਼ੀ ਬੁਨਿਆਦੀ ਢਾਂਚਾ ਪ੍ਰਬੰਧਨ

ਸਾਰੇ ਉਦਯੋਗਿਕ ਖੇਤਰਾਂ ਦੇ ਸੰਚਾਲਨ ਅਤੇ ਰੱਖ-ਰਖਾਅ ਲਈ ਇਕੋ ਵਿਧੀ

ਕਵਰ:

ਉਦਯੋਗਿਕ ਫੋਕਲ ਪੁਆਇੰਟ

ਉਦਯੋਗਿਕ ਸੰਪਤੀ

ਉਦਯੋਗਿਕ ਕਲੱਸਟਰ (ਨੋਟੀਫਾਈ ਪਾਰਕਾਂ ਤੋਂ ਬਾਹਰਲੇ ਸਥਾਨਾਂ ਸਮੇਤ)

2. ਉਦਯੋਗਾਂ ਨੂੰ ਵੱਡੀ ਵਿੱਤੀ ਰਾਹਤ

ਨਗਰ ਨਿਗਮ ਖੇਤਰਾਂ ਵਿੱਚ ਸਰਵਿਸ ਚਾਰਜਿਜ ਨੂੰ ਜਾਇਦਾਦ ਟੈਕਸ ਵਿੱਚ ਸ਼ਾਮਲ

ਦੋਹਰੇ ਟੈਕਸ ਨੂੰ ਖਤਮ ਕੀਤਾ

ਨਿਯਮਾਂ ਨੂੰ ਸਰਲ ਬਣਾਇਆ ਅਤੇ ਵਿੱਤੀ ਬੋਝ ਨੂੰ ਘਟਾਇਆ

3. ਨਵੀਨਤਾਕਾਰੀ ਸੰਗ੍ਰਹਿ ਵਿਧੀ

ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ ਵੱਲੋਂ ਸਰਵਿਸ ਚਾਰਜਿਜ ਬਿਜਲੀ ਦੇ ਬਿੱਲਾਂ ਰਾਹੀਂ ਇੱਕਤਰ ਕੀਤੇ ਜਾਣਗੇ।

ਲਾਭ: ਨਿਯਮਾਂ ਵਿੱਚ ਸੋਧ ਸਹਿਜ ਅਤੇ ਪਾਰਦਰਸ਼ੀ ਸੰਗ੍ਰਹਿ ਪ੍ਰਣਾਲੀ

4. ਐਸਪੀਵੀਜ਼ ਰਾਹੀਂ ਉਦਯੋਗ-ਪੱਖੀ ਸ਼ਾਸਨ

ਵਿਸ਼ੇਸ਼ ਉਦੇਸ਼ ਵਾਹਨ (ਐਸਪੀਵੀਜ਼) ਹੋਣਗੇ:

ਸੋਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 ਅਧੀਨ ਰਜਿਸਟਰਡ

ਉਦਯੋਗਿਕ ਹਿੱਸੇਦਾਰਾਂ ਦੀ ਅਗਵਾਈ ਹੇਠ

ਸ਼ਾਸਨ ਢਾਂਚਾ:

ਉਦਯੋਗਿਕ ਅਲਾਟੀਆਂ ‘ਚੋਂ 7 ਮੈਂਬਰੀ ਕਾਰਜਕਾਰੀ ਕਮੇਟੀ ਚੁਣੀ ਗਈ

ਤਾਲਮੇਲ ਅਤੇ ਨਿਗਰਾਨੀ ਲਈ ਸਰਕਾਰੀ ਅਧਿਕਾਰੀ

ਸਪਸ਼ਟ ਜਵਾਬਦੇਹੀ ਅਤੇ ਪੇਸ਼ੇਵਰ ਪ੍ਰਬੰਧਨ

5. ਮਜ਼ਬੂਤ ਵਿੱਤੀ ਢਾਂਚਾ

90 ਫ਼ੀਸਦ ਫੰਡ ਰੱਖ-ਰਖਾਅ ਲਈ ਐਸਪੀਵੀਜ਼

10 ਫ਼ੀਸਦ ਫੰਡ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਸਮਰੱਥ ਅਥਾਰਟੀ

ਭਵਿੱਖੀ ਵਿਕਾਸ ਲਈ ਲਾਜ਼ਮੀ ਕਾਰਪਸ ਫੰਡ

ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਪ੍ਰਸ਼ਾਸਕੀ ਖਰਚਿਆਂ ’ਤੇ ਸੀਮਾ

6. ਜਵਾਬਦੇਹੀ ਅਤੇ ਨਿਗਰਾਨੀ

ਸਰਕਾਰ ਨੂੰ ਇਹ ਅਧਿਕਾਰ ਹੈ:

ਐਸਪੀਵੀਜ਼ ਦਾ ਆਡਿਟ ਅਤੇ ਨਿਗਰਾਨੀ

ਜੇਕਰ ਲੋੜ ਹੋਵੇ ਤਾਂ ਕਾਰਗੁਜ਼ਾਰੀ ਨਾ ਕਰਨ ਵਾਲੇ ਐਸਪੀਵੀਜ਼ ਨੂੰ ਰੱਦ ਕਰਨਾ

ਉਦਯੋਗ ਨੂੰ ਸਸ਼ਕਤ ਬਣਾਉਣਾ ਅਤੇ ਪੰਜਾਬ ਦੇ ਵਿਕਾਸ ਨੂੰ ਮਜ਼ਬੂਤ ਕਰਨਾ।

ਸੰਜੀਵ ਅਰੋੜਾ ਨੇ ਅੱਗੇ ਕਿਹਾ ਕਿ ਇਹ ਮਹੱਤਵਪੂਰਨ ਸੁਧਾਰ ਸਾਡੀ ਸਰਕਾਰ ਦੇ ਸਪੱਸ਼ਟ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ ਜੋ ਉਦਯੋਗਾਂ ਨੂੰ ਸਸ਼ਕਤ ਬਣਾਉਣਾ, ਨਿਯਮਾਂ ਦੇ ਬੋਝ ਨੂੰ ਘਟਾਉਣਾ ਅਤੇ ਇੱਕ ਆਧੁਨਿਕ, ਪਾਰਦਰਸ਼ੀ ਅਤੇ ਸਵੈ-ਨਿਰਭਰ ਉਦਯੋਗਿਕ ਮਾਹੌਲ ਸਿਰਜਣਾ। ਪੰਜਾਬ ਦੇਸ਼ ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਅਤੇ ਨਿਵੇਸ਼ਕ-ਪੱਖੀ ਵਾਤਾਵਰਣ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਮੁੱਖ ਨੁਕਤੇ: ਉਦਯੋਗਪਤੀਆਂ ਲਈ ਵੱਡੀ ਵਿੱਤੀ ਰਾਹਤ ਲੀਜ਼ਹੋਲਡ ਤੋਂ ਫ੍ਰੀਹੋਲਡ ਵਿੱਚ ਸਰਲ ਤਬਦੀਲੀ ਘੱਟ ਨਿਯਮ ਅਤੇ ਜਲਦ ਪ੍ਰਵਾਨਗੀਆਂ ਉਦਯੋਗ-ਪੱਖੀ ਬੁਨਿਆਦੀ ਢਾਂਚਾ ਪ੍ਰਬੰਧਨ ਕਾਰੋਬਾਰ ਕਰਨ ਦੀ ਸੌਖ ਵੱਲ ਵਿਸ਼ੇਸ਼ ਧਿਆਨ ਪੰਜਾਬ ਦਾ ਮਤਲਬ ਹੈ ਕਾਰੋਬਾਰ।

# ਪੰਜਾਬ ਸਰਕਾਰ ਨੇ ਸੂਬੇ ਦੇ ਚਹੁੰਮੁਖੀ ਵਿਕਾਸ ਤੇ ਲੋਕਾਂ ਦੀ ਭਲਾਈ ਲਈ ਇਤਿਹਾਸਕ ਕਦਮ ਚੁੱਕੇ : ਮੋਹਿੰਦਰ ਭਗਤ



**ਜਲੰਧਰ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ‘ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ’ ਮੁਹਿੰਮ ਤਹਿਤ ਅੱਜ ਵਾਰਡ ਨੰਬਰ 46, ਭਾਰਗੋ ਕੈਂਪ ਵਿਖੇ ਲੋਕਾਂ ਨਾਲ ਸਿੱਧੇ ਸੰਵਾਦ ਦੌਰਾਨ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਾ ਸਿਰਫ਼ ਸੂਬੇ ਦੇ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ ਸਗੋਂ ਵਾਅਦਿਆਂ ਤੋਂ ਇਲਾਵਾ ਵੀ ਕਈ ਇਤਿਹਾਸਕ ਕਦਮ ਚੁੱਕੇ ਹਨ, ਜਿਨ੍ਹਾਂ ਵਿੱਚੋਂ ਇਕ ਸੜਕ ਸੁਰੱਖਿਆ ਫੋਰਸ ਦਾ ਗਠਨ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸੜਕ ਹਾਦਸਿਆਂ ਦੌਰਾਨ ਲੋਕਾਂ ਦੀ ਮਦਦ ਲਈ ਸੜਕ ਸੁਰੱਖਿਆ ਫੋਰਸ ਬਣਾਈ ਗਈ ਹੈ, ਜਿਸ ਸਦਕਾ ਸੜਕ ਹਾਦਸਿਆਂ ਵਿੱਚ ਅਜਾਈਂ ਜਾਣ ਵਾਲੀਆਂ ਕੀਮਤੀ ਜਾਨਾਂ ਬਚਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਵੱਲੋਂ ਪੰਜਾਬ ਸਰਕਾਰ ਦੇ ਲੋਕ ਹਿਤੂ ਕਦਮ ਦੀ ਭਰਵੀਂ ਸ਼ਲਾਘਾ ਕੀਤੀ ਜਾ ਰਹੀ ਹੈ। ਸ਼੍ਰੀ ਭਗਤ ਨੇ ਇਸ ਮੌਕੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਚਾਰ ਸਾਲਾਂ ਦੌਰਾਨ ਸੂਬੇ ਦੇ ਚਹੁੰਮੁਖੀ ਵਿਕਾਸ ਅਤੇ ਲੋਕਾਂ ਦੀ ਭਲਾਈ ਲਈ ਕੀਤੀਆਂ ਅਨੇਕਾਂ ਪਹਿਲਕਦਮੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਆਮ ਆਦਮੀ ਕਲੀਨਿਕਾਂ ਰਾਹੀਂ ਮਿਆਰੀ ਸਿਹਤ ਸੇਵਾਵਾਂ, ਹਰ ਪਰਿਵਾਰ ਲਈ 10 ਲੱਖ ਰੁਪਏ ਤੱਕ ਦੇ ਕੈਸ਼ਲੈੱਸ ਇਲਾਜ ਦੀ ਸਹੂਲਤ, 90 ਫੀਸਦੀ ਪਰਿਵਾਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ, ਲੱਖਾਂ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣਾ ਸਮੇਤ ਅਨੇਕਾਂ ਲੋਕ ਭਲਾਈ ਕਦਮ ਚੁੱਕੇ ਗਏ ਹਨ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ 65,000 ਸਰਕਾਰੀ ਨੌਕਰੀਆਂ ਬਿਨਾਂ ਕਿਸੇ ਪੱਖਪਾਤ ਦੇ ਕੇਵਲ ਮੈਰਿਟ ਦੇ ਆਧਾਰ ’ਤੇ ਦਿੱਤੀਆਂ ਹਨ। ਮਹਿਲਾਵਾਂ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕਰਨ ਲਈ ‘ਮਾਵਾਂ-ਧੀਆਂ ਸਤਿਕਾਰ ਯੋਜਨਾ’ ਲਾਗੂ ਕੀਤੀ ਗਈ ਹੈ, ਜਿਸ ਤਹਿਤ ਐਸ.ਸੀ. ਵਰਗ ਦੀਆਂ ਔਰਤਾਂ ਨੂੰ 1500 ਅਤੇ ਜਨਰਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ।

# ਚੰਡੀਗੜ੍ਹ ਪੀੜਿਤ ਸਹਾਇਤਾ ਯੋਜਨਾ 2018: ਅਪਰਾਧ ਦੇ ਪੀੜਿਤਾਂ ਲਈ ਇੱਕ ਜੀਵਨ ਰੇਖਾ

**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਪੀੜਿਤ ਸਹਾਇਤਾ ਯੋਜਨਾ, 2018 ਅਪਰਾਧ ਦੇ ਪੀੜਿਤਾਂ ਲਈ ਇੱਕ ਸੰਵੇਦਨਸ਼ੀਲ ਜੀਵਨ ਰੇਖਾ ਦੇ ਰੂਪ ਵਿੱਚ ਕਾਰਜ ਕਰ ਰਹੀ ਹੈ, ਜੋ ਨਾ ਕੇਵਲ ਆਰਥਿਕ ਸਹਾਇਤਾ ਪ੍ਰਦਾਨ ਕਰਦੀ ਹੈ, ਬਲਕਿ ਮਾਣ, ਸਹਾਰਾ ਅਤੇ ਪੁਨਰਵਾਸ ਦਾ ਮਾਰਗ ਵੀ ਉਪਲਬਧ ਕਰਵਾਉਂਦੀ ਹੈ। ਇਹ ਯੋਜਨਾ ਅਪਰਾਧਿਕ ਪ੍ਰਕਿਰਿਆ ਸੰਹਿਤਾ, 1973 ਦੀ ਧਾਰਾ 357 ਏ (ਹੁਣ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਦੇ ਪ੍ਰਾਸੰਗਿਕ ਪ੍ਰਾਵਧਾਨਾਂ ਦੇ ਅਨੁਰੂਪ) ਦੇ ਤਹਿਤ ਅਧਿਸੂਚਿਤ ਕੀਤੀ ਗਈ ਸੀ ਅਤੇ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਅਨੁਪਾਲਨ ਵਿੱਚ ਲਾਗੂ ਕੀਤੀ ਗਈ ਹੈ, ਤਾਕਿ ਗੰਭੀਰ ਅਪਰਾਧਾਂ ਦੇ ਪੀੜਿਤਾਂ ਨੂੰ ਤੁਰੰਤ ਅਤੇ ਸਾਰਥਕ ਸਹਾਇਤਾ ਸੁਨਿਸ਼ਚਿਤ ਕੀਤੀ ਜਾ ਸਕੇ।

ਇਹ ਪੀੜਿਤ-ਕੇਂਦ੍ਰਿਤ ਪਹਿਲ ਜਿਨਸੀ ਹਮਲੇ, ਬਲਾਤਕਾਰ, ਤੇਜ਼ਾਬੀ ਹਮਲੇ, ਪੋਕਸੋ ਐਕਟ ਦੇ ਤਹਿਤ ਅਪਰਾਧ, ਭੀੜ ਹਿੰਸਾ/ਲਿੰਚਿੰਗ, ਗੰਭੀਰ ਸੱਟਾਂ, ਸਾੜਨ ਦੀਆਂ ਘਟਨਾਵਾਂ, ਮੌਤ ਅਤੇ ਹੋਰ ਘਿਨਾਉਣੇ ਅਪਰਾਧਾਂ ਦੇ ਮਾਮਲਿਆਂ ਵਿੱਚ ਪੀੜਿਤਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਦੀ ਹੈ।

ਇਸ ਯੋਜਨਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਿੱਚ ਇੱਕ ਸਮਰਪਿਤ ਪੀੜਿਤ ਮੁਆਵਜ਼ਾ ਫੰਡ ਦੀ ਸਥਾਪਨਾ ਸ਼ਾਮਲ ਹੈ, ਜਿਸ ਨੂੰ ਭਾਰਤ ਸਰਕਾਰ ਦੀਆਂ ਗ੍ਰਾਂਟਾਂ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐੱਸਆਰ/CSR) ਯੋਗਦਾਨ, ਜਨਤਕ ਦਾਨ ਅਤੇ ਅਦਾਲਤਾਂ ਦੁਆਰਾ ਲਗਾਏ ਗਏ ਜੁਰਮਾਨਿਆਂ ਨਾਲ ਵਿੱਤਪੋਸ਼ਿਤ ਕੀਤਾ ਜਾਂਦਾ ਹੈ। ਇਸ ਯੋਜਨਾ ਦੇ ਤਹਿਤ ਤਤਕਾਲ ਮੈਡੀਕਲ, ਐਮਰਜੈਂਸੀ ਅਤੇ ਪੁਨਰਵਾਸ ਜ਼ਰੂਰਤਾਂ ਦੀ ਪੂਰਤੀ ਲਈ ਅੰਤਰਿਮ ਰਾਹਤ ਦਾ ਵੀ ਪ੍ਰਾਵਧਾਨ ਹੈ।

ਇਸ ਯੋਜਨਾ ਦੇ ਤਹਿਤ ਮੁਆਵਜ਼ਾ ਰਾਸ਼ੀ ?1 ਲੱਖ ਤੋਂ ?10 ਲੱਖ ਤੱਕ ਨਿਰਧਾਰਿਤ ਹੈ, ਜੋ ਕਿ ਸੱਟ ਜਾਂ ਹਾਨੀ ਦੀ ਪਕਿਰਤੀ ਅਤੇ ਗੰਭੀਰਤਾ ’ਤੇ ਨਿਰਭਰ ਕਰਦੀ ਹੈ। ਤੇਜ਼ਾਬੀ ਹਮਲੇ ਦੇ ਪੀੜਿਤਾਂ ਲਈ ਵਿਸ਼ੇਸ਼ ਫਾਸਟ-ਟ੍ਰੈਕ ਪ੍ਰਾਵਧਾਨ ਕੀਤੇ ਗਏ ਹਨ, ਜਿਨ੍ਹਾਂ ਵਿੱਚ 15 ਦਿਨਾਂ ਦੇ ਅੰਦਰ ?1 ਲੱਖ ਦੀ ਅੰਤਰਿਮ ਸਹਾਇਤਾ ਅਤੇ ?10 ਲੱਖ ਤੱਕ ਦਾ ਅਤਿਰਿਕਤ ਮੁਆਵਜ਼ਾ ਸ਼ਾਮਲ ਹੈ।

ਇਸ ਯੋਜਨਾ ਦੇ ਤਹਿਤ ਮੁਆਵਜ਼ਾ ਸਿੱਧੇ ਲਾਭਾਰਥੀਆਂ ਦੇ ਬੈਂਕ ਖਾਤਿਆਂ ਵਿੱਚ ਟ੍ਰਾਂਸਫਰ ਕੀਤਾ ਜਾਂਦਾ ਹੈ। ਨਾਬਾਲਗ਼ਾਂ, ਅਨਾਥਾਂ ਅਤੇ ਹੋਰ ਕਮਜ਼ੋਰ ਵਰਗਾਂ ਲਈ ਦੀਰਘਕਾਲੀ ਸੁਰੱਖਿਆ ਸੁਨਿਸ਼ਚਿਤ ਕਰਨ ਹਿਤ ਫਿਕਸਡ ਡਿਪਾਜ਼ਿਟ (ਐੱਫਡੀ/64) ਜਿਹੇ ਪ੍ਰਾਵਧਾਨ ਵੀ ਕੀਤੇ ਗਏ ਹਨ। ਇਸ ਤੋਂ ਇਲਾਵਾ, ਜੇਕਰ ਕੋਈ ਪੀੜਿਤ ਦਿੱਤੇ ਗਏ ਮੁਆਵਜ਼ੇ ਤੋਂ ਅਸੰਤੁਸ਼ਟ ਹੋਵੇ, ਤਾਂ ਉਸ ਨੂੰ ਅਪੀਲ ਕਰਨ ਦਾ ਅਧਿਕਾਰ ਕਰਨ ਦਾ ਅਧਿਕਾਰ ਵੀ ਪ੍ਰਦਾਨ ਕੀਤਾ ਗਿਆ ਹੈ।

ਮੁਆਵਜ਼ਾ ਸੰਰਚਨਾ (ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ):

ਮੌਤ, ਬਲਾਤਕਾਰ ਅਤੇ ਗ਼ੈਰ-ਕੁਦਰਤੀ ਜਿਨਸੀ ਹਮਲੇ: ?5 ਲੱਖ ਤੋਂ ?10 ਲੱਖ ਤੱਕ

ਸੱਟ ਦੇ ਮਾਮਲੇ (ਗੰਭੀਰ/ਸਾਧਾਰਣ): ਅਧਿਕਤਮ ?5 ਲੱਖ

ਜਲਣ ਦੇ ਮਾਮਲੇ: ?2 ਲੱਖ ਤੋਂ ?8 ਲੱਖ ਤੱਕ

ਤੇਜ਼ਾਬ ਹਮਲੇ ਦੇ ਮਾਮਲੇ: ?3 ਲੱਖ ਤੋਂ ?10 ਲੱਖ ਤੱਕ (ਨਿਰੰਤਰ ਮੈਡੀਕਲ ਅਤੇ ਪੁਨਰਵਾਸ ਸਹਾਇਤਾ ਸਹਿਤ)

ਮਨੁੱਖੀ ਤਸਕਰੀ ਦੇ ਪੀੜਿਤਾਂ ਦੇ ਪੁਨਰਵਾਸ ਹਿਤ: ਅਧਿਕਤਮ ?10 ਲੱਖ

ਇਹ ਪ੍ਰਾਵਧਾਨ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਨਾਲਸਾ/ਐੱਨਏਐੱਲਐੱਸਏ/NALSA) ਦੀ 2018 ਦੀ ਮੁਆਵਜ਼ਾ ਯੋਜਨਾ ਦੇ ਅਨੁਰੂਪ ਹਨ, ਜੋ ਇੱਕ ਪ੍ਰਗਤੀਸ਼ੀਲ ਅਤੇ ਪੀੜਿਤ-ਅਨੁਕੂਲ ਦ੍ਰਿਸ਼ਟੀਕੋਣ ਸੁਨਿਸ਼ਚਿਤ ਕਰਦੇ ਹਨ।

ਇਸ ਤੋਂ ਇਲਾਵਾ, ਸਮਾਜ ਭਲਾਈ, ਮਹਿਲਾ ਅਤੇ ਬਾਲ ਵਿਕਾਸ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੁਆਰਾ 17.02.2026 ਨੂੰ ਜਾਰੀ ਨੋਟੀਫਿਕੇਸ਼ਨ (01.04.2026 ਤੋਂ ਪ੍ਰਭਾਵੀ) ਦੇ ਜ਼ਰੀਏ, ਚੰਡੀਗੜ੍ਹ ਪ੍ਰਸ਼ਾਸਨ ਪੈਨਸ਼ਨ ਟੂ ਡਿਸਏਬਲਡ ਪਰਸਨਜ਼ ਰਲਸ.1999 ਦੇ ਤਹਿਤ ਤੇਜ਼ਾਬੀ ਹਮਲੇ ਦੇ ਪੀੜਿਤਾਂ ਲਈ 10,000 ਪ੍ਰਤੀ ਮਹੀਨਾ ਦੀ ਵਿੱਤੀ ਸਹਾਇਤਾ ਦਾ ਪ੍ਰਾਵਧਾਨ ਵੀ ਕੀਤਾ ਗਿਆ ਹੈ।

ਇਸ ਯੋਜਨਾ ਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦੇ ਹੋਏ, ਸਟੇਟ ਲੀਗਲ ਸਰਵਿਸਿਜ਼ ਅਥਾਰਿਟੀ (ਐੱਸਐੱਲਐੱਸਏ/SLSA), ਯੂ.ਟੀ. ਚੰਡੀਗੜ੍ਹ ਨੇ ਪਿਛਲੇ ਪੰਜ ਵਰ੍ਹਿਆਂ ਵਿੱਚ ਵਿਭਿੰਨ ਸ਼੍ਰੇਣੀਆਂ ਦੇ ਪੀੜਿਤਾਂ ਨੂੰ ?5.56 ਕਰੋੜ ਦੀ ਮੁਆਵਜ਼ੇ ਦੀ ਰਾਸ਼ੀ ਵੰਡੀ ਹੈ। ਵਿੱਤੀ ਵਰ੍ਹੇ 2025-26 ਦੇ ਦੌਰਾਨ 16 ਪੀੜਿਤਾਂ ਨੂੰ ?77.50 ਲੱਖ ਦੀ ਰਾਸ਼ੀ ਪ੍ਰਦਾਨ ਕੀਤੀ ਗਈ, ਜੋ ਪੀੜਿਤਾਂ ਦੇ ਪੁਨਰਵਾਸ ਅਤੇ ਨਿਆਂ ਤੱਕ ਪਹੁੰਚ ਪ੍ਰਤੀ ਅਥਾਰਿਟੀ ਦੀ ਨਿਰੰਤਰ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।

ਇਹ ਪਹਿਲ ਮਾਣਯੋਗ ਸ਼੍ਰੀ ਜਸਟਿਸ ਵਿਕਰਮ ਨਾਥ, ਜੱਜ, ਸੁਪਰੀਮ ਕੋਰਟ ਆਵ ? ਇੰਡੀਆ ਅਤੇ ਕਾਰਜਕਾਰੀ ਚੇਅਰਮੈਨ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਨਾਲਸਾ/ਐੱਨਏਐੱਲਐੱਸਏ/NALS1), ਅਤੇ ਮਾਣਯੋਗ ਸ਼੍ਰੀ ਜਸਟਿਸ ਸ਼ੀਲ ਨਾਗ, ਮੁੱਖ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸਰਪ੍ਰਸਤ-ਪ੍ਰਮੁੱਖ, ਐੱਸਐੱਲਐੱਸਏ (SLSA), ਯੂਟੀ, ਚੰਡੀਗੜ੍ਹ ਦੇ ਮਾਰਗਦਰਸ਼ਨ ਵਿੱਚ ਸੰਚਾਲਿਤ ਕੀਤੀ ਜਾ ਰਹੀ ਹੈ।

ਮੈਂਬਰ ਸਕੱਤਰ, ਐੱਸਐੱਲਐੱਸਏ (SLSA), ਯੂਟੀ, ਚੰਡੀਗੜ੍ਹ ਨੇ ਨਾਗਰਿਕਾਂ, ਸੰਸਥਾਵਾਂ, ਗ਼ੈਰ ਸਰਕਾਰੀ ਸੰਗਠਨਾਂ (ਐੱਨਜੀਓ/NGO), ਸਮੁਦਾਇਕ ਨੇਤਾਵਾਂ ਅਤੇ ਮੀਡੀਆ ਨੂੰ ਇਸ ਮਹੱਤਵਪੂਰਨ ਯੋਜਨਾ ਬਾਰੇ ਸਰਗਰਮੀ ਨਾਲ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ ਹੈ। ਅਨੇਕ ਪਾਤਰ ਪੀੜਿਤ ਅਤੇ ਉਨ੍ਹਾਂ ਦੇ ਪਰਿਵਾਰ ਅਜੇ ਵੀ ਆਪਣੇ ਅਧਿਕਾਰਾਂ ਤੋਂ ਅਣਜਾਣ ਹਨ। ਪੀੜਿਤ ਜਾਂ ਉਨ੍ਹਾਂ ਦੇ ਆਸ਼ਰਿਤ ਅਰਜ਼ੀਆਂ ਦੇਣ ਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਜਾਂ ਐੱਸਐੱਲਐੱਸਏ (SLSA) ਨਾਲ ਸੰਪਰਕ ਕਰ ਸਕਦੇ ਹਨ।

ਸਮੇਂ ’ਤੇ ਦਖਲਅੰਦਾਜ਼ੀ ਨਾਲ ਤੁਰੰਤ ਰਾਹਤ, ਮੈਡੀਕਲ ਕੇਅਰ ਤੱਕ ਪਹੁੰਚ ਅਤੇ ਸਨਮਾਨ ਨਾਲ ਜ਼ਿੰਦਗੀ ਦੇ ਪੁਨਰਨਿਰਮਾਣ ਦਾ ਅਵਸਰ ਸਨਿਸ਼ਚਿਤ ਕੀਤਾ ਜਾ ਸਕਦਾ ਹੈ।

ਸੂਫ਼ੀ ਸਿਲਸਿਲਾ (੭)



# ਮਦਾਰੀ

ਸੂਫ਼ੀਆਂ ਦੇ ਖ਼ਾਨਦਾਨ, ਉਨ੍ਹਾਂ ਦੀ ਸੰਪਰਦਾਇ ਨੂੰ 'ਸਿਲਸਿਲਾ' ਕਿਹਾ ਜਾਂਦਾ ਹੈ। ਸੂਫ਼ੀ ਸਿਲਸਿਲਿਆਂ ਦਾ ਆਰੰਭ ਹਜ਼ਰਤ ਅਬੂ ਬਕਰ ਸਿੱਦੀਕੀ ਤੇ ਹਜ਼ਰਤ ਅਲੀ ਮੁਰਤਜ਼ਾ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਸੂਫ਼ੀਮਤ ਦੇ ਮੁੱਢਲੇ ਦੌਰ ਵਿਚ 14 ਸੂਫ਼ੀ ਸਿਲਸਿਲੇ ਪ੍ਰਚਲਿਤ ਹੋਏ। ਬਾਅਦ ਵਿਚ ਇਨ੍ਹਾਂ ਸਿਲਸਿਲਿਆਂ ਵਿਚੋਂ ਤੇ ਹੋਰ ਸੂਫ਼ੀ ਬਜ਼ੁਰਗਾਂ ਤੋਂ ਬਹੁਤ ਸਾਰੇ ਸਿਲਸਿਲਿਆਂ ਦਾ ਪ੍ਰਚਲਨ ਜਾਰੀ ਰਿਹਾ। ਸੂਫ਼ੀ ਸਿਲਸਿਲਿਆਂ ਦੀ ਗਿਣਤੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਭਾਰਤ 'ਚ ਪ੍ਰਚਲਿਤ ਸੂਫ਼ੀ ਸਿਲਸਿਲਿਆਂ ਬਾਰੇ ਸੰਖੇਪ ਜਾਣਕਾਰੀ ਉਪਲਬਧ ਹੈ। ਭਾਰਤ ਵਿਚ ਜਿਹੜੇ ਸੂਫ਼ੀ ਸਿਲਸਿਲੇ ਜ਼ਿਆਦਾ ਮਕਬੂਲ ਰਹੇ ਹਨ, ਉਨ੍ਹਾਂ ਵਿਚ ਚਿਸ਼ਤੀ ਸਿਲਸਿਲਾ, ਕਾਦਿਰੀ ਸਿਲਸਿਲਾ, ਸੁਹਰਵਰਦੀ ਸਿਲਸਿਲਾ, ਨਕਸ਼ਬੰਦੀ ਸਿਲਸਿਲਾ, ਮਦਾਰੀ ਸਿਲਸਿਲਾ ਆਦਿ ਪ੍ਰਮੁੱਖ ਮੰਨੇ ਜਾਂਦੇ ਹਨ।

ਮਦਾਰੀ ਸਿਲਸਿਲੇ ਦੇ ਬਾਨੀ ਹਜ਼ਰਤ ਬਦੀਉੱਦੀਨ ਸ਼ਾਹ ਮਦਾਰ ਸਨ। ਆਪ ਆਪਣੇ ਸਮੇਂ ਦੇ ਕੁਤਬ-ਉਲ-ਮਦਾਰ ਸਨ। ਆਪ ਦੇ ਪੀਰੋ-ਮੁਰਸ਼ਦ ਦਾ ਨਾਂ ਹਜ਼ਰਤ ਸ਼ੇਖ਼ ਮੁਹੰਮਦ ਤੈਫ਼ੂਰੀ ਸੀ। ਆਪ ਦਾ ਦੇਹਾਂਤ ਕਾਨਪੁਰ ਦੇ ਨਜ਼ਦੀਕ ਮਕਨਪੁਰ ਵਿਖੇ ਹੋਇਆ। ਇਥੇ ਹੀ ਆਪ ਦਾ ਮਜ਼ਾਰ-ਏ-ਮੁਬਾਰਕ ਹੈ। ਇਸ ਸੂਫ਼ੀ ਸਿਲਸਿਲੇ ਦੇ ਦਰਵੇਸ਼ਾਂ ਦਾ ਪ੍ਰਚਾਰ ਕੇਂਦਰ ਭਾਰਤੀ ਪੰਜਾਬ ਵੀ ਰਿਹਾ ਹੈ। ਇਸ ਸੂਫ਼ੀ ਸਿਲਸਿਲੇ ਦੇ ਦਰਵੇਸ਼ ਲੱਕੜ ਦੀਆਂ ਖੜਾਵਾਂ ਪਹਿਨਦੇ ਹਨ ਤੇ ਬਾਂਦਰਾਂ ਦਾ ਤਮਾਸ਼ਾ ਦਿਖਾ ਕੇ ਜੀਵਨ ਨਿਰਬਾਹ ਕਰਦੇ ਹਨ ਜਾਂ ਫਿਰ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਹਨ। ਹਜ਼ਰਤ ਬਦੀਉੱਦੀਨ ਸ਼ਾਹ ਮਦਾਰ, ਜਿਨ੍ਹਾਂ ਨੂੰ ਆਮ ਤੌਰ 'ਤੇ 'ਸ਼ਾਹ ਮਦਾਰ' ਵੀ ਕਿਹਾ ਜਾਂਦਾ ਹੈ, ਦਾ ਇਹਤਰਾਮ ਸਭ ਸੂਫ਼ੀ ਸਿਲਸਿਲਿਆਂ ਵਿਚ ਕੀਤਾ ਜਾਂਦਾ ਹੈ।

• ਪ੍ਰਿੰ. ਗੁਰਚਰਨ ਸਿੰਘ ਤਲਵਾੜਾ
94634-63193

# ਜ਼ਿੰਦਗੀ ਦੇ ਸੂਰਜ ਤੇ ਚੰਦਰਮਾ ਕਰਮਸ਼ੀਲਤਾ ਤੇ ਸਕਾਰਾਤਮਕਤਾ

ਤਲਵਿੰਦਰ ਸ਼ਾਸਤਰੀ ਨਾਰੀਕੇ

ਮਨੁੱਖੀ ਜ਼ਿੰਦਗੀ ਨੂੰ ਗਿਆਨ, ਵਿਗਿਆਨ ਨੇ ਸੁਖਾਲਾ ਤੇ ਖ਼ੁਸ਼ੀਆਂ ਭਰਿਆ ਬਣਾ ਦਿੱਤਾ ਹੈ। ਦੂਜੇ ਪਾਸੇ ਇਹ ਵੀ ਮੰਨਣਾ ਪਵੇਗਾ ਕਿ ਇਸ ਦੇ ਚੱਲਦਿਆਂ ਮਨੁੱਖ ਭਾਵਨਾਤਮਿਕ (ਆਸਥਾ, ਸ਼ਰਧਾ ਤੇ ਭਰੋਸੇ) ਨੂੰ ਤਰਕ ਤੇ ਵਿਗਿਆਨ ਦੀ ਕਸੌਟੀ 'ਤੇ ਕੱਸੇ ਜਾਣ ਨਾਲ ਅਧਿਆਤਮ ਤੋਂ ਦੂਰ ਹੋ ਰਿਹਾ ਹੈ। ਅਧਿਆਤਮ ਨਾਲੋਂ ਟੁੱਟੀ ਦੁਨੀਆ ਉਸ ਚੌਰਾਹੇ 'ਤੇ ਆ ਖੜ੍ਹੀ ਹੋਈ ਹੈ, ਜਿਸ ਦੇ ਅੱਗੇ ਨਿਰਾਸ਼ਾ, ਡਿਪਰੈਸ਼ਨ ਤੇ ਨਕਾਰਾਤਮਕਤਾ ਦਾ ਹਨ੍ਹੇਰਾ ਹੀ ਹਨ੍ਹੇਰਾ ਹੈ। ਆਧੁਨਿਕ ਮਨੁੱਖ 'ਕਰਮ' ਤੇ 'ਭਗਤੀ' ਨਾਲੋਂ ਟੁੱਟ ਕੇ 'ਨਿਰਾਸ਼ਾ' ਤੇ ਉਦਾਸੀਨਤਾ' ਦਾ ਸ਼ਿਕਾਰ ਹੋ ਰਿਹਾ ਹੈ। ਇਹ ਨਿਰਾਸ਼ਾ ਹੱਸਦੀ-ਵੱਸਦੀ ਦੁਨੀਆ ਲਈ ਤਬਾਹਕੁੰਨ ਚੁਣੌਤੀ ਬਣ ਰਹੀ ਹੈ।

ਸਕਾਰਾਤਮਕ ਸੋਚ ਤੇ ਕਰਮਸ਼ੀਲਤਾ ਤੋਂ ਬਿਨਾਂ ਦੁਨੀਆ 'ਚ ਮਨੁੱਖੀ ਜ਼ਿੰਦਗੀ ਦੇ ਸਰਬਪੱਖੀ ਵਿਕਾਸ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਮਾਜ ਸ਼ਾਸਤਰੀਆਂ ਤੇ ਬੁੱਧੀਜੀਵੀ ਆਖਦੇ ਹਨ ਕਿ 'ਦੁਨੀਆ ਜਿਸ ਤੇਜ਼ੀ ਨਾਲ ਤਰੱਕੀ ਦੀਆਂ ਮੰਜ਼ਿਲਾਂ ਸਰ ਕਰ ਰਹੀ ਹੈ, ਓਨੀ ਹੀ ਤੇਜ਼ੀ ਨਾਲ ਆਧੁਨਿਕਤਾ ਦੇ ਨਾਂ 'ਤੇ ਸਮਾਜਿਕ ਰਿਸ਼ਤਿਆਂ ਵਿਚੋਂ 'ਪ੍ਰੇਮ' ਤੇ 'ਸ਼ਿਸ਼ਟਾਚਾਰ' ਮਨਫ਼ੀ ਹੁੰਦੇ ਜਾ ਰਹੇ ਹਨ। ਮੋਹ ਦੇ ਸ਼ੀਸ਼ੇ ਤਿੜਕ ਰਹੇ ਹਨ। ਕਿਸੇ ਦਾਰਸ਼ਨਿਕ ਨੇ ਆਧੁਨਿਕ ਜ਼ਿੰਦਗੀ ਬਾਰੇ ਸਟੀਕ ਟਿੱਪਣੀ ਕਰਦਿਆਂ ਕਿਹਾ ਹੈ, 'ਮਨੁੱਖੀ ਜ਼ਿੰਦਗੀ ਉਸ ਸੁੱਕੇ ਗੰਨੇ ਵਰਗੀ ਹੋ ਗਈ ਹੈ, ਜਿਸ ਤੋਂ ਸਕਾਰਾਤਮਕਤਾ ਤੇ ਕਰਮਸ਼ੀਲਤਾ ਦੇ ਆਗ ਬੜੀ ਬੇਰਹਿਮੀ ਨਾਲ ਵੱਢ ਦਿੱਤੇ ਗਏ ਹਨ ਤੇ ਇਸ ਵਿਚੋਂ ਮਨੁੱਖਤਾ ਦੇ ਕਲਿਆਣ ਤੇ ਸੇਵਾ ਦਾ ਪ੍ਰੇਮ-ਰਸ ਵੀ ਮੁੱਕ ਚੁੱਕਾ ਹੈ।'

ਮਨੁੱਖੀ ਜ਼ਿੰਦਗੀ ਵਿਚੋਂ 'ਚਾਅ' ਤੇ 'ਹਾਸਾ' ਵਿਕਾਸ ਦੀ ਚੱਕੀ ਦੇ ਪੁੜਾਂ 'ਚ ਪਿਸ ਕੇ ਚੂਰ-ਚੂਰ ਹੋ ਗਏ ਹਨ।

ਪਵਿੱਤਰ ਧਰਮ ਗ੍ਰੰਥਾਂ ਦੀ ਸਿੱਖਿਆ ਤੋਂ ਉਲਟ ਅਜੋਕਾ ਮਨੁੱਖ ਕਰਮ ਦੀ ਥਾਂ ਫਲ਼ ਦੀ ਪ੍ਰਾਪਤੀ 'ਚ ਵਧੇਰੇ ਯਕੀਨ ਰੱਖਣ ਲੱਗਾ ਹੈ। ਉਹ ਚਾਹੁੰਦਾ ਹੈ ਕਿ ਬਿਨਾਂ ਸੰਘਰਸ਼, ਮਿਹਨਤ ਤੇ ਬਿਨਾਂ ਜੱਦੋਜ਼ਹਿਦ ਉਸ ਨੂੰ ਫਲ਼ ਦੀ ਪ੍ਰਾਪਤੀ ਹੋ ਜਾਵੇ, ਉਹ ਤੁਰੰਤ ਧਰਤ ਤੋਂ ਆਕਾਸ਼ 'ਤੇ ਪਹੁੰਚ ਜਾਵੇ। ਇਸੇ ਲਈ ਕਰਮ ਦੀ ਸਫਲਤਾ 'ਚ ਰੁਕਾਵਟਾਂ ਆ ਰਹੀਆਂ ਹਨ। ਕਰਮ ਤੋਂ ਸੱਖਣਾ ਮਨੁੱਖ ਪ੍ਰਾਪਤੀਆਂ ਤੋਂ ਦੂਰ ਹੋ ਕੇ ਉਦਾਸੀਨਤਾ ਦਾ ਸ਼ਿਕਾਰ ਹੋ ਰਿਹਾ ਹੈ ਤੇ ਕਈ ਵਾਰੀ ਤਾਂ ਉਹ ਈਸ਼ਵਰ ਦੀ ਅਣਮੁੱਲੀ ਦੇਣ ਇਸ ਜ਼ਿੰਦਗੀ ਨੂੰ ਆਤਮਘਾਤ ਦੀ ਡੂੰਘੀ ਖੱਡ ਵੱਲ ਧੱਕ ਦਿੰਦਾ ਹੈ।

ਇਕ ਬਿਰਤਾਂਤ ਅਨੁਸਾਰ, ਇਕ ਸ਼ਿਸ਼ ਨੇ ਆਪਣੇ ਗੁਰੂ ਨੂੰ ਸਵਾਲ ਕੀਤਾ, 'ਗੁਰੂਦੇਵ! ਸਕਾਰਾਤਮਕਤਾ ਤੇ ਕਰਮਸ਼ੀਲਤਾ ਦਾ ਮਨੁੱਖੀ ਜ਼ਿੰਦਗੀ 'ਚ ਕੀ ਮਹੱਤਵ ਹੈ?' ਗੁਰੂ ਜੀ ਨੇ ਫ਼ਰਮਾਇਆ, 'ਜਿਵੇਂ ਸ੍ਰਿਸ਼ਟੀ ਵਿਚ ਸੂਰਜ ਤੇ ਚੰਦਰਮਾ ਆਪਣੀ ਮਹਾਨਤਾ ਤੇ ਮਹੱਤਤਾ ਰੱਖਦੇ ਹਨ, ਤਿਵੇਂ ਸਕਾਰਾਤਮਕਤਾ ਤੇ ਕਰਮਸ਼ੀਲਤਾ ਦਾ ਮਨੁੱਖੀ ਜੀਵਨ 'ਚ ਮਹੱਤਵ ਹੈ।' ਇਨ੍ਹਾਂ ਦੋਵਾਂ ਜੀਵਨ-ਸੂਤਰਾਂ ਤੋਂ ਬਿਨਾਂ ਇਹ ਸੰਸਾਰ ਹਨ੍ਹੇਰੇ ਦੀ ਚਾਦਰ 'ਚ ਮੂੰਹ ਲਪੇਟਣ ਲਈ ਮਜਬੂਰ ਹੋ ਸਕਦਾ ਹੈ।' ਸੂਰਜ ਤੇ ਚੰਦਰਮਾ ਤੋਂ ਬਿਨਾਂ ਧਰਤੀ 'ਤੇ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਮਨੁੱਖੀ ਜ਼ਿੰਦਗੀ ਵਿਚ ਸਕਾਰਾਤਮਕਤਾ ਤੇ ਕਰਮਸ਼ੀਲਤਾ ਤੋਂ ਬਿਨਾਂ ਆਨੰਦ ਤੇ ਪ੍ਰਸੰਨਤਾ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ। ਸ੍ਰੀਮਦ ਭਗਵਦ ਗੀਤਾ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ, 'ਤੇਰਾ ਕਰਮ ਕਰਨ 'ਤੇ ਹੀ ਅਧਿਕਾਰ ਹੈ, ਉਸ ਦੇ ਫਲ਼ ਵਿਚ ਨਹੀਂ। ਇਸ ਲਈ ਕੇਵਲ ਕਰਮ-ਫਲ਼ 'ਚ ਤੇਰੀ ਵਾਸਨਾ ਨਾ ਹੋਵੇ ਅਤੇ ਤੇਰੇ ਕਰਮ ਨਾ ਕਰਨ ਵਿਚ ਵੀ ਆਸ਼ਕਤੀ/ਲਗਾਅ ਨਾ ਹੋਵੇ, ਭਾਵ ਕਰਮ ਨੂੰ ਕਰਮ ਸਮਝਕੇ ਤੇ ਲਗਾਅ ਤੋਂ ਰਹਿਤ ਹੋ ਕੇ ਕਰਮ ਕਰੋ। ਸੱਚਾ ਕਰਮਯੋਗੀ ਇਸ ਲਈ ਕਰਮ ਕਰਦਾ ਹੈ ਕਿਉਂਕਿ ਉਸ ਨੂੰ ਕਰਮ ਕਰਨਾ ਚੰਗਾ ਲਗਦਾ ਹੈ, ਇਸ ਤੋਂ ਹਟ ਕੇ ਉਸ ਦਾ ਕੋਈ ਹੋਰ ਮੰਤਵ ਨਹੀਂ ਹੈ। ਇਸ ਲਈ ਕਰਮਯੋਗੀ ਫਲ਼ ਦੀ ਪ੍ਰਾਪਤੀ ਨਾ ਹੋਣ 'ਤੇ ਵੀ ਨਾ ਨਿਰਾਸ਼ ਹੁੰਦਾ ਹੈ ਤੇ ਨਾ ਹੀ ਕਰਮ ਕਰਨ ਤੋਂ ਮੂੰਹ ਮੋੜਦਾ ਹੈ।'



ਇਹ ਵੀ ਇਕ ਵੱਡੀ ਤ੍ਰਾਸਦੀ ਹੈ ਕਿ ਆਧੁਨਿਕ ਯੁੱਗ ਨੇ ਮਨੁੱਖੀ ਜ਼ਿੰਦਗੀ ਅਤੇ ਧਰਮ ਵਿਚਾਲੇ ਦੂਰੀਆਂ ਪੈਦਾ ਕਰ ਦਿੱਤੀਆਂ ਹਨ। ਇਕ ਸਮਾਂ ਸੀ ਜਦੋਂ ਮਨੁੱਖ ਨੂੰ ਧਰਮ ਤੇ ਕਰਮ ਆਤਮਿਕ ਆਨੰਦ ਦਿੰਦੇ ਸਨ। ਧਰਮ ਤੇ ਕਰਮਸ਼ੀਲਤਾ ਦੇ ਰਾਹ 'ਤੇ ਤੁਰਦੇ ਮਨੁੱਖ ਕੋਲ ਨਕਾਰਾਤਮਕ ਸੋਚ ਦੇ ਚੱਕਰਵਿਊ 'ਚ ਫਸਣ ਦਾ ਸਮਾਂ ਹੀ ਨਹੀਂ ਸੀ ਹੁੰਦਾ।

ਅਜ਼ੋਕੇ ਮਨੁੱਖ ਦਾ ਸਕਾਰਾਤਮਕ ਤੇ ਕਰਮਸ਼ੀਲ ਹੋਣ ਤੋਂ ਪਿੱਛੇ ਹਟਣਾ ਹੀ ਉਸ ਦੀ ਤਬਾਹੀ ਦਾ ਕਾਰਨ ਬਣ ਰਿਹਾ ਹੈ। ਸੰਸਾਰ ਵਿਚ ਆਧੁਨਿਕ ਸਮੇਂ ਵਰਗਾ ਆਤਮਘਾਤੀ ਮਾਹੌਲ ਇਸ ਤੋਂ ਪਹਿਲਿਆਂ ਸਦੀਆਂ ਨੇ ਨਹੀਂ ਵੇਖਿਆ। ਸੱਚਾਈ ਇਹੀ ਹੈ ਕਿ ਇਸ ਦਾ ਕਸੂਰਵਾਰ ਖ਼ੁਦ ਮਨੁੱਖ ਹੈ। ਮਨੁੱਖੀ ਜੀਵਨ ਦੇ ਸੁਨਹਿਰੀ ਭਵਿੱਖ ਲਈ ਜ਼ਰੂਰੀ ਹੈ ਕਿ ਦੁਨੀਆ ਵਿਚ ਸਕਾਰਾਤਮਕ ਸੋਚ ਤੇ ਕਰਮਸ਼ੀਲਤਾ ਪ੍ਰਤੀ ਪ੍ਰੇਮ ਭਾਵਨਾ ਦਾ ਪ੍ਰਚਾਰ-ਪ੍ਰਸਾਰ ਕੀਤਾ ਜਾਵੇ ਤਾਂ ਕਿ ਮਨੁੱਖ ਦੀ ਜ਼ਿੰਦਗੀ ਰੌਸ਼ਨ ਰਹੇ। •

94643-48258

# ਗੁਰੂ ਨਾਨਕ ਸਾਹਿਬ ਦਾ ਅਰਬ ਦੇਸ਼ਾਂ ਦਾ ਸਫ਼ਰਨਾਮਾ

ਵਾਹਿਗੁਰੂ

ਅਰਬ ਵਿਚ ਵੱਖ-ਵੱਖ ਪੜਾਵਾਂ ਤੋਂ ਹੁੰਦੇ ਹੋਏ ਬਾਬਾ ਨਾਨਕ ਜੀ ਮਦੀਨਾ ਸ਼ਹਿਰ ਪੁੱਜੇ। ਹਜ਼ਰਤ ਮੁਹੰਮਦ ਸਾਹਿਬ ਨੇ ਇਸ ਸ਼ਹਿਰ ਵਿਚ ਰਹਿੰਦੇ ਹੋਏ ਆਪਣਾ ਆਖ਼ਰੀ ਸਾਹ ਲਿਆ ਸੀ। ਹਜ਼ਰਤ ਮੁਹੰਮਦ ਸਾਹਿਬ ਨਾਲ ਸਬੰਧਤ ਹੋਣ ਕਾਰਨ ਇਸਲਾਮ ਧਰਮ ਵਿਚ ਇਸ ਅਸਥਾਨ ਪ੍ਰਤੀ ਵੱਡੀ ਆਸਥਾ ਹੈ।

## ਮਦੀਨਾ ਸ਼ਹਿਰ ਦੀ ਜ਼ਿਆਰਤ

ਮਦੀਨਾ ਵਿਖੇ ਪਹੁੰਚਣ ਉਪਰਤ ਗੁਰੂ ਨਾਨਕ ਜੀ ਨੇ ਇਥੇ ਮੁਹੰਮਦ ਸਾਹਿਬ ਦੇ ਮਜ਼ਾਰ ਦੇ ਚਬੂਤਰੇ 'ਤੇ ਬਹਿ ਕੇ ਅਰਬੀ ਵਿਚ ਫ਼ਰਮਾਇਆ, 'ਨੌਂ ਕੁੰਡ ਸੱਤ ਦੀਪ ਚੌਦਾਂ ਤਬਕ ਤਿੰਨ ਗੁਣਾਂ ਵਾਲੇ ਹਨ। ਹਿੰਦੂ ਮਜ਼ਹਬ (ਚਾਰ ਵੇਦ) ਇਨ੍ਹਾਂ ਸਾਰਿਆਂ ਨੇ ਦੀਵ ਦੀ ਜ਼ਿੰਦਗੀ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਹੈ। ਖ਼ੁਦਾ ਵਾਹਿਦ (ਇਕ) ਹੈ, ਜੋ ਲਾ-ਸ਼ਰੀਕ, ਲਾਸਾਨੀ ਹੈ।'

ਜਦੋਂ ਲੋਕਾਂ ਨੇ ਕੀਰਤਨ ਦੀ ਆਵਾਜ਼ ਸੁਣੀ, ਉਹ ਵੀ ਮੁਹੰਮਦ ਸਾਹਿਬ ਦੇ ਮਜ਼ਾਰ 'ਤੇ ਪੁੱਜੇ ਤਾਂ ਉਨ੍ਹਾਂ ਦਾ ਖ਼ੂਨ ਗੁੱਸੇ ਨਾਲ ਖੌਲਣ ਲੱਗ ਪਿਆ। ਉਹ ਪੱਥਰ, ਲਾਠੀਆਂ, ਛੁਰੀਆਂ ਲੈ ਕੇ ਗੁਰੂ ਸਾਹਿਬ ਨੂੰ ਮਾਰਨ ਲਈ ਦੌੜੇ। ਜਿਵੇਂ ਹੀ ਮਾਰਨ ਲਈ ਹੱਥ ਉੱਪਰ ਕੀਤੇ ਤਾਂ ਉਨ੍ਹਾਂ ਦੇ ਹੱਥ ਉੱਥੇ ਹੀ ਖੜ੍ਹੇ ਰਹਿ ਗਏ। ਜਦੋਂ ਹਜ਼ਰਤ ਮੁਹੰਮਦ ਸਾਹਿਬ ਦੇ ਦਾਮਾਦ ਦੇ ਖ਼ਾਨਦਾਨ ਵਿਚੋਂ ਖ਼ਲੀਫ਼ਾ ਕਹਿਣ ਵਾਲਿਆਂ ਨੇ ਸੁਣਿਆ ਤਾਂ ਉਹ ਵੀ ਭਾਰੀ ਕਰਾਮਾਤ ਸੁਣ ਕੇ ਡਰੇ ਹੋਏ ਆਪਣੇ ਸਾਥੀ ਕਾਜ਼ੀਆਂ, ਮੁਲਾਣਿਆਂ ਦੇ ਨਾਲ ਆਏ ਅਤੇ ਕੰਨਾਂ ਵਿਚ ਉਂਗਲੀਆਂ ਲੈ ਲਈਆਂ ਤਾਂ ਕਿ ਕੀਰਤਨ ਦੀ ਆਵਾਜ਼ ਕੰਨਾਂ ਵਿਚ ਨਾ ਪੁੱਜੇ। ਹੁਣ ਉਨ੍ਹਾਂ ਦੀਆਂ ਉਂਗਲਾਂ ਹੀ ਕੰਨਾਂ ਵਿਚ ਚਿਪਕ ਗਈਆਂ ਸਨ। ਇਸਲਾਮ ਦੇ ਚਾਰਾਂ ਫ਼ਿਰਕਿਆਂ ਦੇ ਚਾਰ ਇਮਾਮ : ਜ਼ਾਫ਼ਰ ਸਾਹਿਬ, ਇਮਾਮ ਸ਼ਾਫ਼ੀ, ਕਮਾਲ ਦੀਨ ਅਤੇ ਜਮਾਲ ਦੀਨ ਵੀ ਇਹ ਤਾਕਤ ਵੇਖ ਕੇ ਹੈਰਾਨ ਰਹਿ ਗਏ। ਇਮਾਮ ਜ਼ਾਫ਼ਰ ਨੇ ਗੁਰੂ ਜੀ ਦੇ ਕੋਲ ਬਹਿ ਕੇ ਪਿਆਰ ਨਾਲ ਕੀਰਤਨ ਸੁਣਿਆ। ਕੀਰਤਨ ਸਮਾਪਤ ਹੋਣ ਤੋਂ ਬਾਅਦ ਉਸ ਨੇ ਬੜੇ ਸਲੀਕੇ ਅਤੇ ਖ਼ਲੂਸ ਨਾਲ ਬੇਨੰਤੀ ਕੀਤੀ ਕਿ ਇਨ੍ਹਾਂ ਲੋਕਾਂ ਨੇ ਭਾਰੀ ਗੁਸਤਾਖ਼ੀ ਕੀਤੀ ਹੈ। ਇਨ੍ਹਾਂ 'ਤੇ ਨਜ਼ਰੇ-ਇਨਾਇਤ ਕਰ ਕੇ ਬੰਦ-ਖਲਾਸੀ ਫ਼ਰਮਾਉ। ਰਹਿਮ ਦਿਲ ਗੁਰੂ ਜੀ ਨੇ ਮਾਫ਼ੀ ਬਖ਼ਸ਼ੀ ਤੇ ਸਾਰੇ ਆਮ ਹਾਲਤ ਵਿਚ ਹੋ ਗਏ। ਉਸ ਸਮੇਂ ਬਾਦਸ਼ਾਹ ਸਮੇਤ ਸਾਰਿਆਂ ਨੇ ਸਜਦਾ ਕੀਤਾ ਅਤੇ ਆਪ (ਬਾਬਾ ਨਾਨਕ ਜੀ) ਨੂੰ ਮਦੀਨੇ ਵਿਚ ਆਖ਼ਰੀ ਨਬਾ ਤਸਲੀਮ ਕੀਤਾ ਤਾਂ ਆਪ ਦੀ ਪੈਗ਼ੰਬਰਾਂ ਵਾਂਗ ਪੂਜਾ ਹੋਣ ਲੱਗੀ। ਇਥੇ ਆਪ ਨੇ 27 ਦਿਨ ਇਨਸਾਨੀ ਅਸੂਲਾਂ ਅਤੇ ਫ਼ਰਜ਼ਾਂ ਦਾ ਪ੍ਰਚਾਰ ਕੀਤਾ। ਇਥੋਂ ਰੁਖ਼ਸਤ ਹੋਣ ਸਮੇਂ ਸਾਰੇ ਇਮਾਮਾਂ, ਖ਼ਲੀਫ਼ਿਆਂ ਅਤੇ ਪੀਰਾਂ ਆਦਿ ਨੇ ਕੋਈ ਨਿਸ਼ਾਨੀ ਦੇਣ ਲਈ ਅਰਜ਼ ਕੀਤੀ ਤਾਂ ਬਾਬਾ ਜੀ ਨੇ ਉਨ੍ਹਾਂ ਨੂੰ ਆਪਣੇ ਪੈਰਾਂ ਦੀ ਇਕ ਖੜਾਂਵ ਦਿੱਤੀ, ਜਿਸ ਦੇ ਦਰਸ਼ਨ ਅੱਜ ਵੀ ਕਰਵਾਏ ਜਾਂਦੇ ਹਨ ਅਤੇ ਉਸ ਦੀ ਦਾਸਤਾਨ ਦੱਸੀ ਜਾਂਦੀ ਹੈ। ਸਈਦ ਪ੍ਰਿਥੀਪਾਲ ਸਿੰਘ ਜੀ ਨੇ ਸੰਗਤਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਉਸ ਖੜਾਂਵ ਦੇ ਦਰਸ਼ਨ-ਦੀਦਾਰ ਕੀਤੇ ਹਨ।

## ਕੂਫ਼ਾ ਸ਼ਹਿਰ ਨੂੰ ਇਲਾਹੀ ਗਿਆਨ

ਇਸ ਤੋਂ ਬਾਅਦ ਬਾਬਾ ਨਾਨਕ ਜੀ ਕੂਫ਼ਾ ਸ਼ਹਿਰ ਪਹੁੰਚੇ। ਇਹ ਸ਼ਹਿਰ ਫ਼ਰਾਤ ਨਦੀ ਦੇ ਨਜ਼ਦੀਕ ਇਕ ਪੁਰਾਣਾ ਅਤੇ ਆਲੀਸ਼ਾਨ ਸ਼ਹਿਰ ਹੈ। ਇਹ ਸ਼ਹਿਰ ਹਜ਼ਰਤ ਮੁਹੰਮਦ ਸਾਹਿਬ ਦੇ ਬਜ਼ੁਰਗਾਂ ਵਿਚੋਂ ਇਮਾਮ ਮਾਯਵਿਆ ਦੀ ਰਿਹਾਇਸ਼-ਗਾਹ ਹੈ। ਇਥੇ ਹੀ ਤਾਜ਼ੀਆਂ ਨੇ ਹਜ਼ਰ ਅਲੀ ਦੇ ਬੇਟੇ ਹੁਸੈਨ ਨੂੰ ਪਰਿਵਾਰ ਸਮੇਤ ਸ਼ਹੀਦ ਕੀਤਾ ਸੀ। ਉਸ ਦਾ ਨਾਂ 'ਕਰਬਲਾ' ਕਰ ਕੇ ਵੀ ਮਸ਼ਹੂਰ ਹੈ, ਜੋ ਸ਼ਹਿਰ ਦੇ ਬਾਹਰ ਮੁਹੰਮਦੀ ਕੋਨੇ ਵਿਚ ਹੈ। ਇਸ ਦੇ ਨਾਲ ਹੀ ਕਬਰਸਤਾਨ ਵਿਚ 'ਨਾਨਕ ਵਲੀ ਹਿੰਦ' ਦਾ ਸ਼ਾਨਦਾਰ ਮੰਦਰ ਹੈ। ਤਾਜਦੀਨ ਅਨੁਸਾਰ ਇਥੇ ਬਾਬਾ ਜੀ ਨੇ 3 ਮਹੀਨੇ 27 ਦਿਨ ਇਲਾਹੀ ਬਾਣੀ ਦਾ ਪ੍ਰਚਾਰ ਕੀਤਾ। ਇਸ ਮੰਦਰ ਦਾ ਇੰਤਜ਼ਾਮ ਇਮਾਮ ਮਾਯਵਿਆ ਦੀ ਵੰਸ਼ ਕੋਲ ਹੈ। ਇਥੋਂ ਦੇ ਲੋਕ ਬੜੇ ਪਿਆਰ ਵਾਲੇ ਸਨ। ਬੜੇ ਪਿਆਰ ਨਾਲ ਕੀਰਤਨ ਸੁਣਦੇ ਅਤੇ ਬਾਬਾ ਜੀ ਨੂੰ ਪਿਆਰ ਨਾਲ ਸਵਾਲ ਪੁੱਛ ਕੇ ਆਪਣੇ ਦਿਲਾਂ ਦੇ ਸ਼ੰਕੇ ਦੂਰ ਕਰਦੇ।

ਉਸ ਸੰਗਤ ਵਿਚ ਇਕ ਔਰਤ, ਜੋ ਬੜੀ ਨੇਕ ਅਤੇ ਖ਼ੁਦਾ ਪ੍ਰਸਤ ਸੀ, ਵੀ ਆਉਂਦੀ ਸੀ ਅਤੇ ਇਕ ਨੁੱਕਰ ਵਿਚ ਬੈਠ ਕੇ ਅਰਬੀ ਜ਼ੁਬਾਨ ਵਿਚ ਹੋ ਰਹੇ ਕੀਰਤਨ ਨੂੰ ਬੜੇ ਪਿਆਰ ਨਾਲ ਸੁਣਦੀ। ਤਾਜ਼ਦੀਨ ਨੇ ਆਪਣੀ ਕਿਤਾਬ 'ਸਿਹਾਯਤੋ ਬਾਬਾ ਨਾਨਕ ਫ਼ਕੀਰ' ਵਿਚ ਉਸ ਦਾ ਨਾਂ 'ਸਲੀਮਾ' ਲਿਖਿਆ ਹੈ। ਉਸ ਦਾ ਖਾਵੰਦ ਊਠਾਂ ਦਾ ਸੌਦਾਗਰ ਸੀ। ਉਸ ਦਾ ਨਾਂ ਗ਼ੁਲਾਮ ਯਹੀਆ ਖ਼ਾਨ ਸੀ। ਸ਼ਾਮ ਦਾ ਸਮਾਂ ਸੀ। ਸਲੀਮਾ ਨੂੰ ਕੀਰਤਨ ਦੀ ਮਸਤੀ ਵਿਚ ਸਮਾਧੀ ਲੱਗੀ ਹੋਈ ਸੀ। ਤਾਜਦੀਨ ਜੀ ਨੂੰ ਬਾਬਾ ਜੀ ਨੇ ਸਲੀਮਾ ਨੂੰ ਖ਼ਬਰਦਾਰ ਕਰਨ ਲਈ ਆਖਿਆ। ਉਹ ਲਿਖਦੇ ਹਨ ਕਿ ਮੈਂ ਹੈਰਾਨ ਹੋਇਆ ਕਿ ਪਹਿਲਾਂ ਤਾਂ ਬਾਬਾ ਜੀ ਨੇ ਕਦੀ ਇੰਜ ਕਰਨ ਨੂੰ ਨਹੀਂ ਆਖਿਆ। ਉਹ ਆਪ ਹੀ ਸ਼ਾਮ ਨੂੰ ਘਰ ਚਲੀ ਜਾਂਦੀ ਸੀ। ਹੁਕਮ ਪਾ ਕੇ ਮੈਂ ਉਸ ਦੇ ਲਾਗੇ ਜਾ ਕੇ ਆਵਾਜ਼ ਮਾਰੀ ਤਾਂ ਉਹ ਹੁਸ਼ਿਆਰ ਹੋਈ। ਅੱਖਾਂ ਖੁੱਲ੍ਹੀਆਂ ਤਾਂ ਬਾਬਾ ਜੀ ਨੇ ਕਿਹਾ, 'ਬੇਟਾ! ਜਲਦੀ ਘਰ ਜਾਉ।'

ਉਸ ਨੇ ਗੁਰੂ ਜੀ ਦੇ ਪੈਰਾਂ 'ਤੇ ਮੱਥਾ ਟੇਕਿਆ ਤੇ ਇਕ ਦਮ ਅੰਦਰ ਰੌਸ਼ਨੀ ਹੋ ਗਈ ਅਤੇ ਅੰਤਰਯਾਫ਼ਤਾ (ਹਰ ਇਕ ਦੇ ਅੰਦਰ ਦੀ ਬਾਤ ਦਾ ਪਤਾ ਲੱਗ ਜਾਣਾ) ਹੋ ਗਈ। ਦਸ ਕਦਮ ਚੱਲਣ ਤੋਂ ਬਾਅਦ ਵਾਪਸ ਆ ਕੇ ਕਹਿਣ ਲੱਗੀ, ਮੇਰੇ ਪਤੀ ਆਪਣੇ ਤਜਾਰਤੀ ਦੌਰੇ ਤੋਂ ਬਾਅਦ ਵਾਪਸ ਆ ਗਏ ਹਨ। ਕੱਲ੍ਹ ਉਨ੍ਹਾਂ ਨੂੰ ਵੀ ਨਾਲ ਲੈ ਕੇ ਆਵਾਂਗਾ। ਬਾਬਾ ਜੀ ਨੇ ਕਿਹਾ, 'ਬੇਟਾ, ਇਸ ਇਲਾਹੀ ਜਲਾਲ ਨੂੰ ਪ੍ਰਗਟ ਨਹੀਂ ਕੀਤਾ ਜਾਂਦਾ। ਆਪਣੇ ਅੰਦਰ ਹੀ ਜਰਨਾ ਹੈ।' ਉਹ ਬਾਬਾ ਜੀ ਨੂੰ ਸਜਦਾ ਕਰ ਕੇ ਵਾਪਸ ਘਰ ਆਈ। ਅੱਗੇ ਉਸ ਦਾ ਪਤੀ ਅੱਗ-ਬਗੂਲਾ ਹੋ ਕੇ ਬੈਠਾ ਸੀ ਕਿਉਂਕਿ ਉਸ ਦੇ ਘਰ ਆਉਣ 'ਤੇ ਸਲੀਮਾ ਘਰ ਨਹੀਂ ਸੀ ਅਤੇ ਉਸਨੂੰ ਕਈ ਲੋਕਾਂ ਨੇ ਇਕੱਠੇ ਹੋ ਕੇ ਦੱਸਿਆ ਸੀ ਕਿ ਤੇਰੀ ਔਰਤ ਸਾਰੇ ਸ਼ਰੀਏ ਅਹਿਕਾਮ ਨਮਾਜ਼, ਕਲਮਾ ਆਦਿ ਛੱਡ ਕੇ ਕਬਰਸਤਾਨ ਵਿਚ ਬੈਠ ਕੇ ਇਕ ਹਿੰਦੀ ਫ਼ਕੀਰ, ਜੋ ਕਾਫ਼ਰ ਲਗਦਾ ਹੈ, ਦੇ ਕੋਲ ਦਿਨ ਰਾਤ ਬੈਠੀ ਰਹਿੰਦੀ ਹੈ ਬੇਪਰਦਾ ਹੋ ਕੇ। ਪਤੀ ਦੇ ਘਰ ਆਉਣ 'ਤੇ ਸਲੀਮਾ ਉਸ ਨੂੰ ਬੜੇ ਪਿਆਰ ਨਾਲ ਮਿਲੀ ਪਰ ਉਸ ਨੇ ਉਸ ਨੂੰ ਬੜੀ ਕਹਿਰੀ ਨਜ਼ਰ ਨਾਲ ਵੇਖਿਆ। ਸਲੀਮਾ ਬੜੇ ਪਿਆਰ ਨਾਲ ਖਾਣਾ ਬਣਾ ਕੇ ਲਿਆਈ ਅਤੇ ਉਸ ਨੂੰ ਖਾਣ ਲਈ ਕਿਹਾ ਤਾਂ ਅੱਗੋਂ ਉਸ ਨੇ ਕਿਹਾ ਕਿ ਤੂੰ ਮੇਰੀ ਇੱਜ਼ਤ ਨੂੰ ਮਿਟੀ ਵਿਚ ਮਿਲਾ ਦਿੱਤਾ ਹੈ। ਸਲੀਮਾ ਨੇ ਕਿਹਾ ਕਿ ਮੇਰੀ ਗਹਿਰੀ ਬੰਦਗੀ ਅਤੇ ਖ਼ੁਦਾਈ ਭਰੋਸੇ ਦੀ ਵਜ੍ਹਾ ਕਾਰਨ ਆਪ ਸਹੀ ਸਲਾਮਤ ਘਰ ਪਹੁਚ ਗਏ ਹੋ, ਨਹੀਂ ਤਾਂ ਆਪ ਨੂੰ ਮਿਸਰ ਦੀ ਅਦਾਲਤ ਦੇ ਫ਼ੈਸਲੇ ਅਨੁਸਾਰ ਕਤਲ ਦੇ ਬਦਲੇ ਕਤਲ ਹੋ ਜਾਣਾ ਸੀ। ਉਹ ਬੋਲਿਆ, 'ਸਲੀਮਾ, ਮੈਂ ਤਾਂ ਇਸ ਬਾਤ ਦਾ ਕਿਸੇ ਕੋਲ ਜ਼ਿਕਰ ਨਹੀ ਕੀਤਾ ਤਾਂ ਤੈਨੂੰ ਕਿਵੇਂ ਪਤਾ ਚੱਲਿਆ?' ਸਲੀਮਾ ਫਿਰ ਬੋਲੀ, 'ਆਪ ਮਿਸਰ ਤੋਂ ਆ ਕੇ ਹੌਲੀ ਜਿਹੀ ਜ਼ਮੀਨ ਵਿਚ ਦੱਬੀਆਂ ਪੰਜ ਸੌ ਮੋਹਰਾਂ, ਜੋ ਆਪ ਨੂੰ ਭਤੀਜੇ ਮਜੀਦ ਨੇ ਅਮਾਨਤ ਦਿੱਤੀ ਸੀ, ਕੱਢ ਕੇ ਉਸ ਨੂੰ ਦੇ ਗਏ ਸੋ।' ਉਹ ਹੋਰ ਹੈਰਾਨ ਹੋ ਕੇ ਬੋਲਿਆ, 'ਮੈਂ ਇਸ ਦਾ ਵੀ ਕਿਸੇ ਨਾਲ ਜ਼ਿਕਰ ਨਹੀਂ ਕੀਤਾ। ਸਲੀਮਾ, ਸੱਚ ਦਸ ਤੈਨੂੰ ਇਹ ਸਾਰਾ ਕਿਵੇਂ ਪਤਾ ਚੱਲਿਆ?' ਸਲੀਮਾ ਬੋਲੀ, 'ਪਹਿਲੇ ਆਪ ਇਹ ਦੱਸੋ ਕਿ ਮਿਸਰ ਦੀ ਅਦਾਲਤ ਵਿਚ ਕਿਉਂ ਜਾਣਾ ਪਿਆ?' ਉਹ ਆਖਣ ਲੱਗਾ, 'ਮੈਂ ਮਿਸਰ ਸ਼ਹਿਰ ਦੇ ਬਾਹਰ ਸਵੇਰ ਦੀ ਨਮਾਜ ਪੜ੍ਹਨ ਲਈ ਆਪਣੇ ਲਸ਼ਕਰ ਨੂੰ ਲੈ ਕੇ ਜਾ ਰਿਹਾ ਸਾਂ ਤਾਂ ਮੇਰੇ ਬਾਗੜੀਏ ਨਾਂ ਦੇ ਊਠ ਨੇ ਇਕ ਸੇਬ ਦੇ ਬਾਗ਼ ਵਿਚ ਇਕ ਟਹਿਣੀ ਤੋੜ ਕੇ ਖਾ ਲਈ। ਬਾਗ਼ ਦੇ ਬੁੱਢੇ ਮਾਲਕ ਨੇ ਬਾਗ਼ 'ਚੋਂ ਨਿਕਲ ਕੇ ਊਠ ਦੇ ਸਿਰ 'ਤੇ ਇਕ ਬਹੁਤ ਵੱਡਾ ਪੱਥਰ ਮਾਰਿਆ ਤਾਂ ਊਠ ਮਰ ਗਿਆ। ਇਹ ਊਠ 50 ਊਠਾਂ ਦਾ ਪਿਤਾ ਹੋਣ ਕਰਕੇ ਮੈਨੂੰ ਬਹੁਤ ਪਿਆਰਾ ਸੀ ਅਤੇ ਮੈਂ ਉਹੀ ਪੱਥਰ ਚੁੱਕ ਕੇ ਬੁੱਢੇ ਦੇ ਸਿਰ 'ਤੇ ਮਾਰਿਆ ਤਾਂ ਉਹ ਵੀ ਮਰ ਗਿਆ। ਮੈਂ ਆਪਣੇ ਕਾਫ਼ਲੇ ਨੂੰ ਲੈ ਕੇ ਭੱਜ ਰਿਹਾ ਸਾਂ ਕਿ ਪਿੱਛੇ ਤੋਂ ਬੁੱਢੇ ਦੇ ਪੋਤਿਆਂ ਨੇ ਮੈਨੂੰ ਫੜ ਕੇ ਮਿਸਰ ਦੀ ਅਦਾਲਤ ਵਿਚ ਪੇਸ਼ ਕੀਤਾ ਅਤੇ ਕਤਲ ਦੇ ਬਦਲੇ ਕਤਲ ਦਾ ਹੁਕਮ ਹੋਇਆ। ਹਾਕਮ ਨੇ ਦੋਵਾਂ ਪਾਸਿਆਂ ਦੀ ਬਾਤ ਸੁਣ ਕੇ ਮੈਨੂੰ ਕਿਹਾ ਕਿ ਅਗਰ ਤੇਰੇ ਊਠ ਨੂੰ ਬਾਗ਼ ਦੇ ਮਾਲਕ ਨੇ ਮਾਰਿਆ ਸੀ ਤਾਂ ਤੂੰ ਉਸ ਦੀ ਕੀਮਤ ਵਸੀਲ ਕਰਨ ਦਾ ਦਾਅਵਾ ਕਰਦਾ ਤਾਂ ਤੈਨੂੰ ਊਠ ਕੀ ਕੀਮਤ ਦਿੱਤੀ ਜਾ ਸਕਦੀ ਸੀ। ਹੁਣ ਤੈਨੂੰ ਕਤਲ ਦੇ ਬਦਲੇ ਕਤਲ ਹੋਣਾ ਪਵੇਗਾ। ਇਹ ਮਿਸਰ ਦਾ ਕਾਨੂੰਨ ਹੈ। ਉਸ ਨੇ ਹਾਕਮ ਕੋਲ ਅਰਜ਼ ਕੀਤਾ ਕਿ ਮੇਰੇ ਕੋਲ ਯਤੀਮਾਂ ਦੀਆਂ 500 ਮੋਹਰਾਂ ਹਨ, ਜਿਸ ਦਾ ਮੇਰੇ ਤੋਂ ਇਲਾਵਾ ਕਿਸੇ ਨੂੰ ਪਤਾ ਨਹੀਂ, ਜੇਕਰ ਮੈਨੂੰ ਤਿੰਨ ਦਿਨ ਦਾ ਸਮਾਂ ਦਿੱਤਾ ਜਾਵੇ ਤਾਂ ਇਹ ਅਮਾਨਤ ਦੇ ਕੇ ਵਾਪਸ ਆ ਜਾਵਾਂਗਾ।'

ਹਾਕਮ ਨੇ ਕਿਹਾ, 'ਕੋਈ ਜ਼ਮਾਨਤ ਦੇ ਕੇ ਜਾ ਸਕਦੇ ਹੋ। ਸਲੀਮਾ! ਅਦਾਲਤ ਖਚਾਖਚ ਭਰੀ ਹੋਈ ਸੀ। ਆਖ਼ਰ ਇਕ ਨੁੱਕਰ ਵਿਚ ਬੈਠੇ ਇਕ ਚਿੱਟੇ ਕੱਪੜਿਆਂ ਵਾਲੇ ਅਤੇ ਚਮਕਦੇ ਚਿਹਰੇ ਵਾਲੇ ਡੂੰਘੀ ਨਜ਼ਰ ਨਾਲ ਵੇਖ ਰਹੇ ਸਨ, ਜਿਵੇਂ ਕਹਿ ਰਹੇ ਹੋਣ ਕਿ ਮੈਂ ਜ਼ਮਾਨਤ ਦੇਣ ਨੂੰ ਤਿਆਰ ਹਾਂ। ਇਹੋ ਹੋਇਆ ਕਿ ਮੇਰੇ ਕੋਲ ਆਣ ਨਾਲ ਉਨ੍ਹਾਂ ਨੇ ਆਖਿਆ, ਮੈਂ ਜ਼ਮਾਨਤ ਦੇਣ ਲਈ ਤਿਆਰ ਹਾਂ। ਹਾਕਮ ਦੇ ਪੁੱਛਣ 'ਤੇ ਉਨ੍ਹਾਂ ਨੇ ਸਾਫ਼ ਕਹਿ ਦਿੱਤਾ ਕਿ ਜੇਕਰ ਇਹ ਨਿਸ਼ਚਿਤ ਸਮੇਂ 'ਤੇ ਹਾਜ਼ਰ ਨਾ ਹੋਇਆ ਤਾਂ ਮੈਂ ਇਸ ਦੇ ਬਦਲੇ ਵਿਚ ਕਤਲ ਹੋਣ ਲਈ ਤਿਆਰ ਹਾਂ। ਇਸ 'ਤੇ ਮੈਨੂੰ ਤਿੰਨ ਦਿਨਾਂ ਦੀ ਮੁਹਲਤ (ਵਕਫ਼ਾ ਜਾਂ ਢਿੱਲ) ਮਿਲੀ। ਸਲੀਮਾ! ਜੇਕਰ ਉਹ ਨੇਕ ਆਦਮੀ ਮੇਰੀ ਜ਼ਮਾਨਤ ਨਾ ਦੇਂਦਾ ਤਾਂ ਨਾ ਮੈਂ ਯਤੀਮਾਂ ਦੀ ਰੱਖੀ ਅਮਾਨਤ ਵਾਪਸ ਕਰ ਸਕਦਾ ਅਤੇ ਨਾ ਮੈਂ ਤੇਰੇ ਕੋਲ ਘਰ ਵਾਪਸ ਆ ਸਕਦਾ। ਜੇਕਰ ਮੋਹਰਾਂ ਕੱਢਦੇ ਸਮੇਂ ਤੈਨੂੰ ਮਿਲਦਾ ਤਾਂ ਤੂੰ ਮੈਨੂੰ ਵਾਪਸ ਨਹੀਂ ਜਾਣ ਦੇਣਾ ਸੀ ਅਤੇ ਬਦਲੇ ਵਿਚ ਮੇਰੇ ਉਸ ਨੇਕ ਜ਼ਮਾਨਤੀ ਨੂੰ ਕਤਲ ਹੋਣਾ ਪੈਂਦਾ, ਜੋ ਮੈਂ ਹਰਗਿਜ਼ ਨਹੀਂ ਚਾਹੁੰਦਾ ਸਾਂ। ਸਲੀਮਾ! ਮੈਂ ਮਜੀਦ ਨੂੰ ਮੋਹਰਾਂ ਦੇ ਕੇ ਬੜੀ ਤੇਜ਼ੀ ਨਾਲ ਊਠ ਨੂੰ ਦੌੜਾ ਕੇ ਜਦੋਂ ਅਦਾਲਤ ਵਿਚ ਪੁੱਜਾ ਤਾਂ ਨਿਸ਼ਚਿਤ ਸਮੇਂ ਤੋਂ ਇਕ ਘੜੀ ਸਮਾਂ ਉੱਪਰ ਹੋ ਗਿਆ ਸੀ ਅਤੇ ਮੁੱਦਈਆਂ (ਦਾਅਵਾ ਕਰਨ ਵਾਲੇ) ਨੇ ਹਾਕਮ ਨੂੰ ਕਹਿ ਦਿੱਤਾ ਸੀ ਕਿ ਉਹ ਕਦੀ ਵਾਪਸ ਨਹੀਂ ਆਵੇਗਾ। ਇਸ ਲਈ ਜ਼ਮਾਨਤੀ ਨੂੰ ਕਤਲ ਦੀ ਸਜ਼ਾ ਸੁਣਾਈ ਜਾਵੇ। ਜ਼ਮਾਨਤੀ ਨੇ ਛਾਤੀ ਠੋਕ ਕੇ ਆਖਿਆ ਕਿ ਹਾਂ, ਇਨ੍ਹਾਂ ਮੁੱਦਈਆਂ ਨੂੰ ਇਨਸਾਫ਼ ਦੇਂਦੇ ਹੋਏ ਮੈਨੂੰ ਕਤਲ ਦੀ ਸਜ਼ਾ ਸੁਣਾਈ ਜਾਵੇ, ਮੈਂ ਕਤਲ ਹੋਣ ਲਈ ਤਿਆਰ ਹਾਂ। ਇੰਨੇ ਚਿਰ ਨੂੰ ਮੈਂ ਅਦਾਲਤ ਵਿਚ ਪਹੁੰਚ ਕੇ ਹਾਕਮ ਨੂੰ ਜਾ ਕੇ 'ਇਸਲਾਮ ਵਾਲੇਕੁਮ' ਬੁਲਾਈ। ਮੈਨੂੰ ਵੇਖ ਕੇ ਸਾਰੇ ਹੈਰਾਨ ਹੋ ਗਏ। ਮੈਂ ਹਾਕਮ ਨੂੰ ਕਿਹਾ ਕਿ ਇਨ੍ਹਾਂ ਮੁੱਦਈਆਂ ਨੂੰ ਇਨਸਾਫ਼ ਦੇਂਦੇ ਹੋਏ ਮੈਨੂੰ ਕਤਲ ਦੀ ਸਜ਼ਾ ਸੁਣਾਈ ਜਾਵੇ। ਇਹ ਸੁਣ ਕੇ ਹਾਕਮ ਕੁਝ ਦੇਰ ਚੁੱਪ ਰਹੇ, ਫਿਰ ਸੋਚ ਵਿਚਾਰ ਤੋਂ ਬਅਦ ਫ਼ੈਸਲਾ ਸੁਣਾਇਆ ਕਿ ਤੇਰੀ ਨੇਕਨੀਤੀ ਅਤੇ ਤੇਰੇ ਜ਼ਮਾਨਤੀ ਦੀ ਨੇਕੀ ਦੀ ਵਜ੍ਹਾ ਨਾਲ ਅਦਾਲਤ ਤੈਨੂੰ ਬਰੀ ਕਰਦੀ ਹੈ। ਸਲੀਮਾ! ਮੈਂ ਅਦਾਲਤ ਤੋਂ ਬਾਹਰ ਆ ਕੇ ਨੇਕ ਆਦਮੀ ਦਾ ਧੰਨਵਾਦ ਕਰਨ ਲਈ ਇਧਰ ਉੱਧਰ ਦੇਖਿਆ ਪਰ ਉਹ ਨਹੀਂ ਮਿਲਿਆ।' ਸਲੀਮਾ ਨੇ ਕਿਹਾ ਕਿ 'ਤੁਸੀਂ ਉਸ ਜ਼ਮਾਨਤੀ ਦੇ ਚਿਹਰੇ ਤੋਂ ਵਾਕਫ਼ ਹੋਵੋਗੇ?' 'ਕਿਉਂ ਨਹੀਂ, ਚੰਗੀ ਤਰ੍ਹਾਂ ਨਾਲ ਪਛਾਣ ਹੈ, ਜਿਸ ਨੇ ਮੇਰੀ ਜਾਨ ਬਚਾਈ ਹੈ।'

ਸਲੀਮਾ ਨੇ ਆਖਿਆ, 'ਆਪ ਨੇ ਖਾਣਾ ਖਾ ਲਿਆ ਹੈ, ਮੈਂ ਥੋੜ੍ਹੀ ਦੇਰ ਵਿਚ ਆ ਜਾਵਾਂਗੀ।' ਉਸ ਨੇ ਪੁੱਛਿਆ, 'ਕਿੱਥੇ ਜਾਣਾ ਹੈ?' ਤਾਂ ਉਸ ਨੇ ਜਵਾਬ ਦਿੱਤਾ, 'ਅੱਲ੍ਹਾ ਲੋਕਾਂ ਦੇ ਦੀਦਾਰ ਲਈ।' ਉਸ ਨੇ ਆਖਿਆ, 'ਮੈਂ ਸੁਣਿਆ ਹੈ ਕਿ ਉਹ ਹਿੰਦੀ ਹੈ?' 'ਹਾਂ, ਉਹ ਹਿੰਦੀ ਹੈ ਅਤੇ ਮੈਂ ਚਾਹੁੰਦੀ ਹਾਂ ਕਿ ਆਪ ਵੀ ਮੇਰੇ ਨਾਲ ਚੱਲੋ ਅਤੇ ਉਹਨਾਂ ਦੇ ਦੀਦਾਰ ਕਰੋ।' ਉਸ ਨੇ ਜ਼ੋਰ ਨਾਲ ਕਿਹਾ ਕਿ 'ਕਾਫ਼ਰਾਂ ਦੇ ਦੀਦਾਰ ਕਰਾਂ! ਐਸਾ ਕਦੀ ਨਹੀਂ ਹੋ ਸਕਦਾ। ਮੇਰਾ ਭਰੋਸਾ ਖ਼ੁਦਾ ਅਤੇ ਉਸ ਦੇ ਨਬੀ ਪਾਕਿ 'ਤੇ ਹੈ।' ਸਲੀਮਾ ਨੇ ਕਿਹਾ, 'ਆਪਦੀ ਜੇਬ ਵਿਚ ਕੋਈ ਜ਼ਹਿਰੀਲੀ ਚੀਜ਼ ਦਿਸ ਰਹੀ ਹੈ। ਖ਼ਬਰਦਾਰ! ਜੇਬ ਵਿਚ ਹੱਥ ਨਾ ਪਾਉਣਾ।' ਸਲੀਮਾ ਨੂੰ ਬੁਰਾ ਭਲਾ ਆਖਦੇ ਹੋਏ ਉਸ ਨੇ ਜੇਬ ਵਿਚ ਹੱਥ ਪਾਇਆ ਤਾਂ ਬਿੱਛੂ ਨੇ ਉਸ ਨੂੰ ਕੱਟ ਲਿਆ ਅਤੇ ਉਹ ਸ਼ੋਰ ਮਚਾਉਣ ਲੱਗ ਪਿਆ। ਸਲੀਮਾ ਨੇ ਉਸ ਦੀ ਉਂਗਲੀ ਨੂੰ ਮੂੰਹ ਵਿਚ ਪਾ ਕੇ ਸਾਰਾ ਜ਼ਹਿਰ ਚੂਸ ਲਿਆ ਤਾਂ ਉਹ ਬਿਲਕੁਲ ਠੀਕ ਹੋ ਗਿਆ। ਕਹਿਣ ਲੱਗਾ, 'ਤੂੰ ਤਾਂ ਮੰਤਰ ਜਾਣ ਗਈ ਹੈਂ।' ਸਲੀਮਾ ਨੇ ਆਖਿਆ, 'ਮੈਂ ਕੋਈ ਜੰਤਰ-ਮੰਤਰ ਨਹੀਂ ਜਾਣਦੀ। ਇਹ ਸਾਰੀ ਉਨ੍ਹਾਂ ਅੱਲ੍ਹਾ ਲੋਕਾਂ ਦੀ ਬਖ਼ਸ਼ਿਸ਼ ਹੈ, ਜਿਨ੍ਹਾਂ ਕੋਲ ਜਾਣ ਲਈ ਮੈਨੂੰ ਰੋਕ ਰਹੇ ਹੋ।' ਉਸ ਨੇ ਕਿਹਾ, 'ਅਜਿਹੇ ਹਨ ਤਾਂ ਮੈਨੂੰ ਵੀ ਨਾਲ ਲੈ ਚੱਲੋ।' ਜਦੋਂ ਬਾਬਾ ਜੀ ਕੋਲ ਪਹੁੰਚੇ ਤਾਂ ਪਹਿਲਾਂ ਹੀ ਉਸ ਨੇ ਸਾਹਮਣੇ ਦੇਖਿਆ ਤਾਂ ਇਕ ਦਮ ਬੋਲ ਉੱਠਿਆ, 'ਸਲੀਮਾ! ਇਹ ਤਾਂ ਉਹੀ ਹਨ, ਸੱਚਮੁੱਚ ਉਹੀ, ਜਿਨ੍ਹਾਂ ਨੇ ਮੇਰੀ ਜ਼ਮਾਨਤ ਦੇ ਕੇ ਮੇਰੀ ਜਾਨ ਬਚਾਈ ਸੀ' ਤੇ ਉਹ ਦੌੜ ਕੇ ਬਾਬਾ ਨਾਨਕ ਜੀ ਦੇ ਪੈਰਾਂ 'ਤੇ ਜਾ ਡਿੱਗਾ।

ਗੁਰੂ ਜੀ ਨੇ ਉਸ ਨੂੰ ਪਿਆਰ ਕੀਤਾ ਤੇ ਖ਼ੁਦਾ ਦੀਆਂ ਰਮਜ਼ਾਂ ਦੀ ਜਾਣਕਾਰੀ ਦਿੱਤੀ। ਸਲੀਮਾ ਵੀ ਬਾਬਾ ਜੀ ਨੂੰ ਮੱਥਾ ਟੇਕ ਕੇ ਬੈਠ ਗਈ। ਹੁਣ ਰੋਜ਼ਾਨਾ ਯਹੀਆ ਖ਼ਾਨ ਕੰਮ ਤੋਂ ਵਿਹਲਾ ਹੋ ਕੇ ਕੀਰਤਨ ਦੀ ਹਾਜ਼ਰੀ ਭਰਦਾ। ਉਸ ਨੂੰ ਵੇਖ ਕੇ ਬਹੁਤ ਸਾਰੇ ਲੋਕ ਆਉਣ ਲੱਗੇ। ਸ਼ਰੀਏ ਲੋਕ, ਜਿਨ੍ਹਾਂ ਨੇ ਉਸ ਨੂੰ ਪਹਿਲਾਂ ਸਲੀਮਾ ਦੇ ਖ਼ਿਲਾਫ਼ ਭੜਕਾਇਆ ਸੀ, ਸ਼ਹਿਰ ਦੇ ਬੜੇ ਕਾਜ਼ੀ ਨੂੰ ਗੁਰੂ ਸਾਹਿਬ ਦੇ ਖ਼ਿਲਾਫ਼ ਭੜਕਾ ਕੇ ਯਹੀਆ ਖ਼ਾਨ ਤੇ ਸਲੀਮਾ ਨੂੰ ਕਾਫ਼ਰ ਦਾ ਫ਼ਤਵਾ ਦੇ ਦਿੱਤਾ ਅਤੇ ਗੁਰੂ ਜੀ ਵੀ ਕਾਫ਼ਰ ਦਾ। ਇਸ ਕਾਜ਼ੀ ਦਾ ਨਾਂ ਪਾਸ਼ਾਹਾਲੀ ਸੀ। •

(ਚੱਲਦਾ...)



ਮਦੀਨਾ ਵਿਖੇ ਚਬੂਤਰੇ 'ਤੇ ਬਹਿ ਕੇ ਅਰਬੀ ਵਿਚ ਕੀਤਾ ਗਿਆ ਬਾਬਾ ਜੀ ਦਾ ਫ਼ੁਰਮਾਨ।



ਡਾ. ਜਸਬੀਰ ਸਿੰਘ ਸਰਨਾ
99065-66604

## ਚਾਣਕਯ ਨੀਤੀ

ਡਾ. ਅਮਰ ਕੋਮਲ

ਆਚਾਰਿਆ ਚਾਣਕਯ ਭਾਰਤ ਦੇ ਅਮੀਰ ਇਤਿਹਾਸਕ ਵਿਰਸੇ ਦੀ ਇਕ ਮਹਾਨ ਸ਼ਖ਼ਸੀਅਤ, ਵਿਦਵਾਨ ਸਿਆਸਤਦਾਨ, ਕੂਟ ਨੀਤੀਵਾਨ, ਨਿਪੁੰਨ ਪ੍ਰਬੰਧਕ ਅਤੇ ਸਰਲ ਸਾਦਾ ਜੀਵਨ ਜਿਊਂਣ ਵਾਲੇ ਪੰਡਿਤ ਸਨ। ਉਨ੍ਹਾਂ ਦੀ ਜੀਵਨ ਕਾਲ 350-283 ਪੂਰਵ ਈਸਵੀ ਸੀ। ਉਨ੍ਹਾਂ ਦੁਆਰਾ ਰਚਿਤ 'ਚਾਣਕਯ ਨੀਤੀ' ਉਨ੍ਹਾਂ ਦੀ ਵਡਮੁੱਲੀਆਂ ਸਿੱਖਿਆਵਾਂ ਵਾਲੀ ਪੁਸਤਕ ਹੈ। ਚਾਣਕਯ ਨੀਤੀ ਵਿਚ 17 ਅਧਿਆਏ ਅਤੇ ਕੁੱਲ 333 ਸਲੋਕ ਹਨ। ਇਨ੍ਹਾਂ ਸਲੋਕਾਂ ਵਿਚ ਉਨ੍ਹਾਂ ਨੇ ਜ਼ਿੰਦਗੀ, ਘਰ, ਪਰਿਵਾਰ, ਸਮਾਜ ਤੇ ਸਮਾਜ ਲਈ ਉੱਚੀਆਂ-ਸੁੱਚੀਆਂ ਨੈਤਿਕ ਕਦਰਾਂ ਕੀਮਤਾਂ ਨੂੰ ਅਟੱਲ ਸੱਚਾਈਆਂ ਦੇ ਰੂਪ ਵਿਚ ਪੇਸ਼ ਕੀਤਾ ਹੈ।



**ਸਲੋਕ** (1.7)

ਆਪਦਰ੍ਥੇ ਧਨੰ ਰਕਸ਼ੇਚ੍ਛ੍ਰੀਮਤਾਮ੍ ਕੁਤ ਆਪਦਹ।
ਕਦਾਚਿੱਚ੍ਚਲਿਤੇਲਕਸ਼ਮੀਹ ਸੰਚਿਤੋਅਪਿ ਵਿਨਸ਼੍ਯਤਿ॥

**ਅਰਥ**

ਕਿਸੇ ਵਿਅਕਤੀ ਨੇ ਇਕ ਅਮੀਰ ਵਿਅਕਤੀ ਨੂੰ ਕਿਹਾ, 'ਤੁਹਾਨੂੰ ਮੁਸੀਬਤ ਵੇਲੇ ਲਈ ਧਨ-ਦੌਲਤ ਜਮ੍ਹਾਂ ਕਰ ਲੈਣੀ ਚਾਹੀਦੀ ਹੈ। ਅਮੀਰ ਵਿਅਕਤੀ ਨੇ ਕਿਹਾ, 'ਸ੍ਰੀਮਾਨ! (ਲੋਕਾਂ) ਉੱਪਰ ਮੁਸੀਬਤਾਂ ਆਉਂਦੀਆਂ ਰਹਿੰਦੀਆਂ ਹਨ ਪਰ ਕਦੋਂ ਆਉਂਦੀਆਂ ਹਨ?' ਉਹ ਮਨੁੱਖ ਫਿਰ ਬੋਲਿਆ, 'ਲੱਛਮੀ ਤਾਂ ਹਮੇਸ਼ਾ ਚੱਲਦੀ ਰਹਿੰਦੀ ਹੈ। ਜੋੜਿਆ ਧਨ, ਜਦ ਮੁਸੀਬਤ ਆਉਂਦੀ ਹੈ ਤਾਂ ਆਪਣੇ ਆਪ ਨਸ਼ਟ ਹੋ ਜਾਂਦਾ ਹੈ।' •

### ਵਿਆਖਿਆ

ਧਨ-ਦੌਲਤ ਜਮ੍ਹਾਂ ਕਰਨ ਵਾਲਿਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਹ ਕਦੇ ਵੀ ਟਿਕਾਊ ਨਹੀਂ ਹੈ। ਇਹ ਸੰਸਾਰ ਵਾਂਗ ਚੱਲਦਾ ਰਹਿੰਦਾ ਹੈ। ਇਕ ਹੱਥ ਵਿਚੋਂ ਨਿਕਲ ਕੇ ਦੂਜੇ ਦੇ ਹੱਥ ਵਿਚ ਚਲਾ ਜਾਂਦਾ ਹੈ। ਭਾਵ, ਧਨ-ਦੌਲਤ ਦੀ ਉਪਯੋਗਤਾ ਸਰਬਵਿਆਪੀ ਅਤੇ ਲੋਕ ਹਿੱਤ ਲਈ ਹੋਣੀ ਚਾਹੀਦੀ ਹੈ।

84378-73565

# ਅਤਰ ਦੀ ਮਹਿਕ ਵਰਗੇ ਭਾਈ ਮਨਿੰਦਰਪਾਲ ਸਿੰਘ

ਪ੍ਰਕਾਸ਼ ਸਿੰਘ ਗਿੱਲ

ਸਮਾਜ ਵਿਚ ਇਹੋ ਜਿਹੀਆਂ ਬਹੁਤ ਘੱਟ ਸ਼ਖ਼ਸੀਅਤਾਂ ਹਨ, ਜੋ ਆਪਣੇ ਕਿੱਤੇ ਮੁਤਾਬਕ ਗੁਣਾਂ ਦੀਆਂ ਧਾਰਨੀ ਹੋਣ। ਦਿੱਲੀ ਦੇ ਰਹਿਣ ਵਾਲੇ ਭਾਈ ਮਨਿੰਦਰਪਾਲ ਸਿੰਘ ਨੂੰ 'ਭਾਈ ਜੀ' ਸ਼ਬਦ ਵਿਰਸੇ ਵਿਚ ਮਿਲਿਆ ਹੈ। ਇਹ ਗੱਲ ਉਨ੍ਹਾਂ ਉੱਤੇ ਪੂਰੀ ਤਰ੍ਹਾਂ ਢੁੱਕਦੀ ਹੈ।

ਭਾਈ ਸਾਹਿਬ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਬੇਦੀ ਊਨਾ ਸਾਹਿਬ ਵਾਲਿਆਂ ਨੂੰ ਸੰਗਤ ਨੂੰ ਦਰਸ਼ਨ ਦੇਣ ਤੇ ਸਿੱਖੀ ਦੇ ਪ੍ਰਚਾਰ ਲਈ ਬੇਨਤੀ ਕੀਤੀ ਸੀ ਤਾਂ ਉਸ ਵੇਲ ਉਨ੍ਹਾਂ ਦੇ ਬਜ਼ੁਰਗ ਚੇਤ ਸਿੰਘ ਵੀ ਬਾਬਾ ਜੀ ਨੇ ਨਾਲ ਸਨ। 'ਭਾਈ' ਦਾ ਖ਼ਿਤਾਬ ਉਨ੍ਹਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਦਿੱਤਾ ਸੀ। ਉਸ ਤੋਂ ਬਾਅਦ ਉਹ ਗੁਜਰਾਂਵਾਲਾ (ਪਾਕਿਸਤਾਨ) ਵਿਖੇ ਵਸ ਗਏ। ਇਨ੍ਹਾਂ ਦੇ ਪੜਦਾਦਾ ਭਾਈ ਅਰਜਨ ਸਿੰਘ ਸਪੁੱਤਰ ਨਰਾਇਣ ਸਿੰਘ ਨੇ 1878 ਵਿਚ ਖ਼ੁਸ਼ਬੂ (ਅਤਰ) ਦਾ ਕੰਮ ਆਰੰਭ ਕੀਤਾ। ਉਸ ਵੇਲੇ ਪੰਜਾਬ 'ਚ ਇਸ ਦਾ ਕਾਰੋਬਾਰ ਘੱਟ ਸੀ ਪਰ ਪੰਜਾਬ ਤੋਂ ਬਾਹਰ ਇਹ ਚੰਗਾ ਵਿਕਦਾ ਸੀ।

ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਨੇ ਇਹ ਜੱਦੀ-ਪੁਸ਼ਤੀ ਕਾਰੋਬਾਰ ਕੁਤਬ ਰੋਡ ਦਿੱਲੀ ਵਿਖੇ ਆ ਕੇ 'ਭਾਈ ਜੀ ਅਤਰ ਵਾਲੇ' ਦੇ ਨਾਂ ਨਾਲ ਮੁੜ ਆਰੰਭ ਕੀਤਾ। ਅਤਰ ਦੇ ਨਾਲ-ਨਾਲ ਕੰਪਨੀ ਵਿਚ ਪਰਫਿਊਮ, ਅਗਰਬੱਤੀ, ਗੁਲਾਬ ਜਲ ਦੇ ਸੈਂਟ-ਸਪਰੇਅ ਵੀ ਬਣਾਉਂਦੇ ਸਨ। ਇਸ ਕਾਰੋਬਾਰ ਨੂੰ 40 ਵਰ੍ਹਿਆਂ ਤਕ ਤਨਦੇਹੀ ਨਾਲ ਕੀਤਾ, ਉਪਰੰਤ ਉਹ ਆਪਣੀਆਂ ਦੋ ਬੇਟੀਆਂ ਗੁਰਮੀਤ ਕੌਰ ਤੇ ਨਉਨਿਧੀ ਕੌਰ, ਜੋ ਵਿਆਹ ਉਪਰੰਤ ਕੈਨੇਡਾ, ਅਮਰੀਕਾ ਵਿਚ ਵੱਸਦੀਆਂ ਹਨ, ਦੀ ਪ੍ਰੇਰਨਾ ਨਾਲ ਸਮਾਜ ਸੇਵਾ ਤੇ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਲਈ ਅੱਗੇ ਆਏ।

ਭਾਈ ਮਨਿੰਦਰਪਾਲ ਸਿੰਘ ਦਿੱਲੀ ਵਿਚ ਤਿੰਨ ਚੈਰੀਟੇਬਲ ਸਕੂਲ 'ਸਪਰਸ਼ ਸਪੈਸ਼ਲ ਸਕੂਲ', 'ਸਪਰਸ਼ ਸ਼ਕਤੀ' (ਲੜਕੀਆਂ ਲਈ) ਤੇ 'ਸਪਰਸ਼ਨ ਉਡਾਣ' (ਝੁੱਗੀ ਝੌਂਪੜੀ ਵਾਲੇ ਬੱਚਿਆਂ ਲਈ) ਚਲਾਅ ਰਹੇ ਹਨ। ਉਡਾਣ ਸਕੂਲ ਦੇ ਲਗਪਗ 2000 ਬੱਚਿਆਂ ਨੂੰ ਅੱਠ ਸਾਲ ਵਿਚ ਨਗਰ ਨਿਗਮ 'ਚ ਭਰਤੀ ਕਰਵਾ ਚੁੱਕੇ ਹਨ। ਇਨ੍ਹਾਂ ਸਕੂਲਾਂ 'ਚ 500 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਸਪਰਸ਼ ਸਪੈਸ਼ਲ ਸਕੂਲ 'ਚ ਵਿਸ਼ੇਸ਼ ਚੁਣੌਤੀਆਂ ਵਾਲੇ ਬੱਚਿਆਂ ਨੂੰ ਸਿੱਖਿਆ ਦੇ ਨਾਲ ਆਤਮ ਨਿਰਭਰ ਬਣਾਉਣ ਲਈ ਵੋਕੇਸ਼ਨਲ ਸਿੱਖਿਆ ਵੀ ਦਿੱਤੀ ਜਾਂਦੀ ਹੈ।

ਭਾਈ ਜੀ ਨੂੰ ਸਿੱਖੀ ਦੀ ਗੁੜ੍ਹਤੀ ਨਾਨਕੇ ਪਰਿਵਾਰ ਅਤੇ ਮਾਤਾ ਪ੍ਰਕਾਸ਼ ਕੌਰ ਪਾਸੋਂ ਮਿਲੀ। ਆਪ ਦੇ ਮਾਤਾ ਜੀ ਦੇ ਚਾਚਾ ਭਾਈ ਮੋਹਨ ਸਿੰਘ ਵੈਦ ਦੀ ਸ਼ਖ਼ਸੀਅਤ ਦਾ ਵੀ ਆਪ ਉੱਪਰ ਬੜਾ ਪ੍ਰਭਾਵ ਹੈ। ਦਿੱਲੀ ਵਿਚ ਮੌਜੂਦਾ ਸਮੇਂ 'ਭਾਈ ਜੀ' ਪੂਰੀ ਤਰ੍ਹਾਂ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਜੁੜੇ ਹੋਏ ਹਨ। ਸੰਸਥਾ 'ਪੰਜਾਬੀ ਪ੍ਰਚਾਰਨੀ ਸਭਾ', ਜਿਸ ਦੇ ਉਹ ਮੁੱਖ ਸੇਵਾਦਾਰ ਹਨ, ਰਾਹੀਂ ਸਕੂਲਾਂ, ਕਾਲਜਾਂ ਵਿਚ ਪੜ੍ਹਨ ਵਾਲੇ ਬੱਚਿਆਂ ਵਿਚ ਪੰਜਾਬੀ ਬੋਲਣ ਪ੍ਰਤੀ ਲੋਕ ਲਹਿਰ ਬਣਾ ਰਹੇ ਹਨ। ਉਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦੇ ਹੋਏ ਦਿੱਲੀ ਦੀਆਂ ਕਰੀਬ ਸਾਰੀਆਂ ਪੰਜਾਬੀ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ 'ਬ੍ਰੇਨ ਫੀਡ' ਸੰਸਥਾ ਵੱਲੋਂ ਅਕਾਦਮਿਕ ਪੱਧਰ 'ਤੇ ਦਿੱਤੇ ਜਾ ਰਹੇ ਯੋਗਦਾਨ ਲਈ ਵੀ ਸਨਮਾਨਤ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਉਨ੍ਹਾਂ ਨੂੰ 'ਨਾਰਥ-ਵੈਸਟ ਪੰਜਾਬੀ ਸੁਸਾਇਟੀ' ਮਾਡਲ ਟਾਊਨ ਦਾ ਸਰਪ੍ਰਸਤ, ਪੰਜਾਬੀ ਲੋਕ ਮੰਚ ਦਾ ਚੀਫ ਪੈਟਰਨ, 'ਸਪੇਸ ਫਾਰ ਆਲ' ਦੇ ਮੀਤ ਪ੍ਰਧਾਨ, 'ਆਰਡਬਲਿਊਏ ਸੁਸਾਇਟੀ' ਦੇ ਪੈਟਰਨ ਹਨ। ਦਿੱਲੀ ਵਿਚ ਵੱਖ-ਵੱਖ ਸੰਸਥਵਾਂ ਦੇ ਪ੍ਰੋਗਰਾਮ ਵਿਚ ਭਾਈ ਜੀ ਸ਼ਮੂਲੀਅਤ ਲਈ ਜਾਂਦੇ ਹਨ ਤਾਂ ਆਪਣੀ ਕੰਪਨੀ ਦੇ ਪ੍ਰੋਡਕਟ 'ਖ਼ੁਸ਼ਬੂ' ਦੇ ਪੈਕੇਟ ਮਾਂ ਬੋਲੀ ਦੀ ਸੇਵਾ ਕਰਨ ਵਾਲਿਆਂ ਨੂੰ ਜ਼ਰੂਰ ਭੇਟ ਕਰਦੇ ਹਨ। ਅੱਜ-ਕੱਲ੍ਹ ਭਾਈ ਜੀ ਆਪਣੀ ਧਰਮ ਪਤਨੀ ਸਰਦਾਰਨੀ ਜੋਗਿੰਦਰ ਕੌਰ ਨਾਲ ਸਵੇਰੇ ਤੋਂ ਦੁਪਹਿਰ ਤਕ ਦਾ ਸਮਾਂ 'ਮਦਰਜ਼ ਪ੍ਰਾਈਡ' ਤੇ 'ਪ੍ਰੀਜੀਅਡਮ' ਨੂੰ ਦਿੰਦੇ ਹਨ ਅਤੇ ਦੁਪਹਿਰ ਤੋਂ ਬਾਅਦ ਸ਼ਾਮ ਤਕ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਨਿਸ਼ਕਾਮ ਸੇਵਾ ਕਰਦੇ ਹਨ। ਸ਼ਾਲਾ! ਪਰਮਾਤਮਾ ਉਨ੍ਹਾਂ ਦੀ ਲੰਬੀ ਉਮਰ ਕਰੇ। •

92126-32234



**ਭਾਈ ਮਨਿੰਦਰਪਾਲ ਸਿੰਘ ਵਿੱਦਿਆ ਦਾ ਚਾਨਣ ਫੈਲਾਉਣ ਲਈ ਦਿੱਲੀ ਵਿਖੇ ਤਿੰਨ ਸਕੂਲ ਚਲਾ ਰਹੇ ਹਨ। ਉਹ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ 'ਚ ਵੀ ਅਹਿਮ ਯੋਗਦਾਨ ਪਾ ਰਹੇ ਹਨ...**

# ਸੰਪਰਦਾਇ ਕਾਰ ਸੇਵਾ ਦਾ ਧਰਮ ਤੇ ਸਮਾਜ ਨੂੰ ਯੋਗਦਾਨ

ਅੰਗਰੇਜ਼ ਸਿੰਘ ਹੁੰਦਲ

ਖ਼ਾਲਸਾ ਪੰਥ ਦੇ ਸਤਿਕਾਰਯੋਗ ਅੰਗ 'ਸੰਪਰਦਾਇ ਕਾਰ ਸੇਵਾ' ਦਾ ਇਤਿਹਾਸਕ ਗੁਰਧਾਮਾਂ ਦੀ ਉਸਾਰੀ, ਲੋਕ ਭਲਾਈ, ਵਾਤਾਵਰਨ ਦੀ ਸਾਂਭ-ਸੰਭਾਲ ਅਤੇ ਵਿੱਦਿਆ ਦੇ ਖੇਤਰ 'ਚ ਵੱਡਾ ਯੋਗਦਾਨ ਹੈ।

ਤਰਨਤਾਰਨ ਜ਼ਿਲ੍ਹੇ ਦੇ ਨਗਰ ਖਡੂਰ ਸਾਹਿਬ ਨੂੰ ਅੱਠ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੋਣ ਦਾ ਸੁਭਾਗ ਹਾਸਲ ਹੈ। ਇਹ ਨਗਰ ਗੁਰਧਾਮਾਂ ਦੀ ਕਾਰ ਸੇਵਾ ਕਾਰਨ ਵੀ ਸੰਗਤ ਵਿਚ ਸਤਿਕਾਰਯੋਗ ਥਾਂ ਰੱਖਦਾ ਹੈ। ਇਥੇ ਸੱਚਖੰਡ ਵਾਸੀ ਬਾਬਾ ਗੁਰਮੁਖ ਸਿੰਘ, ਬਾਬਾ ਸਾਧੂ ਸਿੰਘ, ਬਾਬਾ ਝੰਡਾ ਸਿੰਘ, ਬਾਬਾ ਉੱਤਮ ਸਿੰਘ ਤੇ ਹੋਰ ਮਹਾਂਪੁਰਸ਼ਾਂ ਨੇ ਕਾਰ ਸੇਵਾ ਦੇ ਕਾਰਜ ਪੰਥਕ ਭਾਵਨਾ ਮੁਤਾਬਕ ਸੰਗਤ ਦੇ ਸਹਿਯੋਗ ਨਾਲ ਕਰਵਾਏ। ਇਨ੍ਹਾਂ ਮਹਾਂਪੁਰਸ਼ਾਂ ਦੀ ਯਾਦ 'ਚ ਗੁਰਮਤਿ ਸਮਾਗਮ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਬਾਬਾ ਸੇਵਾ ਸਿੰਘ ਜੀ ਦੀ ਅਗਵਾਈ ਹੇਠ ਖਡੂਰ ਸਾਹਿਬ ਦੀ ਕਾਰ ਸੇਵਾ ਸੰਪਰਦਾਇ ਨੇ ਕਈ ਮਹਾਨ ਕਾਰਜ ਕਰਦੇ ਹੋਏ ਕਾਰ ਸੇਵਾ ਸ਼ਬਦ ਦਾ ਘੇਰਾ ਵਸੀਹ ਕੀਤਾ ਹੈ। ਉਨ੍ਹਾਂ ਵੱਲੋਂ ਕਰਵਾਏ ਜਾ ਰਹੇ ਧਾਰਮਿਕ, ਸਮਾਜਿਕ, ਵਿੱਦਿਅਕ ਕਾਰਜਾਂ ਆਦਿ ਨਾਲ ਇਹ ਸੰਪਰਦਾਇ ਦੇਸ਼-ਵਿਦੇਸ਼ 'ਚ ਹਰਮਨ ਪਿਆਰੀ ਹੋਈ ਹੈ। ਇਸ ਸੰਪਰਦਾਇ ਨੇ ਸਿੱਖ ਧਰਮ ਦੀ ਮਾਨਵਵਾਦੀ ਪਹੁੰਚ ਦਾ ਵੀ ਪ੍ਰਚਾਰ ਕੀਤਾ।

ਖਡੂਰ ਸਾਹਿਬ ਸੰਪਰਦਾਇ ਵੱਲੋਂ ਗੁਰਦੁਆਰਾ ਤਪਿਆਣਾ ਸਾਹਿਬ, ਗੁਰਦੁਆਰਾ ਅੰਗੀਠਾ ਸਾਹਿਬ (ਦਰਬਾਰ ਸਾਹਿਬ), ਗੁਰਦੁਆਰਾ ਮੱਲ ਅਖਾੜਾ ਸਾਹਿਬ ਆਦਿ ਦੀਆਂ ਇਮਾਰਤਾਂ ਨੂੰ ਅਤਿ ਸੁੰਦਰ ਦਿੱਖ ਦਿੱਤੀ ਤੇ ਹਰਿਆ-ਭਰਿਆ ਬਣਾਇਆ ਹੈ। ਬਾਬਾ ਉੱਤਮ ਸਿੰਘ ਦੀ ਅਗਵਾਈ ਵਿਚ ਗੁਰਦੁਆਰਾ ਦਾਤਾ ਬੰਦੀ ਛੋੜ (ਪਾਤਸ਼ਾਹੀ ਛੇਵੀਂ) ਕਿਲ੍ਹਾ ਗਾਵਲੀਅਰ ਮੱਧ ਪ੍ਰਦੇਸ਼ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ, ਜੋ ਨਿਰਵਿਘਨ ਜਾਰੀ ਹੈ। ਸੰਪਰਦਾਇ ਵੱਲੋਂ ਖਡੂਰ ਸਾਹਿਬ ਵਿਖੇ ਬਾਬਾ ਗੁਰਮੁਖ ਸਿੰਘ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ ਐਜੂਕੇਸ਼ਨ, ਬਾਬਾ ਉੱਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਚਲਾਈ ਜਾ ਰਹੀ ਹੈ। ਇਸ ਅਕੈਡਮੀ ਦੇ ਖਿਡਾਰੀ ਇਸ ਸਮੇਂ ਰਾਸ਼ਟਰੀ ਟੀਮ 'ਚ ਖੇਡ ਰਹੇ ਹਨ। ਇਲਾਕੇ ਦੀ ਸਹੂਲਤ ਨੂੰ ਧਿਆਨ 'ਚ ਰੱਖਦਿਆਂ ਇਸ ਸਾਲ ਸੀਬੀਐੱਸਈ ਵੱਲੋਂ ਮਾਨਤਾ ਪ੍ਰਾਪਤ ਨਿਸ਼ਾਨ-ਏ-ਸਿੱਖੀ ਇੰਟਰਨੈਸ਼ਨਲ ਸਕੂਲ ਸ਼ੁਰੂ ਕੀਤਾ ਗਿਆ। ਮੱਧ ਪ੍ਰਦੇਸ਼ 'ਚ ਵੀ ਚਾਰ ਸਕੂਲ ਚਲਾਏ ਜਾ ਰਹੇ ਹਨ। ਇਨ੍ਹਾਂ ਸਕੂਲਾਂ 'ਚ ਪੰਜਾਬੀ ਵਿਸ਼ੇ ਲਈ ਐੱਮਪੀ ਬੋਰਡ ਪਾਸੋਂ ਮਨਜ਼ੂਰੀ ਲਈ ਗਈ ਤੇ ਧਾਰਮਿਕ ਵਿਸ਼ੇ ਦੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ।

ਸੰਪਰਦਾਇ ਵੱਲੋਂ ਸਿੰਗਾਪੁਰ ਨਿਵਾਸੀ ਕਰਤਾਰ ਸਿੰਘ ਠਕਰਾਲ ਤੇ ਪਰਿਵਾਰ ਦੇ ਸਹਿਯੋਗ ਨਾਲ ਅੱਠ ਮੰਜ਼ਿਲਾ ਇਮਾਰਤ 'ਨਿਸ਼ਾਨ-ਏ-ਸਿੱਖੀ' ਦੀ ਉਸਾਰੀ ਕਰਵਾਈ ਗਈ, ਜੋ ਆਧੁਨਿਕ ਸਹੂਲਤਾਂ ਨਾਲ ਲੈਸ ਹੈ ਤੇ ਇਥੇ ਸਿਵਲ ਸੇਵਾਵਾਂ, ਇੰਜੀਨੀਅਰਿੰਗ, ਮੈਡੀਕਲ ਤੇ ਮਿਲਟਰੀ ਦੀਆਂ ਮੁਕਾਬਲਾ ਤੇ ਭਰਤੀ ਪ੍ਰੀਖਿਆਵਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ 'ਨਿਸ਼ਾਨ-ਏ-ਸਿੱਖੀ ਚੈਰੀਟੇਬਲ ਟਰੱਸਟ' ਦਾ ਗਠਨ ਕੀਤਾ ਗਿਆ ਹੈ।

ਨਿਸ਼ਾਨ-ਏ-ਸਿੱਖੀ ਟਰੱਸਟ ਤੇ ਚੈਰੀਟੇਬਲ ਸੰਸਥਾ ਦਾ ਮੰਤਵ ਉੱਚ ਪੱਧਰੀ ਵਿੱਦਿਆ ਦੇਣਾ ਹੈ। ਧਾਰਮਿਕ ਸਿੱਖਿਆ ਦੇਣ ਲਈ ਗੁਰੂ ਅੰਗਦ ਦੇਵ ਇੰਸਟਚਿਊਟ ਆਫ ਰਿਲੀਜੀਅਸ ਸਟੱਡੀਜ਼ ਕੰਮ ਕਰ ਰਿਹਾ ਹੈ। ਪੇਂਡੂ ਖੇਤਰ ਦੇ ਵਿਦਿਆਰਥੀਆਂ ਨੂੰ ਮੈਡੀਕਲ, ਇੰਜਨੀਅਰਿੰਗ ਆਦਿ ਕੋਰਸਾਂ 'ਚ ਦਾਖ਼ਲਾ ਲੈਣ ਦੇ ਯੋਗ ਬਣਾਉਣ ਲਈ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੰਪੀਟੀਸ਼ਨਜ਼ ਸਮੇਤ ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕਰੀਅਰ ਐਂਡ ਕੋਰਸਿਸ, ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੰਪੀਟੀਟਿਵ ਐਗਜ਼ਾਮੀਨੇਸ਼ਜ਼, ਫ਼ੌਜੀ ਸੇਵਾਵਾਂ 'ਚ ਕਮਿਸ਼ਨਡ ਅਫਸਰ ਦੀ ਭਰਤੀ ਲਈ ਕੋਚਿੰਗ ਦੇਣ ਵਾਸਤੇ ਨੈਸ਼ਨਲ ਡਿਫੈਂਸ ਅਕੈਡਮੀ ਸਮੇਤ ਕਈ ਵਿੱਦਿਅਕ ਪ੍ਰਾਜੈਕਟ ਇਸ ਟਰੱਸਟ ਵੱਲੋਂ ਚਲਾਏ ਜਾ ਰਹੇ ਹਨ। ਬਾਬਾ ਸੇਵਾ ਸਿੰਘ ਜੀ ਵਾਤਾਵਰਨ ਦੀ ਸੰਭਾਲ ਲਈ 1999 ਤੋਂ ਮੁਹਿੰਮ ਚਲਾ ਰਹੇ ਹਨ। ਬਾਬਾ ਜੀ ਦੀਆਂ ਸੇਵਾਵਾਂ ਨੂੰ ਵੇਖਦਿਆਂ 2010 ਵਿਚ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ਼੍ਰੀ' ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸੰਯੁਕਤ ਰਾਸ਼ਟਰ ਦੇ ਸਕੱਤਰ ਬਾਨ ਕੀ ਮੂਨ ਤੇ ਬਰਤਾਨਵੀ ਪ੍ਰਿੰਸ ਫਿਲਿਪ ਵੱਲੋਂ ਵੀ ਸਨਮਾਨਤ ਕੀਤਾ ਗਿਆ।

ਕਾਰ ਸੇਵਾ ਸੰਪਰਦਾਇ ਵੱਲੋਂ ਵਾਤਾਵਰਨ ਦੀ ਸ਼ੁੱਧਤਾ ਲਈ 410 ਕਿਲੋਮੀਟਰ ਤੋਂ ਜ਼ਿਆਦਾ ਲੰਬੀਆਂ ਸੜਕਾਂ 'ਤੇ ਸਾਢੇ ਤਿੰਨ ਲੱਖ ਫਲ਼ਦਾਰ ਤੇ ਛਾਂ-ਦਾਰ ਰੁੱਖ ਲਗਵਾਏ ਗਏ। ਇਸ ਤੋਂ ਇਲਾਵਾ ਬਾਬਾ ਸਾਧੂ ਸਿੰਘ ਜੀ ਦੇ ਨਾਂ 'ਤੇ ਬਾਗ਼ ਲਗਵਾਇਆ ਗਿਆ, ਜਿਸ ਵਿਚ 36 ਪ੍ਰਕਾਰ ਦੇ ਫਲ਼ ਲਗਦੇ ਹਨ, ਜੋ ਸੰਗਤਾਂ ਨੂੰ ਪ੍ਰਸ਼ਾਦ ਦੇ ਰੂਪ 'ਚ ਦਿੱਤੇ ਜਾਂਦੇ ਹਨ। ਸਪੈਸ਼ਲ ਏਰੀਆ ਡਿਵੈਲਪਮੈਂਟ ਅਥਾਰਿਟੀ (ਸਾਡਾ) ਵੱਲੋਂ ਨਿਊ ਗਵਾਲੀਅਰ (ਮੱਧ ਪ੍ਰਦੇਸ਼) ਵਿਖੇ ਦਸ ਗੁਰੂ ਸਾਹਿਬਾਨ ਦੇ ਨਾਂ 'ਤੇ ਦਸ ਪਾਰਕ ਬਣਏ ਗਏ ਹਨ। ਜਿਨ੍ਹਾਂ ਵਿਚ ਬੂਟੇ ਲਗਾਉਣ ਦਾ ਕਾਰਜ ਵੀ ਇਸੇ ਸੰਸਥਾ ਨੇ ਕੀਤਾ।

28 ਫਰਵਰੀ ਨੂੰ ਕਾਰ ਸੇਵਾ ਵਾਲੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਿੰਘ ਸਾਹਿਬਾਨ ਅਤੇ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਤੇ ਪ੍ਰਚਾਰਕ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਉਣਗੇ।

98767-85672



ਬਾਬਾ ਗੁਰਮੁਖ ਸਿੰਘ।



ਬਾਬਾ ਝੰਡਾ ਸਿੰਘ।



ਬਾਬਾ ਸਾਧੂ ਸਿੰਘ।



ਬਾਬਾ ਉੱਤਮ ਸਿੰਘ।

# ਮੇਅਰ ਕੁੰਦਨ ਗੋਗੀਆ ਦੀ ਪ੍ਰੇਰਨਾ ਸਦਕਾ ਪਟਿਆਲਾ ਹਾਰਟ ਇੰਸਟੀਚਿਊਟ ਆਇਆ ਅੱਗੇ; ਸ਼ਹਿਰ ਦੇ ਵਿਕਾਸ ਲਈ ਦਿੱਤਾ 9.92 ਲੱਖ ਦਾ ਚੈੱਕ

## ਪਾਣੀ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਨਿੱਜੀ ਅਦਾਰੇ ਨਿਭਾ ਰਹੇ ਹਨ ਅਹਿਮ ਭੂਮਿਕਾ



**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਾਹੀ ਸ਼ਹਿਰ ਪਟਿਆਲਾ ਨੂੰ ਸਹੂਲਤਾਂ ਪੱਖੋਂ ਨੰਬਰ ਇੱਕ ਬਣਾਉਣ ਲਈ ਮੇਅਰ ਕੁੰਦਨ ਗੋਗੀਆ ਵੱਲੋਂ ਕੀਤੇ ਜਾ ਰਹੇ ਯਤਨਾਂ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ ਜਦੋਂ ਸ਼ਹਿਰ ਦੇ ਨਾਮੀ ਪਟਿਆਲਾ ਹਾਰਟ ਇੰਸਟੀਚਿਊਟ ਹਸਪਤਾਲ ਟੀਮ ਨੇ ਮੇਅਰ ਕੁੰਦਨ ਗੋਗੀਆ ਦੀ ਪ੍ਰੇਰਨਾ ਸਦਕਾ ਅਤੇ ਸੀ.ਏ. ਅਜੈ ਅਲੀਪੁਰੀਆ ਦੇ ਵਿਸ਼ੇਸ਼ ਸਹਿਯੋਗ ਸਦਕਾ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ ਦੀਆਂ ਸਮੱਸਿਆਵਾਂ ਦੇ ਹੱਲ ਲਈ ਨਗਰ ਨਿਗਮ ਨੂੰ 9 ਲੱਖ 92 ਹਜ਼ਾਰ ਰੁਪਏ ਦਾ ਚੈੱਕ ਸੌਂਪਿਆ ਗਿਆ। ਇਸ ਵਿਸ਼ੇਸ਼ ਮੌਕੇ 'ਤੇ ਪਟਿਆਲਾ ਹਾਰਟ ਇੰਸਟੀਚਿਊਟ ਦੇ ਐਮ.ਡੀ. ਡਾ. ਗੁਰਪ੍ਰੀਤ ਸਿੰਘ ਸਿੱਧੂ, ਡਾ. ਦਿਲਸ਼ਾਦ ਸਿੱਧੂ ਅਤੇ ਸੀ.ਏ. ਨੀਰਜ ਅਗਰਵਾਲ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਮੇਅਰ ਕੁੰਦਨ ਗੋਗੀਆ ਨੇ ਚੈੱਕ ਪ੍ਰਾਪਤ ਕਰਨ ਮੌਕੇ ਕਿਹਾ ਕਿ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਸਰਕਾਰੀ ਫੰਡਾਂ ਦੇ ਨਾਲ-ਨਾਲ ਨਿੱਜੀ ਖੇਤਰ ਦਾ ਸਹਿਯੋਗ ਮਿਲਣਾ ਇੱਕ ਸ਼ੁਭ ਸ਼ਗਨ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਰਾਸ਼ੀ ਖ਼ਾਸ ਤੌਰ 'ਤੇ ਪਾਣੀ ਦੀ ਸਪਲਾਈ ਅਤੇ ਸੀਵਰੇਜ ਪਾਈਪਾਂ ਨੂੰ ਦਰੁਸਤ ਕਰਨ ਲਈ ਵਰਤੀ ਜਾਵੇਗੀ। ਮੇਅਰ ਅਨੁਸਾਰ, ਅਜਿਹੇ ਸਹਿਯੋਗ ਨਾਲ ਵਿਕਾਸ ਕਾਰਜਾਂ ਵਿੱਚ ਪਾਰਦਰਸ਼ਤਾ ਆਉਂਦੀ ਹੈ ਅਤੇ ਕੰਮ ਦੀ ਗਤੀ ਵੀ ਕਈ ਗੁਣਾ ਵੱਧ ਜਾਂਦੀ ਹੈ।

ਇਸ ਮੌਕੇ ਮੇਅਰ ਨੇ ਸ਼ਹਿਰ ਦੇ ਹੋਰਨਾਂ ਉਦਯੋਗਪਤੀਆਂ ਅਤੇ ਨਿੱਜੀ ਅਦਾਰਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਪਟਿਆਲਾ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਅੱਗੇ ਆਉਣ। ਮੇਅਰ ਨੇ ਭਰੋਸਾ ਦਿੱਤਾ ਕਿ ਪਟਿਆਲਾ ਵਾਸੀਆਂ ਦੀ ਸੇਵਾ ਲਈ ਉਹ 24 ਘੰਟੇ ਹਾਜ਼ਰ ਹਨ ਅਤੇ ਸ਼ਹਿਰ ਦੀ ਹਰ ਗੰਭੀਰ ਸਮੱਸਿਆ ਦਾ ਜਲਦ ਨਿਪਟਾਰਾ ਕੀਤਾ ਜਾਵੇਗਾ।

# ਪੈਟਰੋਲਿੰਗ ਪਦਾਰਥਾਂ ਅਤੇ ਗੈਸ ਦੀ ਸਪਲਾਈ ਸਬੰਧੀ ਸ਼ਿਕਾਇਤਾਂ ਦੇ ਫੌਰੀ ਨਿਪਟਾਰੇ ਲਈ ਕੰਟਰੋਲ ਰੂਮ ਸਥਾਪਿਤ : ਡਿਪਟੀ ਕਮਿਸ਼ਨਰ

**ਮਾਨਸਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀਮਤੀ ਨਵਜੋਤ ਕੌਰ ਆਈ.ਏ.ਐਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾੜੀ ਖੇਤਰ ਵਿੱਚ ਮੌਜੂਦਾ ਤਣਾਅ ਦੇ ਮੱਦੇਨਜ਼ਰ ਜਿੱਥੇ ਜ਼ਿਲ੍ਹੇ ਅੰਦਰ ਐਲ.ਪੀ.ਜੀ. ਗੈਸ ਅਤੇ ਪੈਟਰੋਲ-ਡੀਜ਼ਲ ਦੀ ਜਮ੍ਹਾਂਖੋਰੀ ਅਤੇ ਕਾਲਾਬਜ਼ਾਰੀ ਨੂੰ ਰੋਕਣ ਲਈ ਟੀਮਾਂ ਪੂਰੀ ਚੌਕਸੀ ਰੱਖ ਰਹੀਆਂ ਹਨ, ਉਥੇ ਹੀ ਨਾਗਰਿਕਾਂ ਦੀਆਂ



ਪੈਟਰੋਲਿੰਗ ਪਦਾਰਥਾਂ ਅਤੇ ਗੈਸ ਦੀ ਸਪਲਾਈ ਸਬੰਧੀ ਸ਼ਿਕਾਇਤਾਂ ਦੇ ਫੌਰੀ ਨਿਪਟਾਰੇ ਲਈ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੰਟਰੋਲ ਰੂਮਾਂ 'ਤੇ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਨਿਰੀਖੱਕ ਤਾਇਨਾਤ ਰਹਿਣਗੇ।

ਡੀਸੀ ਨਵਜੋਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਮਨਦੀਪ ਸਿੰਘ ਮਾਨ ਨੇ ਦੱਸਿਆ ਕਿ ਮਾਨਸਾ ਸੈਂਟਰ ਲਈ ਨਿਰੀਖੱਕ ਨਮਿੱਤ ਕੁਮਾਰ ਨਾਲ ਉਨ੍ਹਾਂ ਦੇ ਮੋਬਾਇਲ ਨੰਬਰ 94656-88592 ਅਤੇ ਮਨੀਸ਼ ਕੁਮਾਰ ਸਿੰਗਲਾ ਨਾਲ 95309-00033 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਭੀਖੀ ਸੈਂਟਰ ਲਈ ਜਸਪ੍ਰੀਤ ਸਿੰਘ 98157-14597 ਅਤੇ ਨਰੇਸ਼ ਕੁਮਾਰ ਜਿੰਦਲ 84271-86655, ਬੁਢਲਾਡਾ ਖੇਤਰ ਲਈ ਜਸਵੀਰ ਸਿੰਘ 95011-03978 ਅਤੇ ਪੁਨੀਤ ਕੁਮਾਰ 81468-00551 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਨੇ ਦੱਸਿਆ ਕਿ ਬਰੇਟਾ ਖੇਤਰ ਲਈ ਹਿਤੈਸ਼ੀ 90416-33791 ਅਤੇ ਲੌਰਿਸ ਬਾਂਸਲ 98785-47037, ਬੋਹਾ ਖੇਤਰ ਲਈ ਰਾਜਵਿੰਦਰ ਸਿੰਘ 94177-74789 ਅਤੇ ਜਸਵਿੰਦਰ ਸਿੰਘ 98786-02964, ਸਰਦੂਲਗੜ੍ਹ ਖੇਤਰ ਲਈ ਮੋਹਿਤ ਗੋਇਲ 90177-91089 ਤੇ ਰਾਜ ਕੁਮਾਰ 81465-24435 ਅਤੇ ਇਸੇ ਤਰ੍ਹਾਂ ਝੁਨੀਰ ਖੇਤਰ ਲਈ ਹਰਜੀਤ ਸਿੰਘ 98728-83001 ਅਤੇ ਮਨੀਸ਼ ਗਰਗ ਨਾਲ 70095-78068 ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਡਿਪਟੀ ਕਮਿਸ਼ਨਰ ਨਵਜੋਤ ਕੌਰ ਨੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੰਟਰੋਲ ਰੂਮ ਉਤੇ ਤਾਇਨਾਤ ਨਿਰੀਖਕ, ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਮੁਕੰਮਲ ਰਿਕਾਰਡ ਰੱਖਦੇ ਹੋਏ ਸ਼ਿਕਾਇਤਾਂ ਦਾ ਹਰ ਸੰਭਵ ਨਿਪਟਾਰਾ ਸਮੇਂ ਸਿਰ ਕਰਵਾਉਣਾ ਯਕੀਨੀ ਬਣਾਉਣਗੇ।

# ਪੰਜਾਬ ਹਰ ਪਰਿਵਾਰ ਨੂੰ 10 ਲੱਖ ਰੁਪਏ ਸਾਲਾਨਾ ਨਕਦ ਰਹਿਤ ਸਿਹਤ ਕਵਰ ਦੇਣ ਵਾਲਾ ਪਹਿਲਾ ਸੂਬਾ ਬਣਿਆ: ਡਾ. ਬਲਬੀਰ ਸਿੰਘ

**ਚੰਡੀਗੜ੍ਹ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਨੀਵਰਸਲ ਹੈਲਥਕੇਅਰ ਵੱਲ ਇੱਕ ਇਤਿਹਾਸਕ ਕਦਮ ਪੁੱਟਦਿਆਂ, ਪੰਜਾਬ ਸਰਕਾਰ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਾਲਾਨਾ ਨਕਦ ਰਹਿਤ ਸਿਹਤ ਕਵਰ ਪ੍ਰਦਾਨ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣਿਆ। ਇਹ ਯੋਜਨਾ ਪੀ.ਐਮ-ਜੇ.ਏ.ਵਾਈ ਸਕੀਮ ਦੇ 5 ਲੱਖ ਰੁਪਏ ਦੇ ਕਵਰ ਨੂੰ ਦੁੱਗਣਾ ਕਰਦੀ ਹੈ ਅਤੇ ਸਾਰੇ ਵਸਨੀਕਾਂ ਨੂੰ ਇਸ ਦੇ ਦਾਇਰੇ ਵਿੱਚ ਲਿਆਉਂਦੀ ਹੈ। ਇੱਕ ਵੱਡੇ ਮੀਲ ਪੱਥਰ ਵਜੋਂ, ਸੂਬੇ ਵਿੱਚ ਹੁਣ ਤੱਕ 30 ਲੱਖ ਤੋਂ ਵੱਧ 'ਸਿਹਤ ਕਾਰਡ' ਬਣਾਏ ਜਾ ਚੁੱਕੇ ਹਨ, ਜਿਸ ਨਾਲ ਪੰਜਾਬ ਦੀ ਲਗਭਗ ਅੱਧੀ ਆਬਾਦੀ ਨੂੰ ਸੁਰੱਖਿਅਤ ਸਿਹਤ ਕਵਰ ਮਿਲ ਗਿਆ ਹੈ। ਕਾਰਡ ਬਣਾਉਣ ਦੀ ਇਹ ਵੱਡੀ ਗਿਣਤੀ ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਲੋਕਾਂ ਦੇ ਉਤਸ਼ਾਹ ਨੂੰ ਦਰਸਾਉਂਦੀ ਹੈ। ਇਸ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਿਆਂ, ਭਗਵੰਤ ਮਾਨ ਸਰਕਾਰ ਨੇ ਪੰਜਾਬ ਬਜਟ 2026-27 ਵਿੱਚ ਵਿੱਚ ਇਸ ਯੋਜਨਾ ਲਈ 2000 ਕਰੋੜ ਰੁਪਏ ਅਲਾਟ ਕੀਤੇ ਹਨ, ਜੋ ਸਿਹਤ ਸਹੂਲਤਾਂ ਨੂੰ ਸਰਕਾਰ ਦੇ ਸ਼ਾਸਨ ਮਾਡਲ ਦਾ ਕੇਂਦਰੀ ਥੰਮ੍ਹ ਬਣਾਉਂਦੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਇਸ ਤਬਦੀਲੀ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, 30 ਲੱਖ ਤੋਂ ਵੱਧ ਸਿਹਤ ਕਾਰਡਾਂ ਦੀ ਰਜਿਸਟ੍ਰੇਸ਼ਨ ਦੇ ਨਾਲ, ਪੰਜਾਬ ਜਨਤਕ ਸਿਹਤ ਸੰਭਾਲ ਵਿੱਚ ਇੱਕ ਨਵਾਂ ਮਿਆਰ ਸਥਾਪਤ ਕਰ ਰਿਹਾ ਹੈ। ਪੰਜਾਬ ਭਾਰਤ ਦਾ ਪਹਿਲਾ ਅਜਿਹਾ ਸੂਬਾ ਹਾਂ ਜੋ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਅਤੇ ਨਕਦ ਰਹਿਤ ਇਲਾਜ ਮੁਹੱਈਆ ਕਰਵਾ ਰਿਹਾ ਹੈ। ਇਹ ਨਾ ਸਿਰਫ਼ ਆਰਥਿਕ ਰੁਕਾਵਟਾਂ ਨੂੰ ਦੂਰ ਕਰ ਰਿਹਾ ਹੈ, ਸਗੋਂ ਹਰ ਨਾਗਰਿਕ ਲਈ ਸਨਮਾਨ ਅਤੇ ਸਮੇਂ ਸਿਰ ਇਲਾਜ ਦੀ ਗਰੰਟੀ ਵੀ ਦੇ ਰਿਹਾ ਹੈ। ਇਸ ਯੋਜਨਾ ਦੇ ਤੇਜ਼ੀ ਨਾਲ ਪਸਾਰ ਲਈ ਪਿੰਡਾਂ, ਮੰਡੀਆਂ, ਸਕੂਲਾਂ, ਕਾਲਜਾਂ, ਹਸਪਤਾਲਾਂ, ਫੈਕਟਰੀਆਂ ਅਤੇ ਜਨਤਕ ਥਾਵਾਂ 'ਤੇ ਸਿਹਤ ਕੈਂਪਾਂ ਰਾਹੀਂ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਗਿਆ ਹੈ। ਸੇਵਾ ਕੇਂਦਰਾਂ ਅਤੇ ਕਾਮਨ ਸਰਵਿਸ ਸੈਂਟਰਾਂ 'ਤੇ ਲਗਾਤਾਰ ਰਜਿਸਟ੍ਰੇਸ਼ਨ ਅਤੇ ਘਰ-ਘਰ ਜਾ ਕੇ ਪਹੁੰਚ ਕਰਨ ਨਾਲ ਹਰ ਵਰਗ ਦੇ ਲੋਕਾਂ ਨੂੰ ਇਸ ਦਾ ਲਾਭ ਮਿਲਣਾ ਯਕੀਨੀ ਹੋਇਆ ਹੈ। ਜਿਵੇਂ-ਜਿਵੇਂ ਇਸ ਯੋਜਨਾ ਦਾ ਦਾਇਰਾ ਵਧ ਰਿਹਾ ਹੈ, ਇਸਦੇ ਵਰਤੋਂ ਦੇ ਰੁਝਾਨ ਜ਼ਮੀਨੀ ਪੱਧਰ 'ਤੇ ਪੈਣ ਵਾਲੇ ਪ੍ਰਭਾਵ ਨੂੰ ਦਰਸਾਉਂਦੇ ਹਨ। ਸਭ ਤੋਂ ਵੱਧ ਲਏ ਜਾਣ ਵਾਲੇ ਇਲਾਜਾਂ ਵਿੱਚ ਡਾਇਲਸਿਸ, ਦਿਲ ਦੀਆਂ ਪ੍ਰਕਿਰਿਆਵਾਂ ਜਿਵੇਂ ਕਿ ਐਂਜੀਓਪਲਾਸਟੀ, ਗੋਡੇ ਬਦਲਣ ਵਰਗੀਆਂ ਆਰਥੋਪੀਡਿਕ ਸਰਜਰੀਆਂ, ਕੈਂਸਰ ਦਾ ਇਲਾਜ, ਅਤੇ ਹਾਦਸਿਆਂ ਤੇ ਜਾਨਵਰਾਂ ਦੇ ਕੱਟਣ ਵਰਗੇ ਐਮਰਜੈਂਸੀ ਕੇਸ ਸ਼ਾਮਲ ਹਨ।

ਇਸ ਯੋਜਨਾ ਦੀ ਪਹੁੰਚ ਹਰ ਉਮਰ ਦੇ ਲੋਕਾਂ ਅਤੇ ਗੰਭੀਰ ਬਿਮਾਰੀਆਂ ਤੱਕ ਫੈਲੀ ਹੋਈ ਹੈ। ਸ੍ਰੀ ਮੁਕਤਸਰ ਸਾਹਿਬ ਵਿੱਚ ਇੱਕ 1 ਸਾਲ ਦੇ ਬੱਚੇ ਨੂੰ ਨਿਮੋਨੀਆ ਦਾ ਸਮੇਂ ਸਿਰ ਇਲਾਜ ਮਿਲਿਆ, ਜਦੋਂ ਕਿ ਮੋਗਾ ਵਿੱਚ ਇੱਕ 98 ਸਾਲਾ ਬਜ਼ੁਰਗ ਮਹਿਲਾ ਨੇ ਕੀਮੋਥੈਰੇਪੀ ਨਾਲ ਸਬੰਧਤ ਸੇਵਾਵਾਂ ਪ੍ਰਾਪਤ ਕੀਤੀਆਂ। ਇੱਕ ਹੋਰ ਮਾਮਲੇ ਵਿੱਚ, ਮਾਣਕਪੁਰ ਦੀ ਸੁਖਵਿੰਦਰ ਕੌਰ ਦੇ ਦਿਲ ਦੀ ਗੰਭੀਰ ਹਾਲਤ ਕਾਰਨ ਤੁਰੰਤ ਸਟੈਂਟ ਪਾਏ ਗਏ, ਜਿਸ ਦਾ ਅੰਦਾਜ਼ਨ ਖਰਚਾ 3-4 ਲੱਖ ਰੁਪਏ ਸੀ, ਜੋ ਕਿ ਪੂਰੀ ਤਰ੍ਹਾਂ ਇਸ ਯੋਜਨਾ ਅਧੀਨ ਕਵਰ ਕੀਤਾ ਗਿਆ।

ਹਰੇਕ ਮਾਮਲੇ ਵਿੱਚ, ਇਲਾਜ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋਇਆ, ਜੋ ਇਹ ਦਰਸਾਉਂਦਾ ਹੈ ਕਿ ਕਿਵੇਂ ਸਿਹਤ ਕਾਰਡ ਹਰ ਉਮਰ ਵਰਗ ਅਤੇ ਡਾਕਟਰੀ ਲੋੜਾਂ ਲਈ ਤੁਰੰਤ ਅਤੇ ਨਕਦੀ ਰਹਿਤ ਇਲਾਜ ਨੂੰ ਸੰਭਵ ਬਣਾ ਰਿਹਾ ਹੈ।

900 ਤੋਂ ਵੱਧ ਸੂਚੀਬੱਧ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਅਤੇ 2300 ਤੋਂ ਵੱਧ ਇਲਾਜ ਪੈਕੇਜਾਂ ਦੇ ਨਾਲ, ਲਾਭਪਾਤਰੀ ਹੁਣ ਆਪਣੇ ਘਰ ਦੇ ਨੇੜੇ ਮਿਆਰੀ ਸਿਹਤ ਸੇਵਾਵਾਂ ਦਾ ਲਾਭ ਉਠਾ ਰਹੇ ਹਨ। ਹੁਣ ਤੱਕ, ਇਸ ਯੋਜਨਾ ਤਹਿਤ 300 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਲਗਭਗ 2 ਲੱਖ ਇਲਾਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 43,000 ਤੋਂ ਵੱਧ ਸਰਜੀਕਲ ਪ੍ਰਕਿਰਿਆਵਾਂ ਸ਼ਾਮਲ ਹਨ।

ਜਿਵੇਂ-ਜਿਵੇਂ ਰਜਿਸਟ੍ਰੇਸ਼ਨ ਦਾ ਅੰਕੜਾ 65 ਲੱਖ ਪਰਿਵਾਰਾਂ ਦੇ ਟੀਚੇ ਵੱਲ ਵਧ ਰਿਹਾ ਹੈ, ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਦੇ ਸਿਹਤ ਢਾਂਚੇ ਦੇ ਇੱਕ ਮਜ਼ਬੂਤ ਅਧਾਰ ਵਜੋਂ ਉੱਭਰ ਰਹੀ ਹੈ, ਜੋ ਜਨਤਕ ਸਿਹਤ ਕਵਰੇਜ ਦੇ ਪੈਮਾਨੇ ਅਤੇ ਦਾਇਰੇ ਵਿੱਚ ਇੱਕ ਰਾਸ਼ਟਰੀ ਮਿਸਾਲ ਕਾਇਮ ਕਰ ਰਹੀ ਹੈ।

# ਲੁਧਿਆਣਵੀ ਦੇ ਨਾਮ 'ਤੇ ਸਮਾਰਕ, ਮਿਊਜ਼ੀਅਮ ਤੇ ਕਮਿਊਨਿਟੀ ਸੈਂਟਰ ਬਣਾਉਣ ਦਾ ਰਾਹ ਸੁਗਮ



**ਲੁਧਿਆਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਕ੍ਰਾਂਤੀਕਾਰੀ ਸ਼ਾਇਰ ਅਤੇ ਮੰਨੇ-ਪਰਵਨੇ ਫ਼ਿਲਮੀ ਗੀਤਕਾਰ ਸਾਹਿਰ ਲੁਧਿਆਣਵੀ ਦੇ ਨਾਮ 'ਤੇ ਸਮਾਰਕ, ਕਮਿਊਨਿਟੀ ਸੈਂਟਰ ਅਤੇ ਮਿਊਜ਼ੀਅਮ ਬਣਾਉਣ ਵੱਲ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਅਹਿਮ ਕਦਮ ਚੁੱਕਿਆ ਗਿਆ ਹੈ।

ਇਸ ਪ੍ਰੋਜੈਕਟ ਨੂੰ ਲੈ ਕੇ ਆ ਰਹੀਆਂ ਸਾਰੀਆਂ ਔਕੜਾਂ ਨੂੰ ਦੂਰ ਕਰ ਲਿਆ ਗਿਆ ਹੈ ਅਤੇ ਪੱਖੋਵਾਲ ਰੋਡ 'ਤੇ ਇਨ੍ਹਾਂ ਸਮਾਰਕਾਂ ਦੀ ਉਸਾਰੀ ਲਈ ਜਲਦ ਹੀ ਟੈਂਡਰ ਜਾਰੀ ਕੀਤੇ ਜਾਣਗੇ।

ਇਸ ਗੱਲ ਦਾ ਖੁਲਾਸਾ ਮੀਡੀਅਮ ਸੀਨੀਅਰ ਵਾਈਸ ਇੰਡਸਟਰੀ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ ਨੇ ਸਮਾਜਸੇਵੀ ਸੰਸਥਾ ਸਾਡੇ ਬਜ਼ੁਰਗ ਸਾਡਾ ਮਾਨ ਵੱਲੋਂ ਕਰਵਾਏ ਗਏ ਇਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਕੀਤਾ। ਇਹ ਪ੍ਰੋਗਰਾਮ ਬੇਸਹਾਰਾ ਅਤੇ ਲਾਚਾਰ ਬਜ਼ੁਰਗਾਂ ਦੀ ਸੇਵਾ ਸੰਭਾਲ ਨੂੰ ਸਮਰਪਿਤ ਸੀ, ਜਿਸ ਦੀ ਰਹਿਨੁਮਾਈ ਚੇਅਰਮੈਨ ਅਰੁਣ ਉੱਪਲ ਵੱਲੋਂ ਕੀਤੀ ਗਈ।

ਪ੍ਰੋਗਰਾਮ ਦਾ ਉਦਘਾਟਨ ਲੁਧਿਆਣਾ ਵਿਧਾਨ ਸਭਾ ਖੇਤਰ ਦੇ ਐਮ.ਐਲ.ਏ ਅਸ਼ੋਕ ਪਰਾਸ਼ਰ ਪੱਪੀ ਨੇ ਕੀਤਾ, ਜਦਕਿ ਇਸ ਮੌਕੇ 'ਤੇ ਲਗਾਏ ਗਏ ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਦੀ ਪ੍ਰਧਾਨਗੀ ਲੁਧਿਆਣਾ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕੀਤੀ।

ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਕੀਰਤੀ ਗਰੋਵਰ, ਨੀਰਜ ਸਚਦੇਵਾ, ਜੈਲੀ ਚੋਪੜਾ, ਡਾ. ਸੰਜੇ ਸੋਨੀ, ਵਿੱਕੀ ਵਰਮਾ, ਆਸ਼ਾ ਰਿੰਕੂ ਅਤੇ ਰਣਜੀਤ ਸਿੰਘ ਦਸ਼ਮੇਸ਼ ਨੇ ਵਿਸ਼ੇਸ਼ ਯੋਗਦਾਨ ਪਾਇਆ। ਇਸ ਤੋਂ ਇਲਾਵਾ ਨਾਮੀ ਸ਼ਾਇਰ ਮੁਹੰਮਦ ਅਸ਼ਫ਼ਾਕ ਜਿਗਰ, ਨਈਮ ਚਿਕਰਾਜਮਲੀ ਬਿਜਨੌਰ, ਅਸ਼ੋਕ ਰਾਹੀ, ਕੰਨਿਕਾ ਸਾਹੀ ਅਤੇ ਗੁਰਪ੍ਰੀਤ ਫਲੋਰਾ ਨੇ ਆਪਣੀਆਂ ਰਚਨਾਵਾਂ ਪੇਸ਼ ਕਰਕੇ ਮੌਜੂਦ ਦਰਸ਼ਕਾਂ ਦਾ ਮਨ ਮੋਹ ਲਿਆ।

ਇਸ ਮੌਕੇ 'ਤੇ ਬੋਲਦਿਆਂ ਵਕਤਾਵਾਂ ਨੇ ਕਿਹਾ ਕਿ ਸਾਹਿਰ ਲੁਧਿਆਣਵੀ ਵਰਗੇ ਮਹਾਨ ਸ਼ਾਇਰ ਦੀ ਯਾਦ ਵਿੱਚ ਬਣਨ ਵਾਲਾ ਇਹ ਸਮਾਰਕ ਨਾ ਸਿਰਫ਼ ਲੁਧਿਆਣਾ ਦੀ ਸਾਂਸਕ੍ਰਿਤਿਕ ਪਹਿਚਾਣ ਨੂੰ ਮਜ਼ਬੂਤ ਕਰੇਗਾ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਨਾ ਦਾ ਸਰੋਤ ਬਣੇਗਾ।

# ਸੜਕਾਂ 'ਤੇ ਦੌੜ ਰਹੇ ਮਿਆਦ ਪੁਗਾ ਚੁੱਕੇ ਵਾਹਨ

**ਸਮਾਣਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹੇ ਅੰਦਰ ਜੇਕਰ ਟਰਾਂਸਪੋਰਟ ਵ੍ਹੀਕਲ - ਐਕਟ ਦੇ ਨਿਯਮ ਅਨੁਸਾਰ ਸੜਕਾਂ 'ਤੇ - ਕਿੜੀਆਂ ਵਾਗ ਦੌੜ ਰਹੇ ਸਾਧਨਾਂ ਦੀ - ਫਿਟਨਸ ਪੇਪਰ ਜਾਂਚ ਅਰੰਭ ਕੀਤੀ - ਜਾਵੇ, ਤਾਂ ਬਿਨਾਂ ਨਿਯਮ ਪੂਰੇ ਕਰਨ - ਵਾਲੇ 50ਫੀ ਸਦੀ ਵੀਕਲ ਆਵਾਜਾਈ - 'ਚ ਰੁਕਾਵਟ ਦਾ ਕਰਨ ਬਣਨ ਤੋਂ - ਵੇਹਲੇ ਹੋ ਕੇ ਆਪਣੇ ਟਿਕਾਣਿਆਂ ਖੜੇ - ਦਿਖਾਈ ਦਿੰਦੇ ਨਜ਼ਰ ਆ ਸਕਦੇ ਹਨ। - ਸੱਭ ਤੋਂ ਵੱਧ ਰਿਸਕੀ ਹਲਾਤਾਂ 'ਚ ਸੂਬੇ - ਦੇ ਨਾਮੀ ਵਿੱਦਿਅਕ ਅਦਾਰਿਆਂ 'ਚ - ਸਕੂਲੀ ਸਟਾਫ ਜਾ ਵਿਦਿਆਰਥੀਆਂ ਦੀ - ਢੋਆ-ਢੁਆਈ ਨੂੰ ਲੈਕੇ ਚੱਲਣ ਵਾਲੇ = ਡਰਾਈਵਰਾਂ ਜਾ ਉਨ੍ਹਾਂ ਦੇ ਵਾਹਨਾਂ ਦੇ = ਫਿਟਨਸ ਪੇਪਰਾਂ ਦੀ ਗੱਲ ਸ਼ੁਰੂ ਕਰਨ ਤੋਂ - ਪਹਿਲਾਂ ਜਦੋਂ ਅਦਾਰਾ ਰੋਜ਼ਾਨਾ ਚੜਦੀਕਲਾ ਦੀ ਟੀਮ ਨੇ ਇਸ ਮਾਮਲੇ ਤੇ ਆਪਣਾ ਸਰਵੇ ਸ਼ੁਰੂ ਕੀਤਾ ਤਾਂ ਨਤੀਜੇ ਬਹੁਤ ਹੀ ਹਰਾਨੀਜਨਕ ਨਿਕਲ ਕੇ ਸਾਹਮਣੇ ਆਏ, ਜਦੋਂ ਪਟਿਆਲਾ ਤੋਂ ਡਕਾਲਾ ਰੋਡ ਅਤੇ ਪਟਿਆਲਾ ਤੋਂ ਬਲਬੇੜ੍ਹਾ ਰੋਡ 'ਤੇ ਸਥਿਤ ਚੱਲ ਰਹੇ ਵਿੱਦਿਅਕ ਅਦਾਰਿਆਂ ਦੇ ਵਹੀਕਲਾਂ ਸਬੰਧੀ ਸਰਵੇਖਣ ਕੀਤਾ ਗਿਆ ਤਾਂ ਜਿੱਥੇ ਬਹੁ ਗਿਣਤੀ ਸਕੂਲੀ ਅਦਾਰਿਆਂ 'ਚ ਪ੍ਰਾਈਵੇਟ ਤੌਰ 'ਤੇ ਚੱਲ ਰਹੇ ਵਹੀਕਲਾਂ ਦੇ ਡਰਾਈਵਰਾਂ ਦੇ ਲਾਇਸੰਸ ਅਨਫਿਟ ਤੇ ਐਕਸਪਾਇਰੀ ਡੇਟ ਦੇ ਦੇਖਣ ਨੂੰ ਸਾਹਮਣੇ ਆਏ ਜਿਨ੍ਹਾਂ ਨੂੰ ਸਕੂਲ 'ਚ ਵਿਦਿਆਰਥੀਆਂ ਨੂੰ ਲਿਆਉਣ ਤੋਂ ਉਪਰੰਤ ਕਿਸੇ ਗੁਪਤ ਪ੍ਰਾਈਵੇਟ ਥਾਂ 'ਤੇ ਪਾਰਕ ਕਰ ਦਿੱਤੇ ਜਾਂਦੇ ਹਨ, ਅਤੇ ਉਹਨਾਂ ਨੂੰ ਸਿਰਫ ਛੁੱਟੀ ਹੋਣ ਦੇ ਸਮੇਂ ਮੌਕੇ 'ਤੇ ਹੀ ਸਕੂਲ 'ਚ ਖੜੇ ਕਰ ਦਿੱਤਾ ਜਾਂਦਾ ਹੈ, ਜਦੋਂ ਵਿਦਿਆਰਥੀਆਂ ਨੂੰ ਘਰੋਂ-ਘਰੀ ਛੱਡਣ ਲਈ ਲਿਜਾਣਾ ਹੋਵੇ ਇਹਨਾਂ ਵਿੱਚ ਬਹੁਤ ਗਿਣਤੀ ਵਹੀਕਲ ਅਜਿਹੇ ਦੇਖਣ 'ਚ ਸਾਹਮਣੇ ਆਏ ਜਿਹੜੇ ਸਕੂਲੀ ਵਿਦਿਆਰਥੀਆਂ ਲਈ ਕਿਸੇ ਵੀ ਸਮੇਂ ਸੰਕਟ ਦਾ ਕਾਰਨ ਬਣ ਸਕਦੇ ਹਨ, ਕਿਉਂਕਿ ਜਿੱਥੇ ਉਹਨਾਂ ਦੇ ਟਰਾਂਸਪੋਰਟ ਵਿਭਾਗ ਦੇ ਨਿਯਮਾਂ ਅਨੁਸਾਰ ਸ਼ਰਤਾਂ ਪੂਰੀਆਂ ਕਰਨ ਵਾਲੇ ਪੇਪਰ ਐਕਸਪੈਰੀ ਡੇਟ 'ਚ ਪਏ ਮਿਲੇ ਜਿਹੜੇ ਵਹੀਕਲ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੈ ਕੇ ਢੋਆ-ਢਵਾਈ ਕਰ ਰਹੇ ਹਨ ਅਤੇ ਜਿਹੜੇ ਟਰਾਂਸਪੋਰਟ ਵਹੀਕਲ ਐਕਟ ਦੀ ਤੈਅ ਕੀਤੀ ਸੀਮਾ 'ਤੇ ਸ਼ਰਤਾਂ ਦੇ ਨਿਯਮਾਂ ਨੂੰ ਛਿੱਕੇ ਟੰਗ ਕੇ ਸਿਰਫ ਵਪਾਰਕ ਵਾਧਾ ਤੇ ਬਿਜਨਸ ਚਲਾਉਣ ਦੀ ਨੀਅਤ ਨਾਲ ਵਿਦਿਆਰਥੀਆਂ ਦੀਆਂ ਕੀਮਤੀ ਜਿੰਦਗੀਆਂ ਨੂੰ ਖਤਰੇ 'ਚ ਪਾ ਕੇ ਸੜਕਾਂ 'ਤੇ ਦੌੜ ਰਹੇ ਹਨ। ਇਸ ਮੌਕੇ ਜਦੋਂ ਅਖ਼ਬਾਰਾਂ ਦੀ ਟੀਮ ਵੱਲੋਂ ਚੇਤਨ ਵਿਰਤੀ ਅਤੇ ਬੁੱਧੀਜੀਵੀ ਵਰਗ ਨਾਲ ਇਸ ਮਾਮਲੇ ਨੂੰ ਲੈ ਕੇ ਗੱਲਬਾਤ ਕੀਤੀ ਤਾਂ ਤਾਂ ਉਹਨਾਂ ਦਾ ਕਹਿਣਾ ਹੈ ਕਿ ਇਹ ਸੜਕਾਂ 'ਤੇ ਦੌੜ ਰਹੇ ਮਿਆਦ ਪੁਗਾ ਚੁੱਕੇ ਵਾਹਨ ਜਿੱਥੇ ਪੰਜਾਬ ਦੇ ਟਰੈਫਿਕ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੱਡੇ ਸਵਾਲ ਖੜੇ ਕਰ ਰਹੇ ਹਨ, ਉੱਥੇ ਇਹ ਅਨਸੇਫ ਵਾਹਨ ਸਿਰਫ ਚੰਦ ਪੈਸਿਆਂ ਦੇ ਲਾਲਚ ਲਈ ਬੱਚਿਆਂ ਦੀਆਂ ਕੀਮਤੀ ਜਿੰਦਗੀਆਂ ਨੂੰ ਖਤਰੇ 'ਚ ਪਾ ਰਹੇ ਹਨ ਅਤੇ ਸੜਕਾਂ 'ਤੇ ਆਉਣ ਜਾਣ ਵਾਲੀ ਆਵਾਜਾਈ 'ਚ ਵੀ ਵਿਘਨ ਪਾਉਣ ਦਾ ਕੰਮ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਲੋਕ ਸਰਕਾਰੀ ਨਿਯਮਾਂ ਅਨੁਸਾਰ ਪੇਪਰ ਪੂਰੇ ਕਰਨ ਤੋਂ ਵਗੈਰ ਵੀਕਲ ਫਿਟਨਸ ਫੀਸ ਨੂੰ ਭਰੇ ਬਿਨਾਂ ਟੈਕਸ ਰੁਪੀ ਕੁੰਡੀ ਲਾ ਕੇ ਟਰਾਂਸਪੋਰਟ ਵਿਭਾਗ ਦੇ ਨਿਯਮ ਅਤੇ ਸਰਕਾਰੀ ਖਜ਼ਾਨੇ ਨੂੰ ਸੰਨ ਲਾਉਣ ਦਾ ਕੰਮ ਕਰ ਰਹੇ ਹਨ।

ਇਸ ਮੌਕੇ ਉਹਨਾਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਤੇ ਈਟੀਓ, ਡੀਟੀਓ ਡਿਪਾਰਟਮੈਂਟ ਦੇ ਉੱਚ ਅਧਿਕਾਰੀਆਂ ਨੂੰ ਪ੍ਰੈੱਸ ਦੇ ਮਾਧਿਅਮ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਹਾਦਸੇ ਵਾਪਰਨ ਤੋਂ ਬਾਅਦ ਕਾਰਵਾਈ ਕਰਨ ਦੀ ਥਾਂ 'ਤੇ ਸਰਕਾਰੀ ਦਫਤਰਾਂ 'ਚੋਂ ਬਾਹਰ ਨਿਕਲ ਕੇ ਫੀਲਡ 'ਚ ਜਾ ਕੇ ਸੜਕਾਂ 'ਤੇ ਦੌੜ ਰਹੇ ਅਤੇ ਸਰਕਾਰੀ, ਪ੍ਰਾਈਵੇਟ ਵਿੱਦਿਅਕ ਸੰਸਥਾਵਾਂ 'ਤੇ ਸਕੂਲਾਂ ਦੇ ਵਾਹਨ ਵਿਸ਼ੇਸ਼ ਤੌਰ 'ਤੇ ਚੈੱਕ ਕੀਤੇ ਜਾਣ, ਤਾਂ ਜੋ ਅਜਿਹੇ ਬੇਪਰਵਾਹ ਲੋਕਾਂ ਦੀਆਂ ਲਾਪਰਵਾਹੀਆਂ ਕਾਰਨ ਵਾਪਰਨ ਵਾਲੀਆਂ ਅਜਿਹੀਆਂ ਘਟਨਾਵਾਂ ਅਤੇ ਹਾਦਸਿਆਂ ਨੂੰ ਵਾਪਰਨ ਤੋਂ ਪਹਿਲਾਂ ਰੋਕਿਆ ਜਾ ਸਕੇ।

# ਪੀ.ਆਰ.ਟੀ.ਸੀ ਚੇਅਰਮੈਨ ਹਰਪਾਲ ਜੁਨੇਜਾ ਨੇ ਹਰਪਾਲ ਸਿੰਘ ਚੀਮਾ ਨੂੰ ਟਰਾਂਸਪੋਰਟ ਮੰਤਰੀ ਬਨਣ 'ਤੇ ਵਧਾਈ ਦਿੰਦਿਆਂ ਪੀ.ਆਰ.ਟੀ.ਸੀ ਦੀ ਕਾਰਗੁਜਾਰੀ ਤੋਂ ਜਾਣੂ ਕਰਵਾਇਆ

**ਪਟਿਆਲਾ, 3 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੀ.ਆਰ.ਟੀ.ਸੀ ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਵੱਲੋਂ ਟਰਾਂਸਪੋਰਟ ਵਿਭਾਗ ਦਾ ਚਾਰਜ ਸੰਭਾਲਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

ਇਸ ਮੌਕੇ ਐਡਵੋਕੇਟ ਜੁਨੇਜਾ ਨੇ ਨਵੇਂ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਵਾਰੀਆਂ ਨੂੰ ਬਿਹਤਰ ਬੱਸ ਸੇਵਾ ਮੁਹੱਈਆ ਕਰਵਾਉਣ ਅਤੇ ਬੰਦ ਪਏ ਰੂਟਾਂ ਨੂੰ ਸਵਾਰੀਆਂ ਲਈ ਚਲਾਉਣ ਲਈ ਪੀ.ਆਰ.ਟੀ.ਸੀ ਦੇ ਬੇੜੇ ਵਿੱਚ ਜਲਦ ਹੀ 663 ਨਵੀਆਂ ਬੱਸਾਂ ਸ਼ਾਮਿਲ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ 250 ਬੱਸਾਂ ਜਲਦ ਹੀ ਸ਼ਾਮਿਲ ਕਰਕੇ ਸਵਾਰੀਆਂ ਨੂੰ ਬੱਸ ਸਰਵਿਸ ਮੁੱਹਈਆ ਕਰ ਦਿੱਤੀ ਜਾਵੇਗੀ ਅਤੇ ਬਾਕੀ ਰਹਿੰਦੀਆ ਬੱਸਾਂ ਵੀ ਜਲਦ ਹੀ ਪੀ.ਆਰ.ਟੀ.ਸੀ ਦੇ ਬੇੜੇ ਵਿੱਚ ਸ਼ਾਮਿਲ ਕੀਤੀਆਂ ਜਾਣਗੀਆਂ।

ਚੇਅਰਮੈਨ ਹਰਪਾਲ ਜੁਨੇਜਾ ਨੇ ਵਿੱਤ ਤੇ ਟਰਾਂਸਪੋਰਟ ਮੰਤਰੀ ਨੂੰ ਬੇਨਤੀ ਕੀਤੀ ਕਿ ਪੀ.ਆਰ.ਟੀ.ਸੀ ਵੱਲੋਂ ਮਹਿਲਾਵਾਂ ਨੂੰ ਨਿਰੰਤਰ ਦਿੱਤੀ ਜਾ ਰਹੀ ਮੁਫ਼ਤ ਸਫ਼ਰ ਸਹੂਲਤ ਦੇ ਬਦਲੇ ਬਣਦੇ ਕਲੇਮ ਦੀ ਬਕਾਇਆ ਰਾਸ਼ੀ ਸਮੇਂ ਸਿਰ ਪੀ.ਆਰ.ਟੀ.ਸੀ. ਨੂੰ ਜਾਰੀ ਕੀਤੀ ਜਾਵੇ ਤਾਂ ਜੋ ਪੀ.ਆਰ.ਟੀ.ਸੀ. ਦੀਆਂ ਦੇਣਦਾਰੀਆਂ ਜਿਵੇਂ ਕਿ ਵਰਕਰਾਂ ਦੀ ਮਹੀਨਾਵਾਰ ਤਨਖਾਹ, ਗਰੈਚੁਟੀ, ਜੀ.ਪੀ.ਐਫ., ਲੀਵ ਇਨਕੈਸ਼ਮੈਂਟ, ਰਿਵਾਈਜ਼ਡ ਲੀਵ ਇਨਕੈਸ਼ਮੈਂਟ, ਰਿਵਾਈਜ਼ਡ ਤਨਖਾਹ ਏਰੀਅਰ/ਪੈਨਸ਼ਨ ਏਰੀਅਰ (6ਵੇਂ ਤਨਖਾਹ ਪੇ/ਕਮਿਸ਼ਨ ਅਨੁਸਾਰ) ਅਤੇ ਹੋਰ ਦਾ ਭੁਗਤਾਨ ਸਮੇਂ ਸਿਰ ਕੀਤਾ ਜਾ ਸਕੇ।

ਹਰਪਾਲ ਜੁਨੇਜਾ ਨੇ ਦੱਸਿਆ ਕਿ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੀ.ਆਰ.ਟੀ.ਸੀ. ਦੀਆਂ ਬਣਦੀਆਂ ਅਦਾਇਗੀਆਂ ਸਮੇਂ ਸਿਰ ਜਾਰੀ ਕਰਵਾਉਣ ਦਾ ਭਰੋਸਾ ਦਿੱਤਾ ਹੈ। ਜੁਨੇਜਾ ਨੇ ਅੱਗੇ ਦੱਸਿਆ ਕਿ ਟਰਾਂਸਪੋਰਟ ਮੰਤਰੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਪਟਿਆਲਾ ਵਿਖੇ ਬਣੇ ਨਵੇਂ ਬੱਸ ਟਰਮੀਨਲ ਦਾ ਉਦਘਾਟਨ ਸਮੇਂ ਮੁੱਖ ਮੰਤਰੀ ਵੱਲੋਂ ਪੁਰਾਣੇ ਬੱਸ ਅੱਡੇ ਨੂੰ ਵੀ ਚੱਲਦਾ ਰੱਖਣ ਸਬੰਧੀ ਕੀਤੇ ਐਲਾਨ ਮੁਤਾਬਕ ਪੁਰਾਣੇ ਬੱਸ ਸਟੈਂਡ ਦੀ ਮੁੜ ਉਸਾਰੀ, ਵਿਕਾਸ ਅਤੇ ਕਮਰਸ਼ੀਅਲ ਤੌਰ 'ਤੇ ਵਿਕਾਸ ਕਰਨ ਲਈ ਸਰਕਾਰ ਪੱਧਰ 'ਤੇ ਚੱਲ ਰਹੀ ਕਾਰਵਾਈ ਵਿੱਚ ਹੋਰ ਤੇਜੀ ਲਿਆਉਣ ਸਬੰਧੀ ਸਬੰਧਤ ਮਹਿਕਮੇ ਨੂੰ ਦਿਸਾ-ਨਿਰਦੇਸ ਦਿੱਤੇ ਜਾਣ।

ਐਡਵੋਕੇਟ ਹਰਪਾਲ ਜੁਨੇਜਾ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੀ.ਆਰ.ਟੀ.ਸੀ ਵਲੋਂ ਨਿੱਜੀ ਕੰਪਨੀਆਂ ਅਤੇ ਐਨ.ਜੀ.ਓ. ਦੇ ਸਹਿਯੋਗ ਨਾਲ ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਸਵਾਰੀਆਂ ਦੀ ਸਹੂਲਤ ਲਈ ਬੱਸ ਸਟਾਪਾਂ ਦੀ ਉਸਾਰੀ ਕਰਵਾਈ ਜਾਵੇਗੀ। ਜਦੋਂ ਕਿ ਪੀ.ਆਰ.ਟੀ.ਸੀ ਵੱਲੋਂ ਆਪਣੀ ਜਮੀਨ 'ਤੇ ਆਈ.ਓ.ਸੀ.ਐਲ. ਰਾਹੀਂ ਰਿਟੇਲ ਪੈਟਰੋਲੀਅਮ ਆਊਟਲੈੱਟ ਸਥਾਪਿਤ ਕਰਨ ਸਬੰਧੀ ਕਾਰਵਾਈ ਅਰੰਭੀ ਹੋਈ ਹੈ ਜਿਨ੍ਹਾਂ ਵਿੱਚ ਤਿੰਨ ਵੱਖ-ਵੱਖ ਸਾਈਟਾਂ 'ਤੇ ਆਈ.ਓ.ਸੀ.ਐਲ. ਵੱਲੋਂ ਜਲਦ ਹੀ ਪੰਪ ਸਥਾਪਿਤ ਕਰਨ ਸਬੰਧੀ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਪੀ.ਆਰ.ਟੀ.ਸੀ. ਵੱਲੋਂ ਆਪਣੀਆਂ ਜਮੀਨਾਂ ਉੱਪਰ ਪੇਡਾ ਦੇ ਸਹਿਯੋਗ ਨਾਲ ਰੂਫਟਾਪ ਸੋਲਰ ਪਲਾਂਟ ਸਥਾਪਿਤ ਕਰਨ ਦੀ ਕਾਰਵਾਈ ਅਰੰਭ ਲਈ ਗਈ ਹੈ ਜੋ ਕਿ ਜਲਦ ਹੀ ਮੁਕੰਮਲ ਹੋ ਜਾਵੇਗੀ, ਇਸ ਨਾਲ ਪੀ.ਆਰ.ਟੀ.ਸੀ ਨੂੰ ਅੰਦਾਜਨ ਸਲਾਨਾ 97,03,212 ਰੁਪਏ ਬਿਜਲੀ ਦੇ ਬਿੱਲ ਦੀ ਬਚਤ ਹੋਵੇਗੀ। ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਵੱਲੋਂ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੂੰ ਭਰੋਸਾ ਦਿੱਤਾ ਗਿਆ ਕਿ ਪੀ.ਆਰ.ਟੀ.ਸੀ ਵੱਲੋ ਸਵਾਰੀਆਂ ਨੂੰ ਹੋਰ ਵਧੀਆਂ ਸਹੂਲਤ ਦੇਣ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ।

ਇਸ ਮੀਟਿੰਗ ਵਿੱਚ ਟਰਾਂਸਪੋਰਟ ਵਿਭਾਗ ਦੇ ਸਕੱਤਰ ਵਰੁਣ ਰੂਜਮ, ਡਾਇਰੈਕਟਰ ਸਟੇਟ ਟਰਾਂਸਪੋਰਟ ਰਾਜੀਵ ਗੁਪਤਾ, ਮੈਨੇਜਿੰਗ ਡਾਇਰੈਕਟਰ ਪੀ.ਆਰ.ਟੀ.ਸੀ ਬਿਕਰਮਜੀਤ ਸਿੰਘ ਸ਼ੇਰਗਿੱਲ, ਏ.ਐਮ ਡੀ ਨਵਦੀਪ ਕੁਮਾਰ ਤੇ ਪੀ.ਆਰ.ਟੀ.ਸੀ. ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਮਿਹਨਤੀ ਵਰਕਰਾਂ ਨੂੰ ਪਾਰਟੀ ਵਿੱਚ ਦਿੱਤਾ ਜਾਵੇਗਾ ਬਣਦਾ ਮਾਣ-ਸਤਿਕਾਰ: ਮੋਹਿਤ ਮੋਹਿੰਦਰਾ



**ਪਟਿਆਲਾ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਸ਼੍ਰੀ ਮੋਹਿਤ ਮੋਹਿੰਦਰਾ ਦੀ ਜੋਸ਼ੀਲੀ ਅਗਵਾਈ ਹੇਠ ਪਟਿਆਲਾ ਵਿੱਚ ਕਾਂਗਰਸ ਪਾਰਟੀ ਦੇ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਦੀ ਮੁਹਿੰਮ ਤੇਜ਼ ਹੋ ਗਈ ਹੈ।

ਇਸੇ ਲੜੀ ਤਹਿਤ ਅੱਜ ਇੱਕ ਅਹਿਮ ਫੈਸਲਾ ਲੈਂਦਿਆਂ ਸ: ਜਗਦੀਪ ਸਿੰਘ ਮੱਲ੍ਹੀ ਨੂੰ 'ਫੈਕਟਰੀ ਏਰੀਆ ਮੰਡਲ ਕਾਂਗਰਸ ਕਮੇਟੀ (ਬਲਾਕ ਬਿਸ਼ਨ ਨਗਰ)' ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

ਇਸ ਮੌਕੇ ਨਰੇਸ਼ ਦੁੱਗਲ, ਰਿਚੀ ਡਕਾਲਾ ਅਤੇ ਹੋਰ ਕਾਂਗਰਸੀ ਆਗੂ ਵਿਸ਼ੇਸ਼ ਟੂਰ ਤੇ ਮੌਜੂਦ ਸਨ।

ਮੋਹਿਤ ਮੋਹਿੰਦਰਾ ਨੇ ਜਗਦੀਪ ਸਿੰਘ ਮੱਲ੍ਹੀ ਦੀ ਪਾਰਟੀ ਪ੍ਰਤੀ ਵਫ਼ਾਦਾਰੀ ਅਤੇ ਪਿਛਲੇ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਮਿਹਨਤ ਨੂੰ ਦੇਖਦਿਆਂ ਉਨ੍ਹਾਂ ਨੂੰ ਇਸ ਅਹਿਮ ਜ਼ਿੰਮੇਵਾਰੀ ਨਾਲ ਨਿਵਾਜਿਆ ਹੈ। ਨਿਯੁਕਤੀ ਪੱਤਰ ਸੌਂਪਦਿਆਂ ਮੋਹਿਤ ਮੋਹਿੰਦਰਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਆਪਣੇ ਮਿਹਨਤੀ ਅਤੇ ਟਕਸਾਲੀ ਵਰਕਰਾਂ ਦਾ ਸਤਿਕਾਰ ਕਰਦੀ ਹੈ।

ਉਨ੍ਹਾਂ ਉਮੀਦ ਜਤਾਈ ਕਿ ਜਗਦੀਪ ਸਿੰਘ ਮੱਲ੍ਹੀ ਫੈਕਟਰੀ ਏਰੀਆ ਅਤੇ ਬਿਸ਼ਨ ਨਗਰ ਬਲਾਕ ਵਿੱਚ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ ਅਤੇ ਸੰਗਠਨ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਗੇ।

# ਪੁਲਿਸ ਚੌਂਕੀ ਸੈਂਚਰੀ ਇਨਕਲੇਵ ਦਾ ਬਲਦੇਵ ਸਿੰਘ ਨੇ ਸੰਭਾਲਿਆ ਚਾਰਜ



**ਪਟਿਆਲਾ, 3 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਬਖਸ਼ੀਵਾਲ ਅਧੀਨ ਪੈਂਦੀ ਪਟਿਆਲਾ ਨਾਭਾ ਰੋਡ ਤੇ ਸਥਿਤ ਚੌਂਕੀ ਸੈਂਚਰੀ ਇਨਕਲੇਵ ਵਿਖੇ ਏ ਐਸ ਆਈ ਬਲਦੇਵ ਸਿੰਘ ਨੇ ਚਾਰਜ ਸੰਭਾਲ ਲਿਆ ਹੈ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਇਨਚਾਰਜ ਬਲਦੇਵ ਸਿੰਘ ਨੇ ਕਿਹਾ ਕਿ ਨਸ਼ੇ ਨੂੰ ਜੜੋ ਖਤਮ ਕਰਨ ਲਈ ਲੋਕਾਂ ਦਾ ਸਾਥ ਬੇਹਦ ਜਰੂਰੀ ਹੈ ਜੇਕਰ ਕਿਤੇ ਕੋਈ ਨਸ਼ਾ ਵੇਚਦਾ ਹੈ ਤਾਂ ਉਸ ਸਬੰਧੀ ਤੁਰੰਤ ਪੁਲਿਸ ਨੂੰ ਸੂਚਿਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਉਨਾਂ ਕਿਹਾ ਕਿ ਐਸ ਐਸ ਪੀ ਪਟਿਆਲਾ ਦੇ ਨਿਰਦੇਸ਼ਾਂ ਹੇਠ ਨਸ਼ੇ ਦੇ ਖਾਤਮੇ ਸਬੰਧੀ ਪਿੰਡਾਂ ਦੀਆਂ ਪੰਚਾਇਤਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਨਸ਼ੇ ਨੂੰ ਖਤਮ ਕਰਨ ਲਈ ਜਮੀਨੀ ਪੱਧਰ ਤੇ ਕੰਮ ਕੀਤਾ ਜਾ ਸਕੇ।

# ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਬੇਅਦਬੀ ਦੇ ਮਾਮਲੇ 'ਤੇ ਰਾਜਨੀਤੀ ਕੀਤੀ: ਸੁਖਬੀਰ ਸਿੰਘ ਬਾਦਲ

## ਦੋਵੇਂ ਸਰਕਾਰਾਂ ਬੇਅਦਬੀ ਮਾਮਲਿਆਂ ਵਿਚ ਸਖ਼ਤ ਕਾਰਵਾਈ ਕਰਨ ਵਿਚ ਨਾਕਾਮ ਰਹੀਆਂ ਜਿਸ ਕਾਰਨ 10 ਸਾਲਾਂ ਵਿਚ ਦਰਜ ਹੋਏ 597 ਕੇਸਾਂ ਵਿਚੋਂ ਸਿਰਫ 44 ਵਿਚ ਦੋਸ਼ੀਆਂ ਨੂੰ ਸਜ਼ਾ ਮਿਲੀ

**ਜੈਤੋਂ, 3 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਸਰਕਾਰ ਦੋਵੇਂ ਬੇਅਦਬੀ ਦੇ ਮਾਮਲੇ 'ਤੇ ਰਾਜਨੀਤੀ ਕਰਨ ਲਈ ਜ਼ਿੰਮੇਵਾਰ ਹਨ ਤੇ ਉਹਨਾਂ ਸਵਾਲ ਕੀਤਾ ਕਿ ਦੋਵੇਂ ਸਰਕਾਰਾਂ ਨੇ ਬੇਅਦਬੀ ਕੇਸਾਂ ਵਿਚ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਤੇ 597 ਕੇਸਾਂ ਵਿਚੋਂ ਸਿਰਫ 44 ਮਾਮਲਿਆਂ ਵਿਚ ਹੀ ਦੋਸ਼ੀਆਂ ਨੂੰ ਸਜ਼ਾ ਕਿਉਂ ਮਿਲੀ।

ਅਕਾਲੀ ਦਲ ਦੇ ਪ੍ਰਧਾਨ ਇਕ ਖਬਰ 'ਤੇ ਪ੍ਰਤੀਕਰਮ ਦੇ ਰਹੇ ਸਨ ਜਿਸ ਵਿਚ ਖੁੱਲ੍ਹਾਸਾ ਕੀਤਾ ਗਿਆ ਕਿ ਪੰਜਾਬ ਵਿਚ 10 ਸਾਲਾਂ ਵਿਚ 597 ਬੇਅਦਬੀ ਦੇ ਮਾਮਲੇ ਵਾਪਰੇ ਜਿਸ ਵਿਚੋਂ ਸਿਰਫ 44 ਵਿਚ ਦੋਸ਼ੀਆਂ ਨੂੰ ਸਜ਼ਾ ਮਿਲੀ ਤੇ 99 ਕੇਸਾਂ ਵਿਚ ਮੁਲਜ਼ਮ ਬਰੀ ਹੋ ਗਏ।

ਇਥੇ ਹਲਕਾ ਇੰਚਾਰਜ ਸੂਬਾ ਸਿੰਘ ਬਾਦਲ ਦੇ ਨਾਲ ਰਲ ਕੇ ਪੰਜਾਬ ਬਚਾਓ ਮੁਹਿੰਮ ਦੇ ਤਹਿਤ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਬਲਜੀਤ ਸਿੰਘ ਦਾਦੂਵਾਲ ਤੇ ਧਿਆਨ ਸਿੰਘ ਮੰਡ ਵਰਗੇ ਪੰਥ ਦੇ ਅਖੌਤੀ ਆਗੂ ਕਿਥੇ ਹਨ ?

ਉਹਨਾਂ ਕਿਹਾ ਕਿ ਸਪਸ਼ਟ ਹੈ ਕਿ ਇਹ ਆਗੂ ਹੁਣ ਮਹਿਸੂਸ ਨਹੀਂ ਕਰਦੇ ਕਿ ਉਹਨਾਂ ਨੂੰ ਬੇਅਦਬੀ ਵਾਲੀਆਂ ਥਾਵਾਂ 'ਤੇ ਜਾਣ ਦੀ ਲੋੜ ਹੈ ਕਿਉਂਕਿ ਉਹਨਾਂ ਦਾ ਇਕਲੌਤਾ ਮਕਸਦ 2015 ਵਿਚ ਅਕਾਲੀ ਦਲ ਦੀ ਸਰਕਾਰ ਨੂੰ ਬਦਨਾਮ ਕਰਨਾ ਸੀ ਜਿਸ ਵਾਸਤੇ ਉਹਨਾਂ ਨੇ ਕੇਂਦਰੀ ਏਜੰਸੀਆਂ ਦੇ ਹੁਕਮਾਂ 'ਤੇ ਅਕਾਲੀ ਦਲ 'ਤੇ ਬਰਗਾੜੀ ਬੇਅਦਬੀ ਮਾਮਲੇ ਵਿਚ ਸ਼ਾਮਲ ਹੋਣ ਦਾ ਦੋਸ਼ ਲਾਇਆ।

ਸਰਦਾਰ ਬਾਦਲ ਨੇ ਕਿਹਾ ਕਿ ਉਹ ਪੰਜਾਬੀਆਂ ਨੂੰ ਚੇਤੇ ਕਰਵਾਉਣਾ ਚਾਹੁੰਦੇ ਹਨ ਕਿ ਬੇਅਦਬੀ ਦੀਆਂ ਘਟਨਾਵਾਂ ਪੰਜਾਬ ਵਿਚ ਉਦੋਂ ਸ਼ੁਰੂ ਹੋਈਆਂ ਜਦੋਂ 2014 ਵਿਚ ਆਮ ਆਦਮੀ ਪਾਰਟੀ ਪੰਜਾਬ ਵਿਚ ਆਈ। ਉਹਨਾਂ ਕਿਹਾ ਕਿ ਆਪ ਦੇ ਐਮ ਐਲ ਏ ਨਰੇਸ਼ ਯਾਦਵ ਨੂੰ ਮਾਲੇਰਕੋਟਲਾ ਬੇਅਦਬੀ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਹਾਲਾਂਕਿ ਆਪ ਨੇ ਉਸਨੂੰ ਬਚਾਉਣ ਵਾਸਤੇ ਪੂਰਾ ਜ਼ੋਰ ਲਗਾਇਆ ਤੇ ਇਸਦੇ ਸੀਨੀਅਰ ਆਗੂ ਹਰਪਾਲ ਚੀਮਾ ਤੇ ਹਰਜੋਤ ਬੈਂਸ ਦੀ ਡਿਊਟੀ ਕੋਰਟ ਵਿਚ ਉਸਦੀ ਪੈਰਵੀ ਵਾਸਤੇ ਵੀ ਲਗਾਈ।

ਅਕਾਲੀ ਦਲ ਦੇ ਪ੍ਰਧਾਨ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਕੂਲ ਸਿੱਖਿਆ ਦੇ ਖੇਤਰ ਵਿਚ ਪੰਜਾਬ ਦੇ ਨੰਬਰ 1 ਸੂਬਾ ਬਣਨ ਦੇ ਦਾਅਵੇ 'ਤੇ ਵੀ ਉਹਨਾਂ ਨੂੰ ਘੇਰਿਆ ਅਤੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਦੱਸਣ ਕਿ ਉਹਨਾਂ ਦੀ ਸਰਕਾਰ ਨੇ ਕਿਹੜਾ ਨਵਾਂ ਸਕੂਲ ਖੋਲ੍ਹਿਆ ਹੈ ? ਉਹਇਹ ਵੀ ਦੱਸਣ ਕਿ ਉਹਨਾਂ ਨੇ ਅਧਿਆਪਕਾਂ ਦੀ ਕਿਹੜੀ ਭਰਤੀ ਕੀਤੀ ਹੈ ਤੇ ਅਸਲੀਅਤ ਇਹ ਹੈ ਕਿ ਉਹਨਾਂ ਦੱਸਣ ਕਿ ਉਹਨਾਂ ਦੀ ਸਰਕਾਰ ਦੇ ਰਾਜ ਵਿਚ ਸਕੂਲਾਂ ਦਾ ਰੰਗ ਬਦਲਣ ਲਈ ਕਲੀ ਕੂਚਾ ਕਿਉਂ ਕੀਤਾ ਗਿਆ ਤੇ ਸਕੂਲਾਂ ਦਾ ਨਾਂ ਬਦਲ ਕੇ ਸਕੂਲ ਆਫ ਐਮੀਨੈਂਸ ਕਿਉਂ ਕਰ ਦਿੱਤਾ ਗਿਆ।

ਉਹਨਾਂ ਨੇ ਕਿਹਾ ਕਿ ਸਪਸ਼ਟ ਹੈ ਕਿ ਸਰਕਾਰ ਅੰਕੜਿਆਂ ਦਾ ਹੇਰ ਫੇਰ ਕਰ ਰਹੀ ਹੈ ਤੇ ਇਸੇ ਵਾਸਤੇ ਨੈਸ਼ਨਲ ਅਚੀਵਮੈਂਟ ਸਰਵੇ ਵਿਚ ਪੰਜਾਬ ਨੰਬਰ ਇਕ 'ਤੇ ਦਰਸਾਇਆ ਗਿਆ ਹੈ ਜਦੋਂ ਕਿ ਇਸੇ ਮੁੱਖ ਮੰਤਰੀ ਨੇ ਪਹਿਲਾਂ ਇਸ ਸਰਵੇਖਣ ਨੂੰ ਫਰਜ਼ੀ ਕਰਾਰ ਦਿੱਤਾ ਸੀ।

ਸਰਦਾਰ ਬਾਦਲ ਨੇ ਪੰਜਾਬ ਵਿਚ ਉਭਰ ਰਹੇ ਨਵੇਂ ਘੁਟਾਲੇ ਦੀ ਗੱਲ ਕਰਦਿਆਂ ਕਿਹਾ ਕਿ ਆਪ ਸਰਕਾਰ ਨੇ ਨਾ ਸਿਰਫ ਸਰਕਾਰੀ ਖਰਚੇ 'ਤੇ ਮੋਗਾ ਰੈਲੀ ਕੀਤੀ ਬਲਕਿ ਇਸ ਵੱਲੋਂ ਪੰਜਾਬ ਵਿਚ 16000 ਰੈਲੀਆਂ, ਮੀਟਿੰਗਾਂ ਤੇ ਗ੍ਰਾਮ ਸਭਾਵਾਂ ਕਰਨ ਦੀ ਤਜਵੀਜ਼ ਉਲੀਕੀ ਗਈ ਹੈ ਜਿਸਦਾ ਖਰਚਾ ਸਰਕਾਰੀ ਖ਼ਜ਼ਾਨੇ ਵਿਚੋਂ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਇਹ ਘੁਟਾਲਾ ਸੈਕੜੇ ਕਰੋੜਾਂ ਰੁਪਏ ਦਾ ਹੈ ਜਿਸ ਵਿਚ ਆਪ ਸਰਕਾਰ ਟੈਂਟਾਂ, ਕੁਰਸੀਆਂ ਤੇ ਖਾਣੇ ਦਾ ਠੇਕਾ ਬਹੁਤ ਜ਼ਿਆਦਾ ਦਰਾਂ 'ਤੇ ਦੇ ਰਹੀ ਹੈ ਤਾਂ ਜੋ ਕਮਿਸ਼ਨ ਵਜੋਂ ਮੋਟੀ ਰਕਮ ਵਾਪਸ ਲਈ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਵਿਚ ਰੈਲੀਆਂ ਵਾਸਤੇ ਵੱਡੇ ਸ਼ੈਡ ਉਪਲਬਧ ਹਨ ਪਰ ਫਿਰ ਵੀ ਅਜਿਹਾ ਖਰਚਾ ਕੀਤਾ ਜਾ ਰਿਹਾ ਹੈ।

ਸਰਦਾਰ ਬਾਦਲ ਨੇ ਕਿਹਾ ਕਿ ਇਕ ਨਿਰਪੱਖ ਜਾਂਚ ਹੀ ਇਸ ਘੁਟਾਲੇ ਦੀ ਸੱਚਾਈ ਸਾਹਮਣੇ ਲਿਆ ਸਕਦੀ ਹੈ ਤੇ ਉਹਨਾਂ ਨੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੂੰ ਅਪੀਲ ਕੀਤੀ ਕਿ ਉਹ ਮਾਮਲੇ ਦੀ ਨਿਰਪੱਖ ਜਾਂਚ ਦੇ ਹੁਕਮ ਦੇਣ ਤਾਂ ਜੋ ਭ੍ਰਿਸ਼ਟਾਚਾਰ ਦਾ ਪੈਸਾ ਆਮ ਆਦਮੀ ਪਾਰਟੀ ਤੋਂ ਵਸੂਲਿਆ ਜਾ ਸਕੇ।

ਅਕਾਲੀ ਦਲ ਦੇ ਪ੍ਰਧਾਨ ਨੇ ਆਪ ਵੱਲੋਂ ਗੁਜਰਾਤ ਵਿਚ ਚੋਣ ਪ੍ਰਚਾਰ ਦੌਰਾਨ ਝੂਠ ਬੋਲਣ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਆਪ ਸਰਕਾਰ ਨੇ ਪੰਜਾਬ ਵਿਚ ਹਰ 4 ਪਿੰਡਾਂ ਪਿੱਛੇ ਇਕ ਮੰਡੀ ਸਥਾਪਿਤ ਕੀਤੀ ਹੈ ਜਦੋਂ ਕਿ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ ਆਪ ਸਰਕਾਰ ਨੇ ਔਰਤਾਂ ਨੂੰ ਇਕ-ਇਕ ਹਜ਼ਾਰ ਰੁਪਿਆ ਦੇਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਲਈ ਆਪਣੀ ਸੋਚ ਦੀ ਗੱਲ ਕਰਦਿਆਂ ਸਰਦਾਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਪੰਜਾਬ ਦਾ ਪਾਣੀ ਰਾਜਸਥਾਨ ਨਹਿਰ ਵਿਚ ਨਹੀਂ ਜਾਣ ਦੇਵੇਗਾ। ਉਹਨਾਂ ਕਿਹਾ ਕਿ ਰਾਜਸਥਾਨ ਨਹਿਰ ਵਿਚ ਜਾਂਦਾ ਸਾਰਾ ਪਾਣੀ ਮੋੜ ਕੇ ਪੰਜਾਬ ਦੇ ਖੇਤਾਂ ਨੂੰ ਦਿੱਤਾ ਜਾਵੇਗਾ। ਉਹਨਾਂ ਇਹ ਵੀ ਐਲਾਨ ਕੀਤਾ ਕਿ ਜਿਹੜੇ ਕਿਸਾਨਾਂ ਕੋਲ ਟਿਊਬਵੈਲ ਕੁਨੈਕਸ਼ਨ ਨਹੀਂ ਹਨ, ਉਹਨਾਂ ਨੂੰ ਕੁਨੈਕਸ਼ਨ ਪ੍ਰਦਾਨ ਕੀਤੇ ਜਾਣਗੇ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਕਿਸਾਨਾਂ ਨੂੰ ਦਿਨ ਵੇਲੇ 12 ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਵਿਸ਼ਵ ਸਕਿੱਲ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ ਜੋ ਹਰ ਸਾਲ ਇਕ ਲੱਖ ਨੌਜਵਾਨਾਂ ਨੂੰ ਸਿੱਖਲਾਈ ਦੇਵੇਗੀ ਅਤੇ ਇਸਦੇ ਕੇਂਦਰ ਹਰ ਜ਼ਿਲ੍ਹੇ ਵਿਚ ਸਥਾਪਿਤ ਕੀਤੇ ਜਾਣਗੇ।

ਸਰਦਾਰ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਨੌਜਵਾਨਾਂ ਨੂੰ ਵਿਆਜ਼ ਮੁਕਤ 10 ਲੱਖ ਰੁਪਏ ਦਾ ਕਰਜ਼ਾ ਪ੍ਰਦਾਨ ਕੀਤਾ ਜਾਵੇਗਾ ਅਤੇ ਆਟਾ ਦਾਲ ਸਕੀਮ ਦਾ ਵਿਸਥਾਰ ਕੀਤਾ ਜਾਵੇਗਾ ਤੇ ਬੁਢਾਪਾ ਪੈਨਸ਼ਨ ਵਧਾ ਕੇ 3100 ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇਗੀ ਅਤੇ ਸ਼ਗਨ ਸਕੀਮ ਤਹਿਤ ਰਾਸ਼ੀ ਵਧਾ ਕੇ 1 ਲੱਖ ਰੁਪਏ ਕੀਤੀ ਜਾਵੇਗੀ। ਉਹਨਾਂ ਇਹ ਵੀ ਐਲਾਨ ਕੀਤਾ ਕਿ ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਨੂੰ ਦਿੱਤੀਆਂ ਜਾਣਗੀਆਂ ਅਤੇ ਸਾਰੇ ਐਸ ਸੀ, ਬੀ ਸੀ ਤੇ ਮੈਰੀਟੋਰੀਅਸ ਵਿਦਿਆਰਥੀਆਂ ਨੂੰ ਗਰੈਜੂਏਸ਼ਨ ਪੱਧਰ ਤੱਕ ਮੁਫਤ ਸਿੱਖਿਆ ਦਿੱਤੀ ਜਾਵੇਗੀ। ਇਸ ਮੌਕੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ, ਸ਼ੇਰ ਸਿੰਘ ਮੰਡਵਾਲਾ, ਮਨਤਾਰ ਸਿੰਘ ਬਰਾੜ, ਪਰਮਬੰਸ ਸਿੰਘ ਰੋਮਾਣਾ, ਗੁਰਿੰਦਰ ਕੌਰ ਭੋਲੂਵਾਲਾ, ਗੁਰਚੇਤ ਸਿੰਘ ਬਰਗਾੜੀ ਅਤੇ ਯਾਦਵਿੰਦਰ ਸਿੰਘ ਯਾਦੀ ਵੀ ਹਾਜ਼ਰ ਸਨ।

# ਖ਼ਤਰੇ 'ਚ 10 ਅਰਬ ਡਾਲਰ ਦਾ ਕਾਰੋਬਾਰ, ਡੇਅਰੀ ਸਮੇਤ ਇਹ ਉਤਪਾਦ ਹੋਏ ਪ੍ਰਭਾਵਿਤ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 3 ਅਪ੍ਰੈਲ। ਖਾੜੀ ਖੇਤਰ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਵਧਦੇ ਸੰਘਰਸ਼ ਨੇ ਭਾਰਤੀ ਅਰਥਵਿਵਸਥਾ ਲਈ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਤੇਲ ਅਤੇ ਗੈਸ ਦੀ ਦਰਾਮਦ ਵਿੱਚ ਆ ਰਹੀਆਂ ਦਿੱਕਤਾਂ ਤੋਂ ਇਲਾਵਾ, ਭਾਰਤ ਦੇ ਖੇਤੀਬਾੜੀ ਅਤੇ ਡੇਅਰੀ ਖੇਤਰ ਦੇ ਲਗਭਗ 10.68 ਅਰਬ ਡਾਲਰ ਦੇ ਨਿਰਯਾਤ 'ਤੇ ਸੰਕਟ ਦੇ ਬੱਦਲ ਛਾ ਗਏ ਹਨ। ਪੱਛਮੀ ਏਸ਼ੀਆ ਦੇ ਦੇਸ਼ਾਂ ਨੂੰ ਹੋਣ ਵਾਲਾ ਇਹ ਨਿਰਯਾਤ ਮੰਗ ਵਿੱਚ ਕਮੀ, ਲੌਜਿਸਟਿਕਸ ਦੀਆਂ ਰੁਕਾਵਟਾਂ ਅਤੇ ਵਧਦੀ ਲਾਗਤ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਇਸ ਜੰਗੀ ਸਥਿਤੀ ਕਾਰਨ ਸਭ ਤੋਂ ਵੱਧ ਨੁਕਸਾਨ ਬਾਸਮਤੀ ਚੌਲਾਂ (4.43 ਅਰਬ ਡਾਲਰ), ਚਾਹ ਅਤੇ ਮਸਾਲਿਆਂ (2.63 ਅਰਬ ਡਾਲਰ) ਅਤੇ ਮੀਟ (2.0 ਅਰਬ ਡਾਲਰ) ਦੇ ਨਿਰਯਾਤ ਨੂੰ ਹੋ ਰਿਹਾ ਹੈ। ਇਸ ਤੋਂ ਇਲਾਵਾ ਤਾਜ਼ੇ ਫਲ, ਸਬਜ਼ੀਆਂ, ਡੇਅਰੀ ਉਤਪਾਦ ਅਤੇ ਹੈਂਡੀਕ੍ਰਾਫਟ ਦਾ ਕਾਰੋਬਾਰ ਵੀ ਮੁਸ਼ਕਿਲ ਵਿੱਚ ਹੈ। ਦੱਸ ਦੇਈਏ ਕਿ ਸੰਯੁਕਤ ਅਰਬ ਅਮੀਰਾਤ, ਸਊਦੀ ਅਰਬ, ਓਮਾਨ ਅਤੇ ਕੁਵੈਤ ਵਰਗੇ ਦੇਸ਼ ਭਾਰਤੀ ਖੇਤੀ ਉਤਪਾਦਾਂ ਦੇ ਮੁੱਖ ਬਾਜ਼ਾਰ ਹਨ, ਜਿੱਥੇ ਕੁੱਲ ਖੇਤੀ ਨਿਰਯਾਤ ਦਾ ਲਗਭਗ 20.5 ਫੀਸਦੀ ਹਿੱਸਾ ਜਾਂਦਾ ਹੈ। ਹੋਰਮੂਜ਼ ਜਲਡਮਰੂਮੱਧ ਵਿੱਚ ਆਵਾਜਾਈ ਦੇ ਵਿਘਨ ਕਾਰਨ ਕਈ ਜਹਾਜ਼ ਅੱਧ ਵਿਚਾਲੇ ਫਸੇ ਹੋਏ ਹਨ। ਰਾਜਸਥਾਨ ਦੇ ਹੀ ਲਗਭਗ 120 ਕੰਟੇਨਰ ਓਮਾਨ



ਦੀ ਬੰਦਰਗਾਹ 'ਤੇ ਰੁਕੇ ਹੋਏ ਹਨ, ਜਿਸ ਕਾਰਨ ਨਿਰਯਾਤਕਾਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਵਪਾਰੀਆਂ ਦਾ ਕਹਿਣਾ ਹੈ ਕਿ ਮਾਲ ਵਾਪਸ ਮੰਗਵਾਉਣ 'ਤੇ ਪ੍ਰਤੀ ਕੰਟੇਨਰ ਲੱਖਾਂ ਰੁਪਏ ਦਾ ਵਾਧੂ ਖਰਚਾ ਆ ਰਿਹਾ ਹੈ। ਵਣਜ ਰਾਜ ਮੰਤਰੀ ਜਿਤਿਨ ਪ੍ਰਸਾਦ ਅਨੁਸਾਰ, ਨਿਰਯਾਤਕਾਂ ਨੇ ਮਾਲ ਭਾੜੇ ਦੀਆਂ ਦਰਾਂ ਵਿੱਚ ਵਾਧੇ, ਕੰਟੇਨਰਾਂ ਦੀ ਕਿੱਲਤ ਅਤੇ ਬੰਦਰਗਾਹਾਂ 'ਤੇ ਭੀੜ ਵਰਗੀਆਂ ਸਮੱਸਿਆਵਾਂ ਦੀ ਰਿਪੋਰਟ ਦਿੱਤੀ ਹੈ। ਵਿਸ਼ੇਸ਼ ਰਾਹਤ ਯੋਜਨਾ: ਡੀ.ਜੀ.ਐੱਫ.ਟੀ. (476") ਨੇ ਨਿਰਯਾਤ ਲਾਗਤ ਘਟਾਉਣ ਲਈ 497 ਕਰੋੜ ਰੁਪਏ ਦੀ ਵਿਸ਼ੇਸ਼ ਯੋਜਨਾ ਸ਼ੁਰੂ ਕੀਤੀ ਹੈ। ਸਮਾਂ ਸੀਮਾ ਵਿੱਚ ਛੋਟ: ਨਿਰਯਾਤ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਦੀ ਮਿਆਦ 31 ਅਗਸਤ 2026 ਤੱਕ ਵਧਾ ਦਿੱਤੀ ਗਈ ਹੈ। ਕਸਟਮ ਪ੍ਰਕਿਰਿਆਵਾਂ: ਫਸੇ ਹੋਏ ਮਾਲ ਲਈ ਸਰਲ ਕਲੀਅਰੈਂਸ ਅਤੇ ਰੀ-ਐਕਸਪੋਰਟ ਦੀ ਸਹੂਲਤ ਦਿੱਤੀ ਗਈ ਹੈ। ਬੰਦਰਗਾਹਾਂ 'ਤੇ ਸਹੂਲਤ: ਪ੍ਰਮੁੱਖ ਬੰਦਰਗਾਹਾਂ 'ਤੇ ਨੋਡਲ ਅਧਿਕਾਰੀ ਤਾਇਨਾਤ ਕੀਤੇ ਗਏ ਹਨ ਅਤੇ ਜਲਦੀ ਖਰਾਬ ਹੋਣ ਵਾਲੇ ਸਾਮਾਨ ਨੂੰ ਪਹਿਲ ਦਿੱਤੀ ਜਾ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਮੰਤਰੀ ਸਮੂਹ ਸਥਿਤੀ ਦੀ ਨਿਰੰਤਰ ਨਿਗਰਾਨੀ ਕਰ ਰਿਹਾ ਹੈ। ਸੂਤਰਾਂ ਅਨੁਸਾਰ, ਜੇਕਰ ਇਹ ਸੰਕਟ ਹੋਰ ਲੰਬਾ ਖਿੱਚਿਆ ਗਿਆ ਤਾਂ ਸਰਕਾਰ ਐੱਮ.ਐੱਸ.ਐੱਮ.ਈ. ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਵਿਸ਼ੇਸ਼ ਰਾਹਤ ਪੈਕੇਜ ਦਾ ਐਲਾਨ ਵੀ ਕਰ ਸਕਦੀ ਹੈ ਤਾਂ ਜੋ ਘਰੇਲੂ ਬਾਜ਼ਾਰ ਵਿੱਚ ਮਹਿੰਗਾਈ ਨੂੰ ਕੰਟਰੋਲ ਵਿੱਚ ਰੱਖਿਆ ਜਾ ਸਕੇ।

## ਰਾਤੋ-ਰਾਤ ਕਰੋੜਪਤੀ ਬਣ ਗਈ ਔਰਤ ! ਖਾਤੇ 'ਚ ਅਚਾਨਕ ਆਏ 10 ਕਰੋੜ ਰੁਪਏ ਦੇਖ ਉੱਡੇ ਹੋਸ਼

ਨੈਸ਼ਨਲ ਡੈਸਕ 3 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਮੈਨਪੁਰੀ ਜ਼ਿਲ੍ਹੇ ਦੇ ਪਿੰਡ ਦੇਵਗੰਜ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਸਾਧਾਰਨ ਪਰਿਵਾਰ ਦੀ ਕਿਸਮਤ ਇਕ ਪਲ ਵਿੱਚ ਬਦਲਦੀ ਨਜ਼ਰ ਆਈ। ਇੱਥੋਂ ਦੇ ਬਿਛਵਾ ਥਾਣਾ ਖੇਤਰ ਦੇ ਪਿੰਡ ਦੇਵਗੰਜ ਦੀ ਰਹਿਣ ਵਾਲੀ ਇਕ ਮਹਿਲਾ ਦੇ ਬੈਂਕ ਖਾਤੇ ਵਿੱਚ ਅਚਾਨਕ ਕਰੋੜਾਂ ਰੁਪਏ ਜਮ?ਹਾ ਹੋ ਗਏ। ਜਿਸ ਖਾਤੇ ਵਿੱਚ ਪਹਿਲਾਂ ਸਿਰਫ਼ 45 ਹਜ਼ਾਰ ਰੁਪਏ ਸਨ, ਉਸ ਵਿੱਚ ਰਾਤੋ-ਰਾਤ 9 ਕਰੋੜ 99 ਲੱਖ 49 ਹਜ਼ਾਰ 586 ਰੁਪਏ ਦਿਖਾਈ ਦੇਣ ਲੱਗੇ। ਇਸ ਘਟਨਾ ਦਾ ਖੁਲਾਸਾ ਉਦੋਂ ਹੋਇਆ ਜਦੋਂ ਮਹਿਲਾ ਦੇ ਬੇਟੇ ਨੇ ਏਟੀਐਮ ਜਾ ਕੇ ਖਾਤੇ ਦਾ ਬੈਲੇਂਸ ਚੈੱਕ ਕੀਤਾ। ਸਕਰੀਨ 'ਤੇ ਇੰਨੀ ਵੱਡੀ ਰਕਮ ਦੇਖ ਕੇ ਉਹ ਦੰਗ ਰਹਿ ਗਿਆ। ਉਸ ਨੇ ਆਪਣੀਆਂ ਅੱਖਾਂ 'ਤੇ ਵਿਸ਼ਵਾਸ ਨਾ ਹੋਣ ਕਾਰਨ ਏਟੀਐਮ ਸਕਰੀਨ ਦੀ ਵੀਡੀਓ ਵੀ ਬਣਾ ਲਈ, ਜੋ ਹੁਣ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਖਾਤੇ ਵਿੱਚ ਕਰੋੜਾਂ ਰੁਪਏ ਹੋਣ ਦੇ ਬਾਵਜੂਦ ਮਹਿਲਾ ਅਤੇ ਉਸ ਦੇ ਪਰਿਵਾਰ ਨੇ ਬੇਮਿਸਾਲ ਇਮਾਨਦਾਰੀ ਦਿਖਾਈ। ਪਰਿਵਾਰ ਦਾ ਕਹਿਣਾ ਹੈ ਕਿ ਇਹ ਪੈਸਾ ਉਨ੍ਹਾਂ ਦਾ ਨਹੀਂ ਹੈ ਅਤੇ ਉਨ੍ਹਾਂ ਨੇ ਇਕ ਰੁਪਿਆ ਵੀ ਕੱਢਵਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਤੁਰੰਤ ਬੈਂਕ ਨੂੰ ਇਸ ਦੀ ਜਾਣਕਾਰੀ ਦੇਣ ਦਾ ਫੈਸਲਾ ਕੀਤਾ। ਲੋਕਾਂ ਵੱਲੋਂ ਪਰਿਵਾਰ ਦੇ ਇਸ ਕਦਮ ਦੀ ਜੰਮ ਕੇ ਸ਼ਲਾਘਾ ਕੀਤੀ ਜਾ ਰਹੀ ਹੈ। ਜਦੋਂ ਇਹ ਮਾਮਲਾ ਬੈਂਕ ਆਫ ਇੰਡੀਆ ਦੀ ਸੁਲਤਾਨਗੰਜ ਸ਼ਾਖਾ ਦੇ ਅਧਿਕਾਰੀਆਂ ਕੋਲ ਪਹੁੰਚਿਆ, ਤਾਂ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਸਭ ਇੱਕ ਤਕਨੀਕੀ ਗੜਬੜੀ ਕਾਰਨ ਹੋਇਆ ਹੈ।

## ਸ਼੍ਰੋਮਣੀ ਅਕਾਲੀ ਦਲ ਐੱਸ.ਸੀ. ਵਿੰਗ ਦੇ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਡੇਰਾ ਸੱਚਖੰਡ ਬੱਲਾਂ ਵਿਖੇ ਹੋਏ ਨਤਮਸਤਕ

ਟਾਂਡਾ ਉੜਮੁੜ 3 ਅਪ੍ਰੈਲ। ਧੰਨ-ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪਾਵਨ ਪਵਿੱਤਰ ਅਸਥਾਨ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਵਿਖੇ ਸ਼੍ਰੋਮਣੀ ਅਕਾਲੀ ਦਲ ਐੱਸ.ਸੀ ਵਿੰਗ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਸਰਬਜੀਤ ਸਿੰਘ ਮੋਮੀ ਦਿਹਾਤੀ ਦੇ ਪ੍ਰਧਾਨ ਵਿਸ਼ੇਸ਼ ਤੌਰ ਤੇ ਨਤਮਸਤਕ ਹੋਣ ਲਈ ਪਹੁੰਚੇ। ਇਸ ਮੌਕੇ



ਮੌਜੂਦਾ ਗੱਦੀ ਨਸ਼ੀਨ ਪਦਮ ਸ਼੍ਰੀ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਸੰਤ ਨਿਰੰਜਨ ਦਾਸ ਮਹਾਰਾਜ ਜੀ ਨੇ ਉਨ੍ਹਾਂ ਦੇ ਨਾਲ ਵਿਸ਼ੇਸ਼ ਤੌਰ ਤੇ ਪਹੁੰਚੇ ਸ਼੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਨੂੰ ਮੂਨਕ ਖ਼ੁਰਦ ਦੇ ਮੀਤ ਪ੍ਰਧਾਨ ਅਮਰਜੀਤ ਸਿੰਘ, ਸਮਾਜ ਸੇਵੀ ਸੁਰਜੀਤ ਸਿੰਘ ਕਾਲਾ , ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੂਨਕ ਖੁਰਦ ਦੇ ਮੁੱਖ ਬੁਲਾਰੇ ਪਰਮਜੀਤ ਸਿੰਘ ਮੂਨਕਾਂ ਨੂੰ ਅਸ਼ੀਰਵਾਦ ਦੇਣ ਦੇ ਨਾਲ-ਨਾਲ ਸਨਮਾਨਿਤ ਕਰਦੇ ਹੋਏ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਕਿਰਪਾ ਤੇ ਰਹਿਮਤ ਸਦਕਾ ਅੱਜ ਸਮੁੱਚੀ ਕੌਮ ਚੜਦੀ ਕਲਾ ਵਿਚ ਹੈ। ਇਸ ਮੌਕੇ ਸੰਤ ਨਿਰੰਜਨ ਦਾਸ ਜੀ ਮਹਾਰਾਜ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਸਮੁੱਚੇ ਵਿਸ਼ਵ ਦੇ ਨਾਲ ਨਾਲ ਡੇਰਾ ਸੱਚਖੰਡ ਬੱਲਾਂ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਜਨਮ ਸਥਾਨ ਸ਼੍ਰੀ ਗੋਵਰਨਪੁਰ ਕਾਸ਼ੀ ਯੂ.ਪੀ ਵਿਚ ਬਹੁਤ ਹੀ ਸ਼ਰਧਾ ਉਤਸ਼ਾਹ ਤੇ ਸਤਿਕਾਰ ਨਾਲ ਫਰਵਰੀ 2027 ਵਿੱਚ ਮਨਾਇਆ ਜਾ ਰਿਹਾ ਹੈ ਅਤੇ ਇਸ ਦੇ ਸਬੰਧ ਵਿਚ ਸਾਰੀਆਂ ਤਿਆਰੀਆਂ ਸੰਗਤਾਂ ਵੱਲੋਂ ਬੜੀ ਵੱਡੀ ਪੱਧਰ ਤੇ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਇਸ ਮੌਕੇ ਸਮੂਹ ਸੰਗਤ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਧੰਨ-ਧੰਨ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਪਵਿੱਤਰ ਬਾਣੀ ਅਤੇ ਕ੍ਰਾਂਤੀਕਾਰੀ ਸੋਚ ਤੇ ਪਹਿਰਾ ਦਿੰਦੇ ਹੋਏ ਸਮਾਜ ਦੇਸ਼, ਕੌਮ ਤੇ ਸਮਾਜ ਦੀ ਬੇਹਤਰੀ ਵਾਸਤੇ ਅੱਗੇ ਹੋ ਕੇ ਕਾਰਜ ਕਰਨੇ ਚਾਹੀਦੇ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਮੋਮੀ ਨੇ ਸੰਤ ਨਿਰੰਜਨ ਦਾਸ ਜੀ ਮਹਾਰਾਜ ਅਤੇ ਪਵਿੱਤਰ ਅਸਥਾਨ ਡੇਰਾ ਸੱਚਖੰਡ ਬੱਲਾਂ ਦੇ  ਦੇ ਸਮੁੱਚੇ ਪ੍ਰਬੰਧ ਦਾ ਧੰਨਵਾਦ ਕੀਤਾ।

## ਸਿਹਤ ਵਿਭਾਗ ਦੀ ਕਾਰਵਾਈ: ਗੁਰਦਾਸਪੁਰ ਵਿਚ ਖਾਦ ਪਦਾਰਥਾਂ ਦੇ ਸੈਂਪਲ ਭਰੇ ਮਿਲਾਵਟ ਖਿਲਾਫ਼ ਮੁਹਿੰਮ ਤੇਜ਼

ਗੁਰਦਾਸਪੁਰ 3 ਅਪ੍ਰੈਲ। ਡਿਪਟੀ ਕਮਿਸ਼ਨਰ ਅਤੇ ਸਿਵਲ ਸਰਜਨ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਗੁਰਦਾਸਪੁਰ ਦੀ ਟੀਮ ਵੱਲੋਂ ਅਸਿਸਟੈਂਟ ਕਮਿਸ਼ਨਰ ਫੂਡ ਡਾ. ਜੀ.ਐਸ. ਪੰਨੂ ਦੀ ਅਗਵਾਈ ਹੇਠ ਖੇਤਰ ਵਿਚ ਵੱਖ-ਵੱਖ ਥਾਵਾਂ 'ਤੇ ਕਰਿਆਨਾ ਦੁਕਾਨਾਂ ਅਤੇ ਗੁੜ ਬਣਾਉਣ ਵਾਲੇ ਵੇਲਣਿਆਂ ਦੀ ਚੈਕਿੰਗ ਕਰਕੇ ਖਾਦ ਪਦਾਰਥਾਂ ਦੇ ਸੈਂਪਲ ਭਰੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ ਫੂਡ ਡਾ. ਜੀ.ਐਸ. ਪੰਨੂ ਨੇ ਦੱਸਿਆ ਕਿ ਲੋਕਾਂ ਨੂੰ ਮਿਆਰੀ ਅਤੇ ਸੁਰੱਖਿਅਤ ਖਾਦ ਪਦਾਰਥ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਵਿਭਾਗ ਵੱਲੋਂ ਲਗਾਤਾਰ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੁਝ ਸ਼ਿਕਾਇਤਾਂ ਮਿਲੀਆਂ ਸਨ ਕਿ ਖੇਤਰ ਵਿੱਚ ਮਿਲਾਵਟੀ ਗੁੜ ਵੇਚਿਆ ਜਾ ਰਿਹਾ ਹੈ, ਜਿਸ ਦੇ ਚਲਦਿਆਂ ਟੀਮ ਵੱਲੋਂ ਫੂਡ ਸੇਫਟੀ ਅਫਸਰ ਰੇਖਾ ਸ਼ਰਮਾ ਸਮੇਤ ਵੱਖ-ਵੱਖ ਥਾਵਾਂ 'ਤੇ ਛਾਪਾਮਾਰੀ ਕਰਕੇ ਸੈਂਪਲ ਇਕੱਠੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਗੁੜ ਬਣਾਉਣ ਵਾਲੇ ਵੇਲਣਿਆਂ ਅਤੇ ਕਰਿਆਨਾ ਦੁਕਾਨਾਂ ਸਮੇਤ ਕੁੱਲ 10 ਥਾਵਾਂ ਤੋਂ ਸੈਂਪਲ ਭਰੇ ਗਏ ਹਨ। ਇਕੱਠੇ ਕੀਤੇ ਸੈਂਪਲਾਂ ਨੂੰ ਜਾਂਚ ਲਈ ਲੈਬਾਰਟਰੀ ਭੇਜ ਦਿੱਤਾ ਗਿਆ ਹੈ ਅਤੇ ਰਿਪੋਰਟ ਆਉਣ ਉਪਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵਿਕ੍ਰੇਤਾਵਾਂ ਨੂੰ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਹਦਾਇਤ ਕੀਤੀ ਗਈ। ਉਨ੍ਹਾਂ ਨੂੰ ਫੂਡ ਸੇਫਟੀ ਦੇ 12 ਗੋਲਡਨ ਰੂਲ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸਮੂਹ ਦੁਕਾਨਦਾਰਾਂ ਨੂੰ ਨਿਯਮਾਂ ਅਨੁਸਾਰ ਰਜਿਸਟ?ਰੇਸ਼ਨ ਅਤੇ ਲਾਇਸੈਂਸ ਪ੍ਰਾਪਤ ਕਰਨ ਲਈ ਕਿਹਾ ਗਿਆ। ਉਨ੍ਹਾਂ ਚੇਤਾਵਨੀ ਦਿੱਤੀ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੰਜਾਬ ਦੇ ਉੱਘੇ ਕਾਰੋਬਾਰੀ ਨੇ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਕੀਤੀ ਫਤਿਹ

ਟਾਂਡਾ ਉੜਮੁੜ 3 ਅਪ੍ਰੈਲ। ਟਾਂਡਾ ਉੜਮੁੜ ਦੇ ਪਿੰਡ ਜੌਹਲ ਦੇ ਰਹਿਣ ਵਾਲੇ ਉੱਘੇ ਕਾਰੋਬਾਰੀ, ਸਮਾਜ ਸੇਵੀ ਪਰਬਤਰੋਹੀ ਹਰਦੀਪ ਸਿੰਘ ਜੌਹਲ ਨੇ ਸਭ ਤੋਂ ਉੱਚੀ ਚੋਟੀ ਮੰਨੀ ਜਾਂਦੀ ਮਾਊਂਟ ਐਵਰੈਸਟ 'ਤੇ ਬੇਸ ਕੈਂਪ 'ਚ ਪਹੁੰਚ ਕੇ ਟਾਂਡਾ ਦਾ ਨਾਮ ਰੌਸ਼ਨ ਕੀਤਾ ਹੈ। ਜਾਣਕਾਰੀ ਅਨੁਸਾਰ ਹਰਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਨੇ ਆਪਣੇ ਦੋ ਹੋਰਨਾਂ ਸਾਥੀਆਂ ਸਮੇਤ ਕਰੀਬ 6 ਦਿਨਾਂ 'ਚ 5364 ਫੁੱਟ ਦੀ ਉਚਾਈ 'ਤੇ ਪਹੁੰਚ ਕੇ ਬੇਸ ਕੈਂਪ 'ਚ ਝੰਡਾ ਲਹਿਰਾਇਆ। ਇਸ ਸਬੰਧੀ ਹੋਰ ਗੱਲਬਾਤ ਕਰਦੇ ਹੋਏ ਹਰਦੀਪ ਜੌਹਲ ਨੇ ਦੱਸਿਆ ਕਿ ਆਮ ਤੌਰ 'ਤੇ ਬੇਸ ਕੈਂਪ ਵਿੱਚ ਪਹੁੰਚਣ ਲਈ 9 ਤੋਂ 10 ਦਿਨ ਦਾ ਸਮਾਂ ਲੱਗਦਾ ਹੈ

## ਟਿਊਬਵੈੱਲ ਦੇ ਟੋਏ 'ਚ ਜਾ ਡਿੱਗਾ ਮੁੰਡਾ, ਹਜ਼ਾਰਾਂ ਕੋਸ਼ਿਸ਼ਾਂ ਮਗਰੋਂ ਵੀ ਨਹੀਂ ਬਚਾਈ ਜਾ ਸਕੀ ਜਾਨ

ਨੈਸ਼ਨਲ ਡੈਸਕ 3 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਬਾਗਵਤ ਜ਼ਿਲ੍ਹੇ ਦੇ ਬੜੌਤ ਨਗਰ 'ਚ ਟਿਊਬਵੈੱਲ ਦੇ ਖੁੱਲ੍ਹੇ ਟੋਏ 'ਚ ਡਿੱਗਣ ਨਾਲ 10 ਸਾਲਾ ਇਕ ਮੁੰਡੇ ਦੀ ਮੌਤ ਹੋ ਗਈ ਹੈ। ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਨੇ ਪ੍ਰਸ਼ਾਸਨਿਕ ਲਾਪਰਵਾਹੀ ਦਾ ਦੋਸ਼ ਲਗਾਉਂਦੇ ਹੋਏ ਵਿਰੋਧ ਜਤਾਇਆ ਹੈ। ਜਾਣਕਾਰੀ ਦਿੰਦੇ ਹੋਏ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਬੜਕਾ ਰੋਡ ਖੇਤਰ 'ਚ ਬੁੱਧਵਾਰ ਸ਼ਾਮ ਵਾਪਰੀ। ਮ੍ਰਿਤਕ ਮੁੰਡੇ ਦੇ ਪਰਿਵਾਰ ਵਾਲਿਆਂ ਨੇ ਵੀਰਵਾਰ ਨੂੰ ਦੱਸਿਆ ਇਰਸ਼ਾਦ (10) ਖੇਡਦੇ ਸਮੇਂ ਟਿਊਬਵੈੱਬ ਦੇ ਡੂੰਘੇ ਟੋਏ 'ਚ ਡਿੱਗ ਗਿਆ, ਜਿਸ ਤੋਂ ਬਾਅਦ ਲੋਕਾਂ ਨੇ ਉਸ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਜਾਨ ਨਹੀਂ ਬਚਾਈ ਜਾ ਸਕੀ। ਸਥਾਨਕ ਵਾਸੀਆਂ ਦਾ ਦੋਸ਼ ਹੈ ਕਿ ਨਗਰਪਾਲਿਕਾ ਦੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉੱਥੇ ਇਕ ਵਿਆਹ ਮੰਡਪ ਦਾ ਨਿਰਮਾਣ ਕੰਮ ਚੱਲ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਨਿਰਮਾਣ ਦੌਰਾਨ ਟਿਊਬਵੈੱਲ ਦਾ ਟੋਇਆ ਖੁੱਲ੍ਹਾ ਛੱਡ ਦਿੱਤਾ ਗਿਆ ਸੀ ਅਤੇ ਸੁਰੱਖਿਆ ਦੇ ਕੋਈ ਇੰਤਜ਼ਾਮ ਨਹੀਂ ਕੀਤੇ ਗਏ ਸਨ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਇਸ ਹਾਦਸੇ ਮਗਰੋਂ ਇਲਾਕੇ ਦੇ ਲੋਕਾਂ 'ਚ ਗੁੱਸਾ ਫੈਲ ਗਿਆ ਅਤੇ ਲੋਕਾਂ ਨੇ ਜ਼ਿੰਮੇਵਾਰਾਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਨਿਰਮਾਣ ਅਧੀਨ ਵਿਆਹ ਮੰਡਪ ਦੀ ਕਾਨੂੰਨੀ ਤੌਰ 'ਤੇ ਜਾਂਚ ਦੀ ਵੀ ਮੰਗ ਕੀਤੀ। ਨਗਰ ਨਿਗਮ ਦੇ ਕਾਰਜਕਾਰੀ ਅਧਿਕਾਰੀ ਮਨੋਜ ਰਸਤੋਗੀ ਨੇ ਕਿਹਾ ਕਿ ਜਿਸ ਜ਼ਮੀਨ 'ਤੇ ਟਿਊਬਵੈੱਲ ਸਥਿਤ ਹੈ, ਉਹ ਸਰਕਾਰੀ ਮਾਲਕੀ ਵਾਲੀ ਹੈ ਅਤੇ ਵਿਆਹ ਮੰਡਪ ਘੱਟ ਗਿਣਤੀ ਮਾਮਲਿਆਂ ਦੇ ਵਿਭਾਗ ਵੱਲੋਂ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਲਾਪਰਵਾਹੀ ਪਾਈ ਗਈ ਤਾਂ ਸਬੰਧਤ ਕਰਮਚਾਰੀਆਂ ਅਤੇ ਠੇਕੇਦਾਰ ਖ਼?ਲਾਫ਼ ਕਾਰਵਾਈ ਕੀਤੀ ਜਾਵੇਗੀ।

# ਮਾਤਾ-ਪਿਤਾ ਦੀ ਸੇਵਾ ਨਾ ਕਰਨ 'ਤੇ ਮੁਲਾਜ਼ਮਾਂ ਦੀ ਕੱਟੀ ਜਾਵੇਗੀ 15 ਫ਼ੀਸਦੀ ਤਨਖ਼ਾਹ, ਤੇਲੰਗਾਨਾ ਸਰਕਾਰ ਦਾ ਫੈਸਲਾ

**ਕੌਮੀ ਪਤ੍ਰਿਕਾ**

ਹੈਦਰਾਬਾਦ 3 ਅਪ੍ਰੈਲ। ਤੇਲੰਗਾਨਾ ਸਰਕਾਰ ਨੇ ਸੀਨੀਅਰ ਨਾਗਰਿਕਾਂ ਦੀ ਵਿੱਤੀ ਅਤੇ ਸਮਾਜਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਐਤਵਾਰ ਨੂੰ ਰਾਜ ਵਿਧਾਨ ਸਭਾ ਵਿੱਚ 'ਤੇਲੰਗਾਨਾ ਕਰਮਚਾਰੀ ਜਵਾਬਦੇਹੀ ਅਤੇ ਮਾਤਾ-ਪਿਤਾ ਸਹਾਇਤਾ ਨਿਗਰਾਨੀ ਬਿੱਲ, 2026' ਸਰਵਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਇਸ ਵਿੱਚ ਮਾਪਿਆਂ ਦੀ ਦੇਖਭਾਲ ਨਾ ਕਰਨ ਵਾਲੇ ਕਰਮਚਾਰੀਆਂ ਦੀ ਤਨਖਾਹ ਵਿੱਚੋਂ 15 ਪ੍ਰਤੀਸ਼ਤ ਜਾਂ 10,000 ਰੁਪਏ ਦੀ ਕਟੌਤੀ ਕੀਤੀ ਜਾਵੇਗੀ। ਇਹ ਬਿੱਲ ਨਾ ਸਿਰਫ਼ ਸਰਕਾਰੀ ਕਰਮਚਾਰੀਆਂ, ਸਗੋਂ ਨਿੱਜੀ ਖੇਤਰ ਦੇ ਮੁਲਾਜ਼ਮਾਂ ਅਤੇ ਜਨਤਕ ਪ੍ਰਤੀਨਿਧਾਂ (ਲੀਡਰਾਂ) 'ਤੇ ਵੀ ਲਾਗੂ ਹੋਵੇਗਾ। ਸਭ ਲਈ ਲਾਜ਼ਮੀ: ਹੁਣ ਜਨਤਕ ਪ੍ਰਤੀਨਿਧਾਂ, ਸਰਕਾਰੀ ਮੁਲਾਜ਼ਮਾਂ ਅਤੇ ਨਿੱਜੀ ਖੇਤਰ ਦੇ ਕਰਮਚਾਰੀਆਂ ਲਈ ਆਪਣੇ ਬਜ਼ੁਰਗ ਮਾਪਿਆਂ ਦੀ ਦੇਖਭਾਲ ਕਰਨਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੋਵੇਗਾ। ਤਨਖਾਹ ਵਿੱਚੋਂ ਕਟੌਤੀ: ਜੇਕਰ ਕੋਈ ਕਰਮਚਾਰੀ ਆਪਣੇ ਮਾਪਿਆਂ ਦੀ ਦੇਖਭਾਲ ਨਹੀਂ ਕਰਦਾ ਅਤੇ ਉਨ੍ਹਾਂ ਦਾ ਧਿਆਨ ਰੱਖਣ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਦੀ ਤਨਖਾਹ ਦਾ 15 ਫੀਸਦੀ ਜਾਂ 10,000 ਰੁਪਏ (ਜੋ ਵੀ ਘੱਟ ਹੋਵੇ)



ਕੱਟਿਆ ਜਾਵੇਗਾ। ਕੱਟੀ ਗਈ ਤਨਖਾਹ ਦੀ ਸਾਰੀ ਰਕਮ ਸਿੱਧੇ ਉਸ ਦੇ ਮਾਪਿਆਂ ਨੂੰ ਦਿੱਤੀ ਜਾਵੇਗੀ, ਜਿਸ ਨਾਲ ਉਹ ਆਪਣਾ ਗੁਜ਼ਾਰਾ ਕਰ ਸਕਣ। ਰਾਸ਼ਟਰੀ ਕਾਨੂੰਨ ਤੋਂ ਵਧੇਰੇ ਸਖ਼ਤ: ਹਾਲਾਂਕਿ ਦੇਸ਼ ਵਿੱਚ 'ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦੇ ਰੱਖ-ਰਖਾਅ ਅਤੇ ਭਲਾਈ ਐਕਟ, 2007' ਪਹਿਲਾਂ ਹੀ ਮੌਜੂਦ ਹੈ, ਪਰ ਤੇਲੰਗਾਨਾ ਦਾ ਨਵਾਂ ਬਿੱਲ ਪ੍ਰਾਈਵੇਟ ਸੈਕਟਰ ਅਤੇ ਚੁਣੇ ਹੋਏ ਨੁਮਾਇੰਦਿਆਂ ਨੂੰ ਸ਼ਾਮਲ ਕਰਕੇ ਇਸ ਦੇ ਦਾਇਰੇ ਨੂੰ ਹੋਰ ਵਧਾਉਂਦਾ ਹੈ। ਚਰਚਾ ਦੌਰਾਨ ਮੁੱਖ ਮੰਤਰੀ ਏ. ਰੇਵੰਤ ਰੈੱਡੀ ਨੇ ਉੱਘੇ ਕਾਰੋਬਾਰੀ ਵਿਜੇਪਤ ਸਿੰਘਾਨੀਆ ਦੀ ਮਿਸਾਲ ਦਿੱਤੀ। ਉਨ੍ਹਾਂ ਦੱਸਿਆ ਕਿ ਕਿਵੇਂ ਸਿੰਘਾਨੀਆ ਨੇ ਆਪਣੀ ਸਾਰੀ ਦੌਲਤ ਆਪਣੇ ਪੁੱਤਰ ਦੇ ਨਾਮ ਕਰ ਦਿੱਤੀ ਸੀ ਪਰ ਬਾਅਦ ਵਿੱਚ ਉਨ੍ਹਾਂ ਨੂੰ ਹੀ ਘਰੋਂ ਬੇਦਖ਼ਲ ਕਰ ਦਿੱਤਾ ਗਿਆ। ਉਨ੍ਹਾਂ ਕਿਹਾ, ਰਾਜ ਸਰਕਾਰ ਨੇ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦੇ ਹੋਏ ਇਹ ਬਿੱਲ ਪੇਸ਼ ਕੀਤਾ ਹੈ। ਸਾਡਾ ਮਕਸਦ ਲੋਕਾਂ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਮੁੜ ਸੁਰਜੀਤ ਕਰਨਾ ਹੈ। ਜੇਕਰ ਕੋਈ ਆਪਣੇ ਮਾਪਿਆਂ ਦੀ ਅਣਦੇਖੀ ਕਰਦਾ ਹੈ, ਤਾਂ ਉਸ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਂਦਾ ਜਾਵੇਗਾ ਤਾਂ ਜੋ ਬਜ਼ੁਰਗਾਂ ਦਾ ਸਨਮਾਨ ਅਤੇ ਸੁਰੱਖਿਆ ਯਕੀਨੀ ਬਣਾਈ ਜਾ ਸਕੇ। ਇਸ ਮਨੁੱਖੀ ਪਹਿਲਕਦਮੀ ਦਾ ਸਵਾਗਤ ਕਰਦੇ ਹੋਏ ਭਾਜਪਾ ਸਮੇਤ ਹੋਰ ਸਾਰੀਆਂ ਵਿਰੋਧੀ ਪਾਰਟੀਆਂ ਨੇ ਵੀ ਬਿੱਲ ਦਾ ਸਮਰਥਨ ਕੀਤਾ ਹੈ। ਸਦਨ ਦੇ ਸਾਰੇ ਮੈਂਬਰਾਂ ਨੇ ਮੰਨਿਆ ਕਿ ਅਜੋਕੇ ਸਮੇਂ ਵਿੱਚ ਬਜ਼ੁਰਗਾਂ ਦੀ ਸੁਰੱਖਿਆ ਲਈ ਅਜਿਹੇ ਸਖ਼ਤ ਕਾਨੂੰਨ ਦੀ ਸਖ਼ਤ ਲੋੜ ਸੀ।

# ਪੰਜਾਬ ਸਕੂਲ ਸਿੱਖਿਆ ਬੋਰਡ ਦੇ ਨਵੇਂ ਐਲਾਨ ਨੇ ਮਚਾਈ ਹਲਚਲ, ਵਿਦਿਆਰਥੀਆਂ ਦੀਆਂ ਲੱਗੀਆਂ ਮੌਜਾਂ

**ਕੌਮੀ ਪਤ੍ਰਿਕਾ**

ਲੁਧਿਆਣਾ 3 ਅਪ੍ਰੈਲ। ਪੰਜਾਬ ਸਕੂਲ ਸਿੱਖਿਆ ਬੋਰਡ (ਪੀ.ਐੱਸ.ਈ.ਬੀ.) ਨੇ ਨਵੇਂ ਵਿੱਦਿਅਕ ਸੈਸ਼ਨ 2026-27 ਦੇ ਆਗਾਜ਼ ਨਾਲ ਹੀ ਵਿਦਿਆਰਥੀਆਂ ਤੇ ਮਾਪਿਆਂ ਨੂੰ ਇਕ ਵੱਡੀ ਰਾਹਤ ਦਿੱਤੀ ਹੈ। ਬੋਰਡ ਨੇ ਇਤਿਹਾਸਕ ਫੈਸਲਾ ਲੈਂਦਿਆਂ ਆਪਣੀਆਂ ਸਾਰੀਆਂ ਪਾਠ ਪੁਸਤਕਾਂ (ਟੈਕਸਟ ਬੁੱਕਸ) 'ਤੇ 15 ਫੀਸਦੀ ਦੀ ਸਿੱਧੀ ਛੋਟ ਦੇਣ ਦਾ ਐਲਾਨ ਕੀਤਾ ਹੈ। ਇਸ ਫੈਸਲੇ ਨਾਲ ਨਾ ਸਿਰਫ ਹਜ਼ਾਰਾਂ ਪਰਿਵਾਰਾਂ ਦਾ ਆਰਥਿਕ ਬੋਝ ਘਟੇਗਾ, ਬਲਕਿ ਕਿਤਾਬਾਂ ਦੀ ਖਰੀਦ-ਵੇਚ ਵਿਚ ਹੋਣ ਵਾਲੀ ਧਾਂਦਲੀ 'ਤੇ ਵੀ ਲਗਾਮ ਲੱਗੇਗੀ। ਕਿਤਾਬਾਂ ਦੀ ਵਿੱਕਰੀ ਨੂੰ ਪੂਰੀ ਤਰ੍ਹਾਂ ਡਿਜੀਟਲ ਤੇ ਪਾਰਦਰਸ਼ੀ ਬਣਾਉਣ ਲਈ ਬੋਰਡ ਨੇ ਆਪਣਾ ਇਕ ਵਿਸ਼ੇਸ਼ 'ਈ-ਕਾਮਰਸ ਪੋਰਟਲ' ਤਿਆਰ ਕੀਤਾ ਹੈ। ਇਹ ਪੋਰਟਲ 3 ਅਪ੍ਰੈਲ ਤੋਂ ਪੂਰੀ ਤਰ੍ਹਾਂ ਚਾਲੂ (ਆਪਰੇਸ਼ਨਲ) ਹੋ ਜਾਵੇਗਾ। ਬੋਰਡ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ ਹੁਣ ਸਾਰੇ ਸਬੰਧਤ (ਐਫੀਲੀਏਟਿਡ) ਸਕੂਲਾਂ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਵਿਦਿਆਰਥੀਆਂ ਨੂੰ ਇਸ ਪੋਰਟਲ ਰਾਹੀਂ ਕਿਤਾਬਾਂ ਉਪਲਬਧ ਕਰਵਾਉਣ ਵਿਚ ਪੂਰੀ ਸਹਾਇਤਾ ਕਰਨ। ਬੋਰਡ ਨੇ ਸਕੂਲਾਂ ਨੂੰ ਸਖ਼ਤ ਹਦਾਇਤ ਦਿੱਤੀ ਹੈ ਕਿ ਉਹ



ਨਿਰਧਾਰਿਤ ਛੋਟ ਵਾਲੀ ਕੀਮਤ ਤੋਂ ਇਕ ਵੀ ਰੁਪਿਆ ਵੱਧ ਕਿਸੇ ਵੀ ਵਿਦਿਆਰਥੀ ਜਾਂ ਮਾਪਿਆਂ ਤੋਂ ਨਹੀਂ ਲੈ ਸਕਦੇ। ਪੀ.ਐੱਸ.ਈ.ਬੀ. ਨੇ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇਕਰ ਕੋਈ ਵੀ ਸਕੂਲ ਨਿਯਮਾਂ ਦੀ ਉਲੰਘਣਾ ਕਰਦਿਆਂ ਜਾਂ ਓਵਰ-ਚਾਰਜਿੰਗ ਕਰਦਿਆਂ ਪਾਇਆ ਗਿਆ ਤਾਂ ਬੋਰਡ ਇਸ ਨੂੰ ਬੇਹੱਦ ਗੰਭੀਰਤਾ ਨਾਲ ਲਵੇਗਾ ਤੇ ਉਸ ਸਕੂਲ ਵਿਰੁੱਧ ਸਖ਼ਤ ਪ੍ਰਸ਼ਾਸਨਿਕ ਤੇ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਅਕਸਰ ਦੇਖਿਆ ਜਾਂਦਾ ਹੈ ਕਿ ਨਵੇਂ ਸੈਸ਼ਨ ਦੀ ਸ਼ੁਰੂਆਤ ਵਿਚ ਕਿਤਾਬਾਂ ਦੀਆਂ ਕੀਮਤਾਂ ਨੂੰ ਲੈ ਕੇ ਮਾਪਿਆਂ ਵਿਚ ਭਾਰੀ ਰੋਸ ਰਹਿੰਦਾ ਹੈ। ਕਈ ਸਕੂਲਾਂ 'ਤੇ ਮਹਿੰਗੀਆਂ ਦਰਾਂ 'ਤੇ ਕਿਤਾਬਾਂ ਵੇਚਣ ਜਾਂ ਖਾਸ ਦੁਕਾਨਾਂ ਤੋਂ ਹੀ ਸੈੱਟ ਖਰੀਦਣ ਲਈ ਮਜਬੂਰ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਬੋਰਡ ਦੀ ਇਸ ਨਵੀਂ ਪਹਿਲ ਨਾਲ ਹੁਣ ਸਿੱਧੇ ਤੌਰ 'ਤੇ ਵਿਦਿਆਰਥੀਆਂ ਨੂੰ ਲਾਭ ਪਹੁੰਚੇਗਾ ਅਤੇ ਸਕੂਲਾਂ ਦੀ ਭੂਮਿਕਾ ਸਿਰਫ ਇਕ ਸਹੂਲਤ ਦੇਣ ਵਾਲੇ (ਫੈਸਿਲੀਟੇਟਰ) ਦੀ ਰਹਿ ਜਾਵੇਗੀ। ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਡਿਜੀਟਲ ਮਾਡਲ ਨਾਲ ਕਿਤਾਬਾਂ ਦੀ ਕਿੱਲਤ ਖਤਮ ਹੋਵੇਗੀ ਤੇ ਪੂਰੇ ਰਾਜ ਵਿਚ ਕੀਮਤਾਂ ਵਿਚ ਇੱਕਸਾਰਤਾ ਆਵੇਗੀ।

## ਪ੍ਰਧਾਨ ਮੰਤਰੀ ਮੋਦੀ ਨੇ ਦੇਸ਼ ਵਾਸੀਆਂ ਨੂੰ ਰੱਖਿਆ ਸੁਰੱਖਿਅਤ : ਸ਼ਵੇਤ ਮਲਿਕ

ਜਲੰਧਰ 3 ਅਪ੍ਰੈਲ। ਭਾਜਪਾ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਅਤੇ ਸਾਬਕਾ ਮੇਅਰ ਸ਼ਵੇਤ ਮਲਿਕ ਨੇ ਜਲੰਧਰ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ ਦਾ ਗਿਣਵਾਲੀਆਂ, ਉੱਥੇ ਹੀ ਸੂਬਾ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ। ਸ਼ਵੇਤ ਮਲਿਕ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੋਵਿਡ ਮਹਾਮਾਰੀ ਦੌਰਾਨ ਪੀਐਮ ਮੋਦੀ ਨੇ ਦੇਸ਼ ਵਾਸੀਆਂ ਨੂੰ ਸੁਰੱਖਿਅਤ ਰੱਖਿਆ ਅਤੇ ਅੱਜ ਵੀ ਲੋਕਾਂ ਨੂੰ ਮੁਫਤ ਰਾਸ਼ਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨ ਸਨਮਾਨ ਨਿਧੀ ਤਹਿਤ ਕਿਸਾਨਾਂ ਦੇ ਖਾਤਿਆਂ ਵਿੱਚ ਸਾਲਾਨਾ 6 ਹਜ਼ਾਰ ਰੁਪਏ ਪਾਏ ਜਾ ਰਹੇ ਹਨ ਅਤੇ ਮੁਦਰਾ ਬੈਂਕ ਰਾਹੀਂ ਬਿਨਾਂ ਸ਼ਰਤ ਕਰਜ਼ੇ ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਮਹਿਲਾ ਰਾਖਵਾਂਕਰਨ ਬਿੱਲ, ਗਰੀਬਾਂ ਲਈ 4 ਕਰੋੜ ਮਕਾਨ ਅਤੇ ਵਪਾਰੀਆਂ ਨੂੰ ਇਨਕਮ ਟੈਕਸ ਵਿੱਚ ਦਿੱਤੀ ਗਈ ਰਾਹਤ ਦਾ ਵੀ ਜ਼ਿਕਰ ਕੀਤਾ। ਮਲਿਕ ਨੇ ਡਿਸਟ੍ਰਿਕਟ ਮੈਨੇਜਰ ਖੁਦਕੁਸ਼ੀ ਮਾਮਲੇ ਵਿੱਚ ਕਾਂਗਰਸ ਅਤੇ 'ਆਪ' ਨੂੰ ਘੇਰਦਿਆਂ ਕਿਹਾ ਕਿ ਕਾਂਗਰਸ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ 'ਆਪ' ਦੇ ਸਾਂਸਦਾਂ ਨੇ ਇਸ ਮਾਮਲੇ ਦੀ ਸੀਬੀਆਈ (329) ਜਾਂਚ ਲਈ ਗ੍ਰਹਿ ਮੰਤਰੀ ਨੂੰ ਪੱਤਰ ਨਹੀਂ ਲਿਖਿਆ। ਅੰਮ੍ਰਿਤਸਰ ਦੇ ਰਣਜੀਤ ਐਵੇਨਿਊ ਸਥਿਤ ਮੋਹੱਲਾ ਕਲੀਨਿਕ ਬਾਰੇ ਬੋਲਦਿਆਂ ਮਲਿਕ ਨੇ ਕਿਹਾ ਕਿ ਜਿਸ ਥਾਂ ਉਨ੍ਹਾਂ ਨੇ ਖੁਦ ਕੋਵਿਡ ਦੌਰਾਨ ਟੀਕਾਕਰਨ ਕਰਵਾਇਆ ਸੀ, ਉੱਥੇ ਮਾਨ ਸਰਕਾਰ ਨੇ ਸਿਰਫ਼ ਆਪਣਾ ਬੋਰਡ ਲਗਾ ਦਿੱਤਾ ਹੈ।

## ਲੁਧਿਆਣਾ 'ਚ ਡੇਂਗੂ ਦੀ ਦਸਤਕ: ਮੱਛਰਾਂ ਦੀ 'ਗੁਰੀਲਾ ਜੰਗ' ਸਾਹਮਣੇ ਸਿਹਤ ਵਿਭਾਗ ਤੇ ਨਿਗਮ ਦੇ ਹੱਥ ਖਾਲੀ

ਲੁਧਿਆਣਾ 3 ਅਪ੍ਰੈਲ। ਮਹਾਨਗਰ ਵਿੱਚ ਡੇਂਗੂ ਦੇ ਅਚਾਨਕ ਸ਼ੁਰੂ ਪ੍ਰਕੋਪ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਮਾਹਿਰਾਂ ਅਨੁਸਾਰ ਉਮੀਦ ਤੋਂ ਕਿਤੇ ਪਹਿਲਾਂ ਡੇਂਗੂ ਦੇ ਮਾਮਲੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ ਅਤੇ ਹਾਲ ਹੀ ਵਿੱਚ ਹੋਈ ਬਾਰਸ਼ ਇਸ ਖ਼ਤਰੇ ਨੂੰ ਹੋਰ ਵਧਾ ਸਕਦੀ ਹੈ। ਮਾਰਚ ਦੇ ਆਖਰੀ ਹਫ਼ਤੇ ਵਿੱਚ ਡੇਂਗੂ ਦੇ ਕੇਸ ਸਾਹਮਣੇ ਆਉਣ ''ਤੇ ਨਗਰ ਨਿਗਮ ਤੇ ਸਿਹਤ ਵਿਭਾਗ ਫਿਲਹਾਲ ਨਿਹੱਥੇ ਨਜ਼ਰ ਆ ਰਹੇ ਹਨ, ਕਿਉਂਕਿ ਨਾ ਤਾਂ ਅਜੇ ਤੱਕ ਫੌਗਿੰਗ ਦਾ ਸ਼ਡਿਊਲ ਬਣਿਆ ਹੈ ਅਤੇ ਨਾ ਹੀ ਸਪਰੇਅ ਦੇ ਪੁਖ਼ਤਾ ਪ੍ਰਬੰਧ ਸਪੱਸ਼ਟ ਹਨ। ਡੇਂਗੂ ਦੇ ਵਧਦੇ ਪ੍ਰਕੋਪ ਦੌਰਾਨ ਮਰੀਜ਼ਾਂ ਵਿੱਚ ਬੱਚਿਆਂ ਦੀ ਵੱਡੀ ਗਿਣਤੀ ਸਾਹਮਣੇ ਆ ਰਹੀ ਹੈ। ਮਾਹਿਰਾਂ ਨੇ ਕਿਹਾ ਹੈ ਕਿ ਸਾਰੀਆਂ ਮਿਊਂਸਪਲ ਕਮੇਟੀਆਂ ਅਤੇ ਨਿਗਮਾਂ ਨੂੰ ਸਕੂਲਾਂ ਵਿੱਚ ਫੌਗਿੰਗ ਤੇ ਮੱਛਰ ਮਾਰਨ ਵਾਲੀ ਦਵਾਈ ਦੇ ਛਿੜਕਾਅ ਲਈ ਤੁਰੰਤ ਨਿਰਦੇਸ਼ ਜਾਰੀ ਕੀਤੇ ਜਾਣੇ ਚਾਹੀਦੇ ਹਨ। ਇਸ ਤੋਂ ਇਲਾਵਾ, ਸਕੂਲ ਸਿੱਖਿਆ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਨੂੰ ਪੂਰੀ ਵਰਦੀ ਪਹਿਨ ਕੇ ਆਉਣ ਲਈ ਕਹਿਣ ਤਾਂ ਜੋ ਸਰੀਰ ਪੂਰੀ ਤਰ੍ਹਾਂ ਢੱਕਿਆ ਰਹੇ। ਡਰੈੱਸ ਕੋਡ ਕਾਰਨ ਕਈ ਸਕੂਲ ਇਨ੍ਹਾਂ ਬਚਾਅ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ, ਜੋ ਕਿ ਖ਼ਤਰਨਾਕ ਸਾਬਤ ਹੋ ਸਕਦਾ ਹੈ। ਸਿੱਖਿਆ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਨਿੱਜੀ ਸਕੂਲਾਂ ਨੂੰ ਫੌਗਿੰਗ ਕਰਵਾਉਣ ਲਈ ਕਹਿਣ। ਸਕੂਲ ਆਪਣੀਆਂ ਮਸ਼ੀਨਾਂ ਖਰੀਦਣ ਜਾਂ ਕਿਰਾਏ 'ਤੇ ਲੈ ਕੇ ਇਹ ਕੰਮ ਪੂਰਾ ਕਰਨ। ਇਸ ਦੇ ਨਾਲ ਹੀ ਸਿਵਲ ਸਰਜਨਾਂ ਨੂੰ ਪੰਚਾਇਤੀ ਅਤੇ ਪੇਂਡੂ ਵਿਕਾਸ ਵਿਭਾਗ ਨਾਲ ਤਾਲਮੇਲ ਕਰਕੇ ਸਰਵੇ ਕਰਨ ਅਤੇ ਲਾਰਵਾ ਮਿਲਣ ''ਤੇ ਸਪਰੇਅ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮਾਪਿਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਬੱਚਿਆਂ ਨੂੰ ਬਾਹਰ ਭੇਜਣ ਵੇਲੇ ਮੱਛਰ ਭਜਾਉਣ ਵਾਲੀ ਕਰੀਮ ਜ਼ਰੂਰ ਲਗਾਉਣ। ਮਾਹਿਰਾਂ ਅਨੁਸਾਰ ਡੇਂਗੂ ਦਾ ਮੱਛਰ ਸਵੇਰੇ ਅਤੇ ਸ਼ਾਮ ਵੇਲੇ ਵਧੇਰੇ ਸਰਗਰਮ ਹੁੰਦਾ ਹੈ। ਇਸ ਲਈ ਇਨ੍ਹਾਂ ਸਮਿਆਂ 'ਤੇ ਵਿਸ਼ੇਸ਼ ਸਾਵਧਾਨੀ ਵਰਤੀ ਜਾਵੇ, ਘਰ ਦੀਆਂ ਛੱਤਾਂ ਜਾਂ ਆਲੇ-ਦੁਆਲੇ ਪਾਣੀ ਜਮ?ਹਾ ਨਾ ਹੋਣ ਦਿਓ।

## ਹਿਮਾਚਲ ਦੀਆਂ ਗੱਡੀਆਂ 'ਤੇ ਵੀ ਲਗਾਇਆ ਜਾਵੇ ਐਂਟਰੀ ਟੈਕਸ : ਗੇਰਾ

**ਏਜੰਸੀਆਂ**

ਹਾਜੀਪੁਰ 3 ਅਪ੍ਰੈਲ। ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ 3 ਅਪ੍ਰੈਲ ਤੋਂ ਐਂਟਰੀ ਫੀਸਾਂ ਵਿਚ ਕੀਤੇ ਜਾ ਰਹੇ ਭਾਰੀ ਵਾਧੇ ਨੂੰ ਲੈ ਕੇ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ । ਇਸ ਮੁੱਦੇ 'ਤੇ ਹੁਣ ਲੋਕਾਂ ਦਾ ਗੁੱਸਾ ਹਿਮਾਚਲ ਸਰਕਾਰ ਦੇ ਨਾਲ-




ਨਾਲ ਸੂਬਾ ਸਰਕਾਰ ਖਿਲਾਫ ਵੀ ਫੁੱਟਣਾ ਸ਼ੁਰੂ ਹੋ ਗਿਆ ਹੈ। ਗੁਰੂ ਨਾਨਕ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਅਤੇ ਸ਼?ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਕਿਰਪਾਲ ਸਿੰਘ ਗੇਰਾ, ਟਕਸਾਲੀ ਆਗੂ ਲਖਵਿੰਦਰ ਸਿੰਘ ਟਿੰਮੀ ਅਤੇ ਸਰਕਲ ਪ੍ਰਧਾਨ ਗੁਰਦਿਆਲ ਸਿੰਘ ਉਲਾਹਾ ਨੇ ਸਾਂਝੇ ਤੌਰ 'ਤੇ ਸਰਕਾਰ ਪ੍ਰਤੀ ਆਪਣੀ ਨਾਰਾਜ਼ਗੀ ਜ਼ਾਹਿਰ ਕਰਦਿਆਂ ਮੰਗ ਕੀਤੀ ਕਿ ਜੇਕਰ ਹਿਮਾਚਲ ਸਰਕਾਰ ਨੇ ਵਧਾਈਆਂ ਹੋਈਆਂ ਐਂਟਰੀ ਫੀਸਾਂ ਤੁਰੰਤ ਵਾਪਸ ਨਾ ਲਈਆਂ ਤਾਂ ਪੰਜਾਬ ਸਰਕਾਰ ਨੂੰ ਵੀ ਬਿਨਾਂ ਦੇਰੀ ਕੀਤੇ ਪੰਜਾਬ ਵਿਚ ਦਾਖਲ ਹੋਣ ਵਾਲੀਆਂ ਹਿਮਾਚਲ ਦੀਆਂ ਸਾਰੀਆਂ ਗੱਡੀਆਂ 'ਤੇ ਐਂਟਰੀ ਟੈਕਸ ਲਗਾਉਣਾ ਚਾਹੀਦਾ ਹੈ। ਕਿਰਪਾਲ ਸਿੰਘ ਗੇਰਾ ਨੇ ਤਿੱਖੇ ਸ਼ਬਦਾਂ ਵਿਚ ਕਿਹਾ ਕਿ ਜੇਕਰ ਪੰਜਾਬ ਦਾ ਕੋਈ ਵਸਨੀਕ ਹਿਮਾਚਲ ਪ੍ਰਦੇਸ਼ ਵਿਚ ਸਰਕਾਰੀ ਨੌਕਰੀ ਨਹੀਂ ਕਰ ਸਕਦਾ ਤਾਂ ਪੰਜਾਬ ਸਰਕਾਰ ਨੂੰ ਵੀ ਹਿਮਾਚਲ ਦੇ ਲੋਕਾਂ ਦੇ ਪੰਜਾਬ ਵਿਚ ਨੌਕਰੀ ਲੈਣ 'ਤੇ ਤੁਰੰਤ ਪਾਬੰਦੀ ਲਗਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਸਰਕਾਰ ਸ਼ਾਇਦ ਪਿਆਰ ਦੀ ਭਾਸ਼ਾ ਨਹੀਂ ਸਮਝ ਰਹੀ, ਇਸ ਲਈ ਹੁਣ ਉਸ ਨੂੰ ਉਸੇ ਦੀ ਭਾਸ਼ਾ ਵਿਚ ਜਵਾਬ ਦੇਣ ਦਾ ਵਕਤ ਆ ਗਿਆ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਹਿਮਾਚਲ ਦੀਆਂ ਗੱਡੀਆਂ 'ਤੇ ਟੈਕਸ ਲਗਾਉਣ ਦਾ ਫੈਸਲਾ ਤੁਰੰਤ ਲਵੇ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਰਕਾਰ ਨੂੰ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨ ਪਵੇਗਾ। ਆਗੂਆਂ ਨੇ ਸਪੱਸ਼ਟ ਕੀਤਾ ਕਿ ਇਹ ਸੰਘਰਸ਼ ਹੁਣ ਹਿਮਾਚਲ ਸਰਕਾਰ ਦੇ ਫੈਸਲੇ ਵਿਰੁੱਧ ਨਹੀਂ, ਸਗੋਂ ਪੰਜਾਬ ਸਰਕਾਰ ਨੂੰ ਜਗਾਉਣ ਲਈ ਹੋਵੇਗਾ ਤਾਂ ਜੋ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

# ਕੇਂਦਰ ਦੀਆਂ ਯੋਜਨਾਵਾਂ ਨੂੰ ਘਰ-ਘਰ ਤਕ ਪਹੁੰਚਾਇਆ ਜਾਵੇਗਾ: ਤਿਕਸ਼ਣ ਸੂਦ

**ਕੌਮੀ ਪਤ੍ਰਿਕਾ**

ਕਪੂਰਥਲਾ 3 ਅਪ੍ਰੈਲ। ਭਾਜਪਾ ਦੇ ਪੰਜਾਬ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਦਿਸ਼ਾ ਨਿਰਦੇਸ਼ ਦੇ ਤਹਿਤ ਭਾਜਪਾ ਕਪੂਰਥਲਾ ਨੇ ਪੰਡਿਤ ਦੀਨਦਿਆਲ ਉਪਾਧਿਆਏ ਸਿਖਲਾਈ ਮਹਾ ਅਭਿਆਨ 2026 ਦੇ ਹਿੱਸੇ ਵਜੋਂ ਭਾਜਪਾ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ ਦੀ ਅਗਵਾਈ ਹੇਠ ਵਿਰਾਸਤੀ ਸ਼ਹਿਰ ਮੰਡਲ ਇਕ ਦੇ ਖੋਜੇਵਾਲ ਸਕੂਲ ਇਬਨ ਗੇਟ ਵਿਖੇ ਇੱਕ ਸਿਖਲਾਈ ਪ੍ਰੋਗਰਾਮ ਦਾ ਆਯੋਜਨ ਕੀਤਾ। ਪ੍ਰੋਗਰਾਮ ਵਿਚ ਸਾਬਕਾ ਕੈਬਨਿਟ ਮੰਤਰੀ  ਤਿਕਸ਼ਣ ਸੂਦ ਅਤੇ ਕਈ ਹੋਰ ਪ੍ਰਮੁੱਖ ਬੁਲਾਰੇ ਮੌਜੂਦ ਸਨ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ  ਤਿਕਸ਼ਣ ਸੂਦ, ਭਾਜਪਾ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ, ਸੂਬਾ ਭਾਜਪਾ ਆਗੂ ਯਗਦੱਤ ਐਰੀ, ਪ੍ਰੋਫੈਸਰ ਅਨੁਰਾਗ ਸ਼ਰਮਾ, ਜ਼ਿਲਾ ਜਨਰਲ ਸਕੱਤਰ ਕਪੂਰਚੰਦ ਥਾਪਰ ਅਤੇ ਜ਼ਿਲਾ ਜਨਰਲ ਸਕੱਤਰ ਐਡਵੋਕੇਟ ਹੈਰੀ ਸ਼ਰਮਾ ਨੇ ਪੰਡਿਤ ਦੀਨਦਿਆਲ ਉਪਾਧਿਆਏ ਅਤੇ ਸ਼ਿਆਮਾ ਪ੍ਰਸਾਦ ਮੁਖਰਜੀ ਦੀਆਂ ਤਸਵੀਰਾਂ 'ਤੇ ਹਾਰ ਪਾ ਕੇ ਅਤੇ ਦੀਪਕ ਜਗਾ ਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਭਾਜਪਾ ਅਧਿਕਾਰੀਆਂ, ਵਰਕਰਾਂ ਅਤੇ ਆਮ ਜਨਤਾ ਨੂੰ ਸੰਬੋਧਨ ਕਰਦਿਆਂ ਸਾਬਕਾ ਕੈਬਨਿਟ ਮੰਤਰੀ  ਤਿਕਸ਼ਣ ਸੂਦ ਨੇ ਸੰਗਠਨ ਦੀ ਵਿਚਾਰਧਾਰਾ, ਕਾਰਜਪ੍ਰਣਾਲੀ ਅਤੇ ਜਨਸੰਪਰਕ ਬਾਰੇ ਗੱਲ ਕੀਤੀ ਤੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕੇਂਦਰ ਯੋਜਨਾਵਾਂ ਨੂੰ ਘਰ-ਘਰ ਤਕ ਪਹੁੰਚਾਇਆ




ਜਾਵੇਗਾ। ਤ੍ਰਿਕਸਿਨ ਸੂਦ ਨੇ ਕਿਹਾ ਕਿ ਪਾਰਟੀ ਦਾ ਉਦੇਸ਼ ਵਰਕਰਾਂ ਨੂੰ ਵਿਚਾਰਧਾਰਕ ਤੌਰ 'ਤੇ ਮਜ਼ਬੂਤ ??ਕਰਨਾ ਅਤੇ ਉਨ੍ਹਾਂ ਨੂੰ ਸਮਾਜ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਕਰਨਾ ਹੈ। ਸਿਖਲਾਈ ਦੌਰਾਨ ਵਰਕਰਾਂ ਨੂੰ ਸੰਗਠਨ ਦੇ ਇਤਿਹਾਸ, ਵਿਚਾਰਧਾਰਾ, ਵਿਕਾਸ ਕਾਰਜਾਂ ਅਤੇ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਵੀ ਦੱਸਿਆ ਗਿਆ। ਸਿਖਲਾਈ ਸੈਸ਼ਨ ਦੌਰਾਨ ਹੋਰ ਬੁਲਾਰਿਆਂ ਯੱਗਦੱਤ ਐਰੀ, ਪ੍ਰੋਫੈਸਰ ਅਨੁਰਾਗ ਸ਼ਰਮਾ, ਜ਼ਿਲ੍ਹਾ ਜਨਰਲ ਸਕੱਤਰ ਕਪੂਰਚੰਦ ਥਾਪਰ, ਜ਼ਿਲਾ ਜਨਰਲ ਸਕੱਤਰ ਐਡਵੋਕੇਟ ਹੈਰੀ ਸ਼ਰਮਾ, ਮਹਿੰਦਰ ਸਿੰਘ ਬਲੇਰ ਨੇ ਜ਼ੋਰ ਦੇ ਕੇ ਕਿਹਾ ਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਰਾਹੀਂ ਹੀ ਸਰਕਾਰੀ ਯੋਜਨਾਵਾਂ ਨੂੰ ਆਮ ਲੋਕਾਂ ਤੱਕ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ। ਉਨ੍ਹਾਂ ਵਰਕਰਾਂ ਨੂੰ ਸਮਾਜ ਦੇ ਆਖਰੀਵਿਅਕਤੀ ਤੱਕ ਪਹੁੰਚ ਕਰਕੇ ਸੇਵਾ ਅਤੇ ਵਿਕਾਸ ਦੇ ਕੰਮ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ। ਇਸ ਮੌਕੇ ਮੱਸਾ ਸਿੰਘ, ਸਰਬਜੀਤ ਸਿੰਘ ਦਿਓਲ, ਰਾਜ ਕੁਮਾਰ, ਧਰਮਵੀਰ ਪਵਾਰ, ਬਲਵੰਤ ਸਿੰਘ ਬੂਟਾ, ਸੁਰਜੀਤ ਸਿੰਘ, ਸੰਨੀ ਬੈਂਸ, ਅਮਰਨਾਥ, ਰਵਿੰਦਰ ਸ਼ਰਮਾ, ਲੱਕੀ ਸਰਪੰਚ, ਰੋਸ਼ਨ ਲਾਲ ਸੱਭਰਵਾਲ, ਵਿੱਕੀ ਗੁਜਰਾਲ, ਮਧੂ ਸੂਦ, ਅਸ਼ੋਕ ਮਾਹਲਾ, ਲੰਬੜਦਾਰ ਤੀਰਥ ਸਿੰਘ, ਰਾਣਾ ਰਣਜੀਤ ਸਿੰਘ, ਨਰੇਸ਼ ਮਹਾਜਨ, ਸੋਨੂੰ ਔਜਲਾ, ਅਸ਼ੀਸ਼ ਮਹਿਤਾ, ਰਾਜਨ ਠੀਗੀ, ਮਾਨਿਕ ਗਰੋਵਰ, ਜੈ ਮਿਸ਼ਰਾ, ਅਸ਼ਵਨੀ ਤੁਲੀ, ਚਰਨ ਕਮਲ ਸਿੰਘ ਦਿਓਲ, ਮਨਰਾਜ ਸਿੰਘ ਦਿਓਲ ਸਮੇਤ ਕਈ ਅਹੁਦੇਦਾਰ ਅਤੇ ਵਰਕਰ ਮੌਜੂਦ ਸਨ।